
ISSN 2394-8507
ਭੇਟਾ : ₹ ੫/-

ਮਾਸਿਕ

# ਗੁਰਮਤਿ ਪ੍ਰਕਾਸ਼

ਜਿਲਦ : ੬੯ ਹਾੜ-ਸਾਵਣ ਸੰਮਤ ਨਾਨਕਸ਼ਾਹੀ ੫੫੭ ਜੁਲਾਈ ੨੦੨੫ ਅੰਕ : ੪
Vol. : 69 July 2025 Issue : 4



# ਦਾਖ਼ਲਾ ਸੂਚਨਾ

## ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ
## ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ

ਬਹਾਦਰਗੜ੍ਹ (ਪਟਿਆਲਾ)

**ਨਵੇਂ ਦਾਖ਼ਲੇ ਲਈ ਰਜਿਸਟ੍ਰੇਸ਼ਨ ਸ਼ੁਰੂ**




## ਬੈਚੁਲਰ ਆਫ਼ ਮੈਨਜਮੈਂਟ ਸਟੱਡੀਜ਼ (ਗੁਰਦੁਆਰਾ ਮੈਨੇਜਮੈਂਟ)
## BACHELOR OF MANAGEMENT STUDIES (GURDWARA MANAGEMENT)

(ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ)



ਤਿੰਨ ਸਾਲਾ ਡਿਗਰੀ ਕੋਰਸ



### ਯੋਗਤਾ ਅਤੇ ਫੀਸ

- ਵਿੱਦਿਅਕ ਯੋਗਤਾ +2 (ਕੋਈ ਵੀ ਗਰੁੱਪ) ਹੋਵੇ ਅਤੇ ਗੁਰਸਿੱਖ ਹੋਣਾ ਚਾਹੀਦਾ ਹੈ।
- ਬਾਰ੍ਹਵੀਂ ਦੇ ਨਤੀਜੇ ਲਈ ਉਡੀਕਵਾਨ ਉਮੀਦਵਾਰ ਵੀ ਅਪਲਾਈ ਕਰ ਸਕਦੇ ਹਨ।
- ਉਮੀਦਵਾਰ ਦੀ ਉਮਰ ਦੀ ਹੱਦ ਵੱਧ ਤੋਂ ਵੱਧ 22 ਸਾਲ।
- ਸਾਲਾਨਾ ਫੀਸ ਕੇਵਲ 5000/- ਰੁਪਏ।

### ਸਹੂਲਤਾਂ

- ਰਿਹਾਇਸ਼ ਲਈ ਫ਼ਰੀ ਹੋਸਟਲ ਤੋਂ ਇਲਾਵਾ ਹਰਿਆ-ਭਰਿਆ ਚੌਗਿਰਦਾ, ਸੁੰਦਰ ਪਾਰਕ, ਖੇਡਾਂ ਅਤੇ ਲਾਇਬ੍ਰੇਰੀ ਦੀ ਸਹੂਲਤ।
- ਉੱਚ ਯੋਗਤਾ ਵਾਲਾ ਸਟਾਫ, ਸਮਾਰਟ ਕਲਾਸ-ਰੂਮ ਅਤੇ ਕੰਪਿਊਟਰ ਲੈਬ ਦੀ ਸਹੂਲਤ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰਿਆਂ ਵਿਚ ਨੌਕਰੀ ਵਕਤ ਪਹਿਲ।
- ਧਰਮ ਪ੍ਰਚਾਰ ਕਮੇਟੀ ਵੱਲੋਂ ਖਾਣੇ (ਲੰਗਰ) ਆਦਿ ਦੇ ਖਰਚ ਲਈ 1500/- ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ।

### ਉੱਚ ਸਿੱਖਿਆ ਤੇ ਰੁਜ਼ਗਾਰ ਸੰਭਾਵਨਾਵਾਂ

- ਯੂਨੀਵਰਸਿਟੀ ਨਿਯਮਾਂ ਅਨੁਸਾਰ ਐਮ.ਬੀ.ਏ, ਐਮ.ਕਾਮ ਤੋਂ ਇਲਾਵਾ ਧਰਮ, ਇਤਿਹਾਸ ਆਦਿ ਵਿਸ਼ਿਆਂ ਵਿਚ ਐਮ.ਏ. ਜਾਂ ਪੋਸਟ ਗਰੈਜੂਏਟ ਡਿਪਲੋਮਾ ਕਰ ਸਕਦੇ ਹਨ।
- ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਵਿਚ ਗਰੈਜੂਏਸ਼ਨ ਪੱਧਰ ਦੀਆਂ ਅਸਾਮੀਆਂ ਲਈ ਯੋਗ।
- ਗੁਰਦੁਆਰਾ ਪ੍ਰਬੰਧ ਤੋਂ ਇਲਾਵਾ ਹੋਰ ਸਮਾਜਸੇਵੀ ਅਤੇ ਪ੍ਰਬੰਧਕੀ ਅਦਾਰਿਆਂ ਵਿਚ ਸੇਵਾਵਾਂ ਕਰਨ ਦੇ ਸਮਰੱਥ ਹੋਣਗੇ।
- ਦੇਸ਼-ਵਿਦੇਸ਼ ਵਿਚ ਗੁਰਦੁਆਰਾ ਸਾਹਿਬਾਨ ਵਿਚ ਸੇਵਾਵਾਂ ਦੇਣ ਦੇ ਯੋਗ ਹੋਣਗੇ।

ਦਾਖਲੇ ਅਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :
**97810-10888, 90416-20861, 75270-56756**
E-mail: tohrainstitute@gmail.com
Visit us: www.sggswu.edu.in

**1500/- ਰੁਪਏ ਪ੍ਰਤੀ ਮਹੀਨਾ ਵਜ਼ੀਫੇ ਦੀ ਸਹੂਲਤ**



ਸਕੱਤਰ, ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਹਰਜਿੰਦਰ ਸਿੰਘ ਐਡਵੋਕੇਟ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

੧ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਹਾੜ-ਸਾਵਣ, ਸੰਮਤ ਨਾਨਕਸ਼ਾਹੀ ੫੫੭ ਜੁਲਾਈ 2025

**ਜਿਲਦ ੬੯ (Vol. 69)** **ਅੰਕ ੦੪ (Issue 04)**

*ਸੰਪਾਦਕ*

**ਸਤਵਿੰਦਰ ਸਿੰਘ**

*ਸਹਾਇਕ ਸੰਪਾਦਕ*

**ਬਿਕਰਮਜੀਤ ਸਿੰਘ**


## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ


ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

**ਫੋਨ: 0183-2553956-59 ਐਕਸ 304 ਫੈਕਸ: 0183-2553919**

website : www.sgpc.net
e-mail :gurmatparkashmonthly@gmail.com,
gyan_gurmat@yahoo.com


**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**


Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਹਰਿਕ੍ਰਿਸ਼ਨ ਧਿਆਈਐ ... | -ਡਾ. ਕੁਲਦੀਪ ਕੌਰ | ੮ |
| ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮ ਪਦ | -ਡਾ. ਕਿਰਨਦੀਪ ਕੌਰ | ੧੧ |
| ਪਹਿਲਾ ਸਿੱਖ ਹੁਕਮਰਾਨ: ਬਾਬਾ ਬੰਦਾ ਸਿੰਘ ਬਹਾਦਰ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੧੯ |
| ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚਲੇ ਮਹਾਨ ੨੪ ਫਲ ਅਤੇ ੮ ਬਖਸ਼ਿਸ਼ਾਂ | -ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ | ੨੯ |
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼... | -ਡਾ. ਰਜਿੰਦਰ ਕੌਰ | ੩੪ |
| ਜੁਲਾਈ ਅਤੇ ਅਗਸਤ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੩੯ |
| ਗੁਰਬਾਣੀ ਕਥਾ: ਇਕ ਅਧਿਐਨ | -ਡਾ. ਤੇਜਿੰਦਰ ਪਾਲ ਸਿੰਘ | ੪੦ |
| ਮੀਰੀ ਅਤੇ ਪੀਰੀ | -ਬਿਕਰਮਜੀਤ ਸਿੰਘ ਜੀਤ | ੪੪ |
| ਸਿੱਖ ਧਰਮਸਾਲ: ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ | -ਡਾ. ਅਮਨ ਸਿੰਘ ਕਤਲੌਰ | ੪੬ |
| ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਦਾ ਇਤਿਹਾਸ | -ਸ. ਅਜ਼ਾਦ ਦੀਪ ਸਿੰਘ | ੫੩ |
| "ਅੱਖਰਾਂ ਵਿੱਚੋਂ" (ਕਵਿਤਾ) | -ਭਾਈ ਹਰਪ੍ਰੀਤ ਸਿੰਘ | ੫੬ |
| ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ | -ਡਾ. ਸ਼ਿਆਮ ਸੁੰਦਰ ਦੀਪਤੀ | ੫੭ |
| ...ਮਾਸਿਕ ਪੱਤਰ: ਗੁਰਦੁਆਰਾ ਗਜ਼ਟ ਦਾ ਇਤਿਹਾਸ | -ਡਾ. ਰਣਜੀਤ ਕੌਰ ਪੰਨਵਾਂ | ੫੯ |
| ਹੱਥ-ਲਿਖਤ ਜਨਮ ਸਾਖੀ ਖਰੜਿਆਂ ਦੀ ਚਿਤਰਨ ਪਰੰਪਰਾ | -ਡਾ. ਜਸਵਿੰਦਰ ਸਿੰਘ | ੬੬ |
| ਪੰਜ ਕਕਾਰ | -ਭਾਈ ਪਰਦੀਪ ਸਿੰਘ | ੭੪ |
| ਬੱਚਿਆਂ ਦਾ ਕਾਲਮ (ਅਮਲ ਕਰਨਾ ਜ਼ਰੂਰੀ ਹੈ) | -ਸ. ਸੁਖਦੇਵ ਸਿੰਘ ਸ਼ਾਂਤ | ੭੯ |
| ਜੁਲਾਈ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ | -ਡਾ. ਗੁਰਪ੍ਰੀਤ ਸਿੰਘ | ੮੦ |
| ਬਿਨੁ ਹਰਿ ਭਜਨ ਨਾਹੀ ਛੁਟਕਾਰਾ | -ਸ. ਤੀਰਥ ਸਿੰਘ ਢਿੱਲਵਾਂ | ੮੪ |
| ਰਾਗੁ ਬਿਹਾਗੜਾ | -ਮਾ. ਬਲਬੀਰ ਸਿੰਘ ਹੰਸਪਾਲ | ੮੭ |
| ਮਤੇ | | ੯੦ |
| ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ (ਕਵਿਤਾ) | -ਭਾਈ ਅੰਮ੍ਰਿਤਪਾਲ ਸਿੰਘ ਸਰਲੀ | ੯੩ |
| ਖ਼ਬਰਨਾਮਾ | | ੯੪ |

# ਗੁਰਬਾਣੀ ਵਿਚਾਰ

*ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ॥*
*ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮੁ ਅਧਾਰੁ॥*
*ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰੁ॥*
*ਹਰਿ ਅੰਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੂ ਪੀਵਣਹਾਰੁ॥*
*ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ॥*
*ਹਰਿ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ॥*
*ਜਿਨੀ ਸਖੀਏ ਪ੍ਰਭੁ ਪਾਇਆ ਹੰਉ ਤਿਨ ਕੈ ਸਦ ਬਲਿਹਾਰ॥*
*ਨਾਨਕ ਹਰਿ ਜੀ ਮਇਆ ਕਰਿ ਸਬਦਿ ਸਵਾਰਣਹਾਰੁ॥*
*ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ॥੬॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ ਸਾਉਣ ਮਹੀਨੇ ਦੀ ਵਰਖਾ ਰੁੱਤ ਤੇ ਇਸ ਨਾਲ ਸੰਬੰਧਿਤ ਬਿੰਬਾਵਲੀ ਰਾਹੀਂ ਜੀਵ ਦੇ ਪਰਮਾਤਮਾ ਰੂਪੀ ਪਤੀ ਨਾਲ ਸਦੀਵੀ ਮਿਲਾਪ ਕਰਨ ਦਾ ਗੁਰਮਤਿ ਗਾਡੀ ਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਸਾਉਣ ਮਹੀਨੇ ਦੀ ਰੁੱਤ ਇੰਨੀ ਰਸ ਵਾਲੀ ਤੇ ਹਰੀ-ਭਰੀ ਹੈ ਕਿ ਇਸ ਵਿਚ ਜੀਵ-ਇਸਤਰੀ ਦਾ ਪਤੀ-ਪਰਮਾਤਮਾ ਨਾਲ ਸਹਿਜੇ ਹੀ ਪਿਆਰ ਬਣ ਜਾਂਦਾ ਹੈ। ਇਸ ਵਿਚ ਉਸ ਦਾ ਮਨ ਅਤੇ ਸਰੀਰ ਭਾਵ ਉਸ ਦਾ ਸਮੁੱਚਾ ਆਪਾ ਪਰਮਾਤਮਾ ਦੇ ਸੱਚੇ ਰੰਗ ਵਿਚ ਰੰਗੀਜ ਕੇ ਉਸ ਦੇ ਸਦੀਵੀ ਜੀਵਨ ਪ੍ਰਦਾਨ ਕਰਨ ਵਾਲੇ ਨਾਮ ਨੂੰ ਆਪਣਾ ਇੱਕੋ-ਇੱਕ ਆਸਰਾ ਬਣਾ ਲੈਂਦਾ ਹੈ। ਜੀਵ-ਇਸਤਰੀ ਨੂੰ ਨਿਰੋਲ ਸੰਸਾਰਿਕਤਾ ਝੂਠੀ ਮਹਿਸੂਸ ਹੋਣ ਲੱਗਦੀ ਹੈ ਤੇ ਇਸ ਸੰਸਾਰ ਦੇ ਮਨ ਨੂੰ ਮੋਹ ਲੈਣ ਵਾਲੇ ਪਦਾਰਥ ਤੇ ਧਨ-ਦੌਲਤ ਆਦਿ ਕਿਸੇ ਕੰਮ ਨਾ ਆ ਸਕਣ ਵਾਲੇ ਦਿੱਸਣ ਲੱਗਦੇ ਹਨ। ਉਸ ਨੂੰ ਇਹ ਮਹਿਸੂਸ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਸੱਚੇ ਨਾਮ ਦਾ ਤੁਪਕਾ ਹੀ ਸੱਚੇ ਗੁਰੂ ਨੂੰ ਮਿਲ ਕੇ ਪੀਣ ਦੇ ਯੋਗ ਹੈ। ਉਸ ਨੂੰ ਇਹ ਅਨੁਭੂਤੀ ਵੀ ਹੋ ਜਾਂਦੀ ਹੈ ਕਿ ਸਾਰੀ ਬਨਸਪਤੀ ਮਾਲਕ ਪਰਮਾਤਮਾ ਨਾਲ ਜੁੜ ਕੇ ਹੀ ਵਿਗਸਦੀ-ਮਹਿਕਦੀ ਹੈ, ਇਹ ਅਸੀਮ ਸਮਰੱਥਾ ਉਸ ਅਕਾਲ ਪੁਰਖ ਦੀ ਹੀ ਹੈ। ਸਾਉਣ ਦੀ ਸੁਹਾਵਣੀ ਰੁੱਤ ਵਿਚ ਜੀਵ-ਇਸਤਰੀ ਦਾ ਮਨ ਤਾਂ ਮਾਲਕ ਨੂੰ ਮਿਲਣ ਵਾਸਤੇ ਤਾਂਘ ਰੱਖਦਾ ਹੈ ਐਪਰ ਆਪਣੀ ਮਿਹਰ ਕਰ ਕੇ ਆਪਣੇ ਨਾਲ ਮਿਲਾਉਣ ਵਾਲਾ ਉਹ ਮਾਲਕ ਆਪ ਹੀ ਹੈ। ਮੈਂ ਜੀਵ-ਇਸਤਰੀ ਆਪਣੀਆਂ ਉਨ੍ਹਾਂ ਸਹੇਲੀਆਂ ਤੋਂ ਵਾਰੇ-ਬਲਿਹਾਰੇ ਜਾਂਦੀ ਹਾਂ ਜਿਨ੍ਹਾਂ ਸਾਉਣ ਦੀ ਸੁਹਾਵਣੀ ਬਹਾਰ ਦਾ ਲਾਹਾ ਲੈਂਦਿਆਂ ਮਾਲਕ ਨੂੰ ਹਾਸਲ ਕਰ ਲਿਆ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ ਕਿ ਮਿਲਾਪ ਦੀ ਤਾਂਘ ਰੱਖਣ ਵਾਲੀ ਜੀਵ-ਇਸਤਰੀ ਬੇਨਤੀ ਜੋਦੜੀ ਕਰਦੀ ਹੈ ਕਿ ਹੇ ਨਾਨਕ ! ਕਿਰਪਾ ਬਖ਼ਸ਼ਿਸ਼ ਕਰੋ, ਮੈਨੂੰ ਗੁਰ-ਸ਼ਬਦ ਦੁਆਰਾ ਸੁਆਰ ਲਵੋ ਕਿਉਂਕਿ ਇਕ ਗੁਰੂ-ਸ਼ਬਦ ਹੀ ਹੈ ਜੋ ਜਗਿਆਸੂ ਨੂੰ ਸੁਆਰਨ ਵਾਲਾ ਹੈ। ਜਿਨ੍ਹਾਂ ਜੀਵ-ਇਸਤਰੀਆਂ ਨੇ ਆਪਣੇ ਹਿਰਦੇ ਰੂਪੀ ਗਲ਼ ਵਿਚ ਮਾਲਕ ਪਰਮਾਤਮਾਦੀ ਯਾਦ ਰੂਪੀ ਸੱਚੇ ਨਾਮ ਦਾ ਹਾਰ ਪਹਿਨ ਲਿਆ ਹੈ, ਸਾਉਣ ਦਾ ਮਹੀਨਾ ਸਹੀ ਅਰਥਾਂ ਵਿਚ ਉਨ੍ਹਾਂ ਦੀ ਮਾਲਕ ਨਾਲ ਇਕਮਿਕਤਾ ਬਣਾਉਣ 'ਚ ਸਹਾਈ ਹੁੰਦਾ ਹੈ।

ਸੰਪਾਦਕੀ...

# ਮੀਰੀ ਪੀਰੀ ਦਾ ਅਕੱਟ ਸਿਧਾਂਤ

*ਗੁਰ-ਇਤਿਹਾਸ ਬੇਮਿਸਾਲ ਹੈ। ਸਿੱਖ ਗੁਰੂ ਸਾਹਿਬਾਨ ਨੇ ਅਦੁੱਤੀ ਘਾਲਨਾਵਾਂ ਘਾਲ ਕੇ ਸ਼ੁੱਧ ਰੂਹਾਨੀਅਤ, ਸੱਚੀਆਂ-ਸੁੱਚੀਆਂ ਨੈਤਿਕ ਤੇ ਸਦਾਚਾਰਕ ਕਦਰਾਂ-ਕੀਮਤਾਂ ਅਤੇ ਸਾਰੀ ਮਨੁੱਖਤਾ ਵਾਸਤੇ ਅਪਣਾਉਣਯੋਗ ਕਲਿਆਣਕਾਰੀ ਨਿਰਮਲ ਧਰਮ ਸਿੱਖ ਧਰਮ ਨੂੰ ਹੋਂਦ ਵਿਚ ਲਿਆਂਦਾ। ਹਰੇਕ ਗੁਰੂ ਪਾਤਸ਼ਾਹ ਨੇ ਆਪਣੇ-ਆਪਣੇ ਗੁਰਿਆਈ ਕਾਲ ਵਿਚ ਆਪਣੇ ਨਾਮ-ਲੇਵਾ ਸਿੱਖਾਂ ਨੂੰ ਵਕਤ ਦੀ ਜ਼ਰੂਰਤ ਅਨੁਸਾਰ ਤਤਕਾਲੀ ਅਨਿਆਂ ਤੇ ਜ਼ੁਲਮ ਦਾ ਮੂੰਹ ਮੋੜਨ ਵਾਸਤੇ ਸ਼ਕਤੀ ਤੇ ਸਮਰੱਥਾ ਵੀ ਪ੍ਰਦਾਨ ਕੀਤੀ।*

*ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਿਆਈ-ਆਸੀਨ ਹੋਣ ਸਮੇਂ ਕਿਉਂਕਿ ਤਤਕਾਲੀ ਹਾਲਾਤ ਕਾਫੀ ਨਾਜ਼ੁਕ ਮੋੜ 'ਤੇ ਪੁੱਜ ਚੁੱਕੇ ਸਨ ਇਸ ਕਰਕੇ ਗੁਰੂ ਜੀ ਨੂੰ ਆਪਣੇ ਨਾਮ-ਲੇਵਾ ਸਿੱਖਾਂ ਨੂੰ ਸ਼ਸਤਰਬਧ ਹੋਣ ਦੇ ਰਾਹ 'ਤੇ ਤੋਰਨਾ ਪਿਆ। ਛੇਵੇਂ ਪਾਤਸ਼ਾਹ ਦਾ ਅਜਿਹਾ ਕਰਨਾ ਮਹਿਜ਼ ਸ਼ੌਂਕ ਨਹੀਂ ਸੀ, ਜਿਹਾ ਕਿ ਕੁਝ ਇਕ ਇਤਿਹਾਸਕਾਰਾਂ ਨੇ ਸਮਝਣ ਦਾ ਭੁਲੇਖਾ ਖਾਧਾ ਹੈ, ਬਲਕਿ ਇਹ ਤਾਂ ਵਕਤ ਦੀ ਲੋੜ ਸੀ, ਵੇਲੇ ਦੀ ਪੁਕਾਰ ਸੀ। ਵਕਤ ਦੀ ਜ਼ਰੂਰਤ ਦੀ ਤਾਂ ਪੂਰਤੀ ਕਰਨੀ ਹੀ ਪੈਂਦੀ ਹੈ; ਨਹੀਂ ਤਾਂ ਵਕਤ ਦੀਆਂ ਅਨਿਆਈਂ ਪ੍ਰਸਥਿਤੀਆਂ ਨਾਲ ਸਿੱਝਣਾ ਸੰਭਵ ਨਹੀਂ ਹੁੰਦਾ। ਇਹ ਗੱਲ ਵੱਖਰੀ ਹੈ ਕਿ ਅਨਿਆਂ ਤੇ ਜ਼ੁਲਮ ਖ਼ਿਲਾਫ਼ ਸਿੱਖ ਧਰਮ ਦੀ ਜੱਦੋਜਹਿਦ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਸਮੇਂ ਭਾਵ ਸਿੱਖ ਧਰਮ ਦੀ ਸਥਾਪਤੀ ਦੇ ਵੇਲੇ ਤੋਂ ਹੀ ਚੱਲ ਰਹੀ ਸੀ।*

*ਗੁਰੂ ਨਾਨਕ ਪਾਤਸ਼ਾਹ ਨੇ ਇਸ ਨਿਵੇਕਲੇ ਧਰਮ ਦੇ ਅਨੁਆਈਆਂ ਨੂੰ ਹਰ ਪ੍ਰਕਾਰ ਦੇ ਜ਼ੁਲਮ ਤੇ ਅਨਿਆਂ ਦੇ ਖ਼ਿਲਾਫ ਘਿਰਣਾ ਕਰਨ ਤੇ ਇਸ ਦਾ ਵਿਰੋਧ ਕਰਨ ਦੀ ਗੁੜ੍ਹਤੀ ਪਹਿਲਾਂ ਹੀ ਬਖ਼ਸ਼ਿਸ਼ ਕੀਤੀ ਹੋਈ ਸੀ। ਵਕਤ ਦੇ ਲੋਧੀ ਹਾਕਮਾਂ ਦੀਆਂ ਲੋਕ-ਵਿਰੋਧੀ ਨੀਤੀਆਂ ਅਤੇ ਆਚਰਣਕ ਕਮਜ਼ੋਰੀਆਂ ਅਤੇ ਹਮਲਾਵਰ ਬਾਬਰ ਦੇ ਹਮਲੇ ਵੇਲੇ ਅਣਮਨੁੱਖੀ ਵਿਹਾਰ ਦਾ ਗੁਰੂ ਜੀ ਨੇ ਸਖ਼ਤ ਵਿਰੋਧ ਕੀਤਾ ਸੀ। ਇਹ ਹਾਕਮ ਤੇ ਹਮਲਾਵਰ ਭਾਵੇਂ ਕਿੰਨੇ ਕਠੋਰਚਿਤ ਤੇ ਅੱਤਿਆਚਾਰੀ ਸਨ ਪਰ ਸੱਚ ਦੀ ਸਦਾਅ ਨੇ ਇਨ੍ਹਾਂ ਦਾ ਰੰਚਕ ਮਾਤਰ ਵੀ ਭੈਅ ਨਹੀਂ ਮੰਨਿਆ ਸੀ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਤਕ ਸਾਰੇ ਗੁਰੂ ਪਾਤਸ਼ਾਹ ਆਪਣੇ-ਆਪਣੇ ਢੰਗ ਨਾਲ ਸੱਚ ਦੀ ਸਦਾਅ ਦਿੰਦੇ ਰਹੇ। ਪੰਚਮ ਪਾਤਸ਼ਾਹ ਸ਼ਾਂਤੀ ਦੇ ਪੁੰਜ ਸਨ। ਆਪ ਜੀ ਨੇ ਤਤਕਾਲੀ ਮੁਗ਼ਲ ਹਕੂਮਤ ਦੇ ਮੰਦ-ਇਰਾਦਿਆਂ ਨੂੰ ਅਨੁਭਵ ਜ਼ਰੂਰ ਕਰ ਲਿਆ ਸੀ। ਇਸੇ ਕਰਕੇ ਗੁਰੂ ਪਾਤਸ਼ਾਹ ਨੇ ਆਪਣੇ ਹੋਣਹਾਰ ਸਪੁਤ ਸ੍ਰੀ (ਗੁਰੂ) ਹਰਿਗੋਬਿੰਦ ਸਾਹਿਬ ਨੂੰ ਘੋੜ-ਸਵਾਰੀ ਦੀ ਅਤੇ ਹੋਰ ਸ਼ਸਤਰਾਂ ਦੀ ਸਿਖਲਾਈ ਪ੍ਰਦਾਨ ਕਰਵਾਈ ਸੀ। ਸਿੱਖ ਇਤਿਹਾਸ ਵਿਚ ਉਲੇਖ ਆਉਂਦਾ ਹੈ ਕਿ ਗੁਰੂ ਜੀ ਨੇ ਸ੍ਰੀ ਹਰਿਗੋਬਿੰਦ ਸਾਹਿਬ ਨੂੰ ਵਕਤ ਦੀ ਜ਼ੁਲਮੀ ਹਕੂਮਤ ਦੇ ਖਿਲਾਫ਼ ਡਟਣ ਦੇ ਆਦੇਸ਼-ਨਿਰਦੇਸ਼ ਪ੍ਰਦਾਨ ਕੀਤੇ ਸਨ।*

*ਛੇਵੇਂ ਗੁਰੂ ਜੀ ਦੇ ਗੁਰਿਆਈ-ਆਸੀਨ ਹੋਣ ਸਮੇਂ ਦੀ ਸੰਸਾਰਿਕ ਆਯੂ ਬੇਸ਼ੱਕ ਬਹੁਤ ਛੋਟੀ*

ਸੀ ਪਰ ਆਪ ਜੀ ਦੇ ਇਰਾਦੇ ਬਹੁਤ ਹੀ ਉੱਚੇ ਤੇ ਬੁਲੰਦ ਸਨ। ਗੁਰੂ ਜੀ ਸ਼ਾਨੋ-ਸ਼ੌਕਤ ਵਾਲਾ ਸ਼ਾਹੀ ਪਹਿਰਾਵਾ ਪਹਿਨ ਕੇ ਬੇਹੱਦ ਖ਼ੂਬਸੂਰਤ ਦਸਤਾਰ ਸੁਹਣੇ ਸੀਸ 'ਪੁਰ ਸਜਾ ਕੇ, ਮੀਰੀ ਪੀਰੀ ਦੀਆਂ ਪ੍ਰਤੀਕ ਦੋ ਤੇਗਾਂ ਪਹਿਨ ਕੇ, ਕੋਲ ਸ਼ਾਹੀ ਜਲਾਲ ਦਾ ਪ੍ਰਤੀਕ 'ਬਾਜ਼' ਰੱਖਿਆ ਤਾਂ ਜੋ ਤਤਕਾਲੀ ਜ਼ੁਲਮੀ ਪ੍ਰਬੰਧ ਨੂੰ ਸਪੱਸ਼ਟ ਰੂਪ ਵਿਚ ਦੱਸਿਆ ਜਾ ਸਕੇ ਕਿ ਪੰਜਵੇਂ ਗੁਰੂ ਜੀ ਨੂੰ ਸ਼ਹੀਦ ਕਰ ਕੇ ਜ਼ੁਲਮ-ਜਬਰ ਵਿਰੁੱਧ ਹੱਕ-ਸੱਚ ਦੀ ਅਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ, ਸਗੋਂ ਗੁਰੂ ਨਾਨਕ ਪਾਤਸ਼ਾਹ ਦੇ ਨਾਮ-ਲੇਵਾ ਸਿੱਖ ਹੁਣ ਜ਼ੁਲਮ-ਜਬਰ ਵਿਰੁੱਧ ਡਟਣਗੇ। ਗੁਰੂ ਜੀ ਨੇ ਛੇਤੀ ਹੀ ਅਕਾਲ ਬੁੰਗੇ ਦੀ ਉਸਾਰੀ ਬਾਬਾ ਬੁੱਢਾ ਜੀ ਅਤੇ ਭਾਈ ਗੁਰਦਾਸ ਜੀ ਦੇ ਹੱਥੀਂ ਕਰਵਾਈ। ਇਉਂ ਅਕਾਲ ਤਖ਼ਤ ਸਾਹਿਬ ਸਾਕਾਰ ਹੋਇਆ। ਇਹ ਤਤਕਾਲੀ ਜ਼ੁਲਮੀ ਹਕੂਮਤ ਨੂੰ ਸਪਸ਼ਟ ਵੰਗਾਰ ਸੀ ਕਿ ਹੁਣ ਗੁਰੂ ਨਾਨਕ ਪਾਤਸ਼ਾਹ ਦੇ ਨਾਮ-ਲੇਵਾ ਸਿੱਖ ਲੋਕਾਈ 'ਤੇ ਜਬਰ-ਜ਼ੁਲਮ ਕਰਨ ਵਾਲੇ ਰਾਜ-ਤਖ਼ਤ ਦਾ ਰੰਚਕ ਮਾਤਰ ਵੀ ਭੈਅ ਨਹੀਂ ਮੰਨਣਗੇ। ਛੇਵੇਂ ਸਤਿਗੁਰਾਂ ਨੇ ਆਪਣੇ ਨਾਮ-ਲੇਵਾ ਸਿੱਖਾਂ ਨੂੰ ਆਦੇਸ਼, ਸੰਦੇਸ਼ ਤੇ ਹੁਕਮਨਾਮੇ ਭੇਜੇ ਕਿ ਉਹ ਗੁਰੂ-ਘਰ ਵਿਚ ਚੰਗੇ ਸ਼ਸਤਰ ਅਤੇ ਵਧੀਆ ਨਸਲ ਦੇ ਘੋੜੇ ਭੇਟਾ ਰੂਪ ਵਿਚ ਲਿਆਉਣ। ਸਤਿਗੁਰਾਂ ਨੇ ਆਪਣੀ ਨਿੱਜੀ ਨਿਗਰਾਨੀ ਅਧੀਨ ਕੁਸ਼ਤੀਆਂ, ਗਤਕਾ, ਘੋੜ-ਸਵਾਰੀ ਤੇ ਨੇਜ਼ੇਬਾਜ਼ੀ ਆਦਿ ਸਰੀਰਿਕ ਅਭਿਆਸ ਵੀ ਸ਼ੁਰੂ ਕਰਵਾਏ। ਕੁਝ ਸਮੇਂ ਵਿਚ ਹੀ ਇਕ ਚੰਗੀ ਸਿੱਖ ਸੈਨਾ ਤਿਆਰ ਹੋ ਗਈ ਜਿਸ ਨੇ ਤਤਕਾਲੀ ਹਮਲਾਵਰਾਂ ਦੇ ਹਮਲਿਆਂ ਦਾ ਮੂੰਹ ਮੋੜਦਿਆਂ ਹੱਕ-ਸੱਚ ਦੀ ਫਤਿਹ ਇਤਿਹਾਸ ਵਿਚ ਬੜੀ ਆਨ ਤੇ ਸ਼ਾਨ ਨਾਲ ਦਰਜ ਕਰਾਈ। ਅਜਿਹੇ ਨਿਰਭਉ ਅਤੇ ਨਿਰਵੈਰ 'ਗੁਰ ਭਾਰੀ' ਦਾ ਸਾਜਿਆ-ਨਿਵਾਜਿਆ ਪੰਥ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਦੁਆਰਾ ਬਖਸ਼ੇ ਮੀਰੀ-ਪੀਰੀ ਦੇ ਸਿਧਾਂਤ ਨੂੰ ਅਪਣਾਉਂਦਾ ਹੋਇਆ ਅੱਜ ਵੀ ਕੌਮੀ ਅਣਖ ਤੇ ਸਵੈਮਾਣ ਦੀ ਮੁੜ-ਬਹਾਲੀ ਵਾਸਤੇ ਡੂੰਘੀ ਜੱਦੋਜਹਿਦ ਕਰ ਰਿਹਾ ਹੈ।

ਸਿੱਖ-ਪੰਥ ਦੇ ਕੋਲ ਛੇਵੇਂ ਪਾਤਸ਼ਾਹ ਦਾ ਬਣਾਇਆ ਮੀਰੀ-ਪੀਰੀ ਦਾ ਅਜਿਹਾ ਅਕੱਟ ਸਿਧਾਂਤ ਹੈ ਜੋ ਕਿ ਇਸ ਦੇ ਚੰਗੇਰੇ ਭਵਿੱਖ ਦਾ ਜ਼ਾਮਨ ਹੈ। ਜੁਲਾਈ ਦਾ ਮਹੀਨਾ ਇਤਿਹਾਸਿਕ ਦ੍ਰਿਸ਼ਟੀ ਤੋਂ ਬਹੁਤ ਹੀ ਮਹੱਤਵਪੂਰਨ ਮੰਨਿਆ ਜਾ ਸਕਦਾ ਹੈ ਕਿਉਂਕਿ ਇਸੇ ਮਹੀਨੇ ਮੀਰੀ-ਪੀਰੀ ਦਿਵਸ ਆਉਂਦਾ ਹੈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਮੀਰੀ-ਪੀਰੀ ਦੇ ਸਿਧਾਂਤ ਨਾਲ ਜਿੱਥੇ ਸਮੁੱਚੇ ਭਾਰਤ-ਵਰਸ਼ 'ਤੇ ਆਪਣੀ ਕਿਰਪਾ ਦ੍ਰਿਸ਼ਟੀ ਬਣਾਈ, ਉੱਥੇ ਦਿੱਲੀ ਦੇ ਤਖ਼ਤ ਨੂੰ ਇਹ ਵੰਗਾਰ ਵੀ ਪਾਈ ਕਿ ਜ਼ੁਲਮ ਦੀ ਇੰਤਹਾ ਹੋਣ 'ਤੇ ਅਕਾਲ ਪੁਰਖ ਵੱਲੋਂ ਕੋਈ ਅਜਿਹਾ ਵਸੀਲਾ ਵੀ ਬਣਾ ਦਿੱਤਾ ਜਾਂਦਾ ਹੈ ਜੋ ਕਿ ਰਾਜ ਦੇ ਨਸ਼ੇ ਵਿਚ ਅੰਨ੍ਹੇ ਹੋਏ ਹਾਕਮ ਨੂੰ ਠੱਲ ਪਾ ਸਕੇ। ਛੇਵੇਂ ਪਾਤਸ਼ਾਹ ਦਾ ਇਹ ਵਸੀਲਾ ਉਹੀ ਸਿਧਾਂਤ ਸੀ ਜਿਹੜਾ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਚਲਦਾ ਹੋਇਆ ਪੰਚਮ ਪਾਤਸ਼ਾਹ ਦੀ ਸ਼ਹਾਦਤ ਨਾਲ ਸਿਖਰ 'ਤੇ ਪਹੁੰਚਿਆ ਅਤੇ ਛੇਵੇਂ ਪਾਤਸ਼ਾਹ ਨੇ ਉਸ ਨੂੰ ਅਸਲੀ ਜਾਮਾ ਪਹਿਨਾਇਆ। ਆਓ, ਆਪਣੇ ਇਸ ਸਿਧਾਂਤ 'ਤੇ ਮਾਣ ਕਰੀਏ ਤੇ ਗੁਰੂ ਸਾਹਿਬਾਨ ਦੇ ਦੱਸੇ ਰਸਤੇ 'ਤੇ ਚੱਲੀਏ। ਸਮੂਹ ਸਿੱਖ ਪੰਥ ਨੂੰ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਨੂੰ ਮਨ-ਮਸਤਕ ਵਿਚ ਵਸਾਉਂਦਿਆਂ ਉਨ੍ਹਾਂ ਤੋਂ ਅਨਿਆਂ ਵਿਰੁੱਧ ਜੱਦੋਜਹਿਦ ਜਾਰੀ ਰੱਖਣ ਦਾ ਅਹਿਦਨਾਮਾ ਕਰਨਾ ਚਾਹੀਦਾ ਹੈ।

# ਸ੍ਰੀ ਹਰਿਕ੍ਰਿਸ਼ਨ ਧਿਆਈਐ ...

*-ਡਾ. ਕੁਲਦੀਪ ਕੌਰ**

ਸਿੱਖ ਧਰਮ ਵਿਚ ਸਭ ਤੋਂ ਛੋਟੀ ਉਮਰ ਦੇ ਸਤਿਗੁਰੂ ਜਿਨ੍ਹਾਂ ਨੂੰ 'ਬਾਲਾ ਪ੍ਰੀਤਮ' ਤੇ 'ਅਸ਼ਟਮ ਬਲਬੀਰਾ' ਜਿਹੇ ਲਕਬਾਂ ਨਾਲ ਯਾਦ ਕੀਤਾ ਜਾਂਦਾ ਹੈ। ਉਹ ਗੁਰੂ ਨਾਨਕ ਸਾਹਿਬ ਜੀ ਦੀ ਜੋਤ ਦੇ ਅਠਵੇਂ ਵਾਰਸ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਸਨ। ਆਪ ਜੀ ਦਾ ਪ੍ਰਕਾਸ਼ ਸਾਵਣ ਵਦੀ ੧੦ (੮ ਸਾਵਣ) ਸੰਮਤ ੧੭੧੩ ਮੁਤਾਬਕ ੭ ਜੁਲਾਈ, ੧੬੫੬ ਈ. ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਗ੍ਰਿਹ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਆਪ ਜੀ ਦਾ ਇਕ ਵੱਡਾ ਭਰਾ ਰਾਮਰਾਇ ਸੀ, ਜਿਸ ਨੂੰ ਆਪਣੇ ਪਿਤਾ ਪਿੱਛੋਂ ਗੁਰਗੱਦੀ ਦੀ ਪੂਰੀ ਆਸ ਸੀ, ਪਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਪਾਰਖੂ ਅੱਖ ਨੇ ਦੋਹਾਂ ਪੁੱਤਰਾਂ ਵਿੱਚੋਂ ਸਾਫ ਅੰਤਰ ਲੱਭ ਲਿਆ ਸੀ।

ਜਦੋਂ ਰਾਮਰਾਇ ਨੇ ਦਿੱਲੀ ਵਿਖੇ ਔਰੰਗਜ਼ੇਬ ਦੇ ਪ੍ਰਭਾਵ ਹੇਠ ਆ ਕੇ ਉਸਨੂੰ ਖ਼ੁਸ਼ ਕਰਨ ਲਈ ਗੁਰਬਾਣੀ ਦੀ ਇਕ ਪੰਕਤੀ *ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ* ਦੀ ਥਾਂ *ਮਿਟੀ ਬੇਈਮਾਨ ਕੀ . . .* ਵਜੋਂ ਬਦਲ ਦਿੱਤੀ ਤਾਂ ਸ੍ਰੀ ਗੁਰੂ ਹਰਿਰਾਇ ਜੀ ਨੇ ਉਸ ਨੂੰ ਤਿਆਗ ਦਿੱਤਾ ਅਤੇ ਗੁਰਿਆਈ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਨੂੰ ਸੌਂਪ ਦਿੱਤੀ।

ਸ੍ਰੀ ਹਰਿਕ੍ਰਿਸ਼ਨ ਸਾਹਿਬ ਜੀ ਅੱਠਵੇਂ ਗੁਰੂ ਵਜੋਂ ਕੱਤਕ ਵਦੀ ੧੦ (੬ ਕੱਤਕ) ਸੰਮਤ ੧੭੧੮ ਮੁਤਾਬਕ ੭ ਅਕਤੂਬਰ, ੧੬੬੧ ਈ. ਨੂੰ ਗੁਰਿਆਈ-ਆਸੀਨ ਹੋਏ। ਉਸ ਸਮੇਂ ਆਪ ਦੀ ਉਮਰ ਕਰੀਬ ਪੰਜ ਸਾਲ ਸੀ। ਰਾਮਰਾਇ ਨੂੰ ਇਸ ਨਾਲ ਬੜਾ ਦੁਖ ਹੋਇਆ ਤੇ ਉਸ ਨੇ ਮਸੰਦਾਂ ਅਤੇ ਧੀਰਮੱਲ (ਸ੍ਰੀ ਗੁਰੂ ਹਰਿਰਾਇ ਜੀ ਦਾ ਵੱਡਾ ਭਰਾ/ ਬਾਬਾ ਗੁਰਦਿੱਤਾ ਜੀ ਦਾ ਪੁੱਤਰ/ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪੋਤਰਾ) ਦੀ ਮਦਦ ਨਾਲ ਆਪਣੇ ਆਪ ਨੂੰ ਗੁਰੂ ਵਜੋਂ ਸਥਾਪਿਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਫਿਰ ਉਸ ਨੇ ਔਰੰਗਜ਼ੇਬ ਦੇ ਦਰਬਾਰ ਵਿਚ ਰਹਿ ਕੇ ਕਾਫੀ ਵਿਉਂਤਾਂ ਗੁੰਦੀਆਂ, ਪਰ ਉਸ ਨੂੰ ਆਪਣੇ ਮਕਸਦ ਵਿਚ ਕਾਮਯਾਬੀ ਨਾ ਮਿਲੀ। ਔਰੰਗਜ਼ੇਬ ਨੇ ਪਹਿਲਾਂ ਤਾਂ ਇਸ ਮਸਲੇ ਵਿਚ ਕੋਈ ਦਖ਼ਲ ਨਾ ਦਿੱਤਾ, ਪਰ ਫਿਰ ਉਸ ਨੇ ਸੋਚਿਆ ਕਿ ਰਾਮਰਾਇ ਗੁਰੂ ਬਣ ਕੇ ਸਰਕਾਰੀ ਨੀਤੀ ਅਨੁਸਾਰ ਚੱਲੇਗਾ ਅਤੇ ਹਕੂਮਤ ਇਸ ਪਾਸਿਓਂ ਬੇਫਿਕਰ ਹੋ ਜਾਵੇਗੀ, ਤਾਂ ਉਸ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਦਿੱਲੀ ਪਧਾਰਨ ਦਾ ਸੱਦਾ ਭੇਜਿਆ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ *ਨਹਿ ਮਲੇਛ ਕੋ ਦਰਸ਼ਨ ਦੇ ਹੈ* ਕਹਿ ਕੇ ਔਰੰਗਜ਼ੇਬ ਦੇ ਮੱਥੇ ਲੱਗਣ ਤੋਂ ਵਰਜ ਦਿੱਤਾ ਸੀ ਅਤੇ ਕਿਹਾ ਸੀ ਕਿ ਕਿਸੇ ਦੀ ਧਮਕੀ ਹੇਠ ਨਹੀਂ ਆਉਣਾ।

**#੧, ਲਤਾ ਗਰੀਨ ਇਨਕਲੇਵ, ਪਟਿਆਲਾ-੧੪੭੦੦੨; ਮੋ: +੯੧੯੪੬੪੩-੬੦੦੫੧*

ਆਪ ਜੀ ਨੇ ਆਪਣੇ ਗੁਰੂ-ਪਿਤਾ ਦਾ ਹੁਕਮ ਮੰਨਦਿਆਂ ਸਿੱਖਾਂ ਦੀ ਅਣਖ ਅਤੇ ਸ਼ੋਭਾ ਨੂੰ ਉੱਚਾ ਰੱਖਣ ਲਈ ਦਿੱਲੀ-ਦਰਬਾਰ ਵਿਚ ਜਾਣ ਤੋਂ ਸਾਫ ਇਨਕਾਰ ਕਰ ਦਿੱਤਾ।

ਗੁਰੂ ਜੀ ਨਾਲ ਸੰਬੰਧਿਤ ਇਕ ਸਾਖੀ ਵਿਚ ਪੜ੍ਹਨ ਨੂੰ ਮਿਲਦਾ ਹੈ ਕਿ ਇਕ ਵਾਰ ਆਪ ਪਾਲਕੀ ਵਿਚ ਸਵਾਰ ਹੋ ਕੇ ਕਿਧਰੇ ਜਾ ਰਹੇ ਸਨ ਤਾਂ ਬ੍ਰਾਹਮਣਾਂ ਦਾ ਸਿਖਾਇਆ ਇਕ ਕੋਹੜੀ ਗੁਰੂ ਜੀ ਦੀ ਪਾਲਕੀ ਅੱਗੇ ਆ ਕੇ ਲੇਟ ਗਿਆ ਤੇ ਰੋਗ ਰਾਜ਼ੀ ਕਰਨ ਲਈ ਬੇਨਤੀ ਕਰਨ ਲੱਗਾ। ਬ੍ਰਾਹਮਣਾਂ ਨੂੰ ਸ਼ੰਕਾ ਸੀ ਕਿ ਇਸ ਛੋਟੇ ਬਾਲ ਗੁਰੂ ਵਿਚ ਅਜਿਹਾ ਕਰਨ ਦੀ ਕੋਈ ਸਮਰੱਥਾ ਨਹੀਂ ਹੋਵੇਗੀ, ਪਰ ਉਨ੍ਹਾਂ ਦੀ ਹੈਰਾਨੀ ਦੀ ਹੱਦ ਹੋ ਗਈ ਜਦੋਂ ਗੁਰੂ ਜੀ ਨੇ ਆਪਣਾ ਰੁਮਾਲ ਉਸ ਕੋਹੜੀ ਨੂੰ ਦਿੰਦਿਆਂ ਕਿਹਾ ਕਿ ਇਸ ਨੂੰ ਆਪਣੇ ਸਰੀਰ 'ਤੇ ਫੇਰ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਚਰਨਾਂ ਵਿਚ ਅਰਦਾਸ ਕਰ। ਇਉਂ ਕਰਨ ਨਾਲ ਕੋਹੜੀ ਦਾ ਰੋਗ ਦੂਰ ਹੋ ਗਿਆ ਤੇ ਗੁਰੂ ਜੀ ਦੀ ਕੀਰਤੀ ਦਿਨੋਂ-ਦਿਨ ਹੋਰ ਫੈਲਣ ਲੱਗੀ।

ਔਰੰਗਜ਼ੇਬ ਨੇ ਮਿਰਜ਼ਾ ਰਾਜਾ ਜੈ ਸਿੰਘ ਨੂੰ ਹੁਕਮ ਦਿੱਤਾ ਕਿ ਗੁਰੂ ਜੀ ਨੂੰ ਕਿਸੇ ਵੀ ਤਰ੍ਹਾਂ ਦਿੱਲੀ ਆਉਣ ਲਈ ਪ੍ਰੇਰਿਤ ਕੀਤਾ ਜਾਵੇ। ਰਾਜਾ ਜੈ ਸਿੰਘ ਨੇ ਗੁਰੂ ਜੀ ਨੂੰ ਦਿੱਲੀ ਆਉਣ ਲਈ ਸੱਦਾ-ਪੱਤਰ ਭੇਜਿਆ। ਨਾਲ ਹੀ ਦਿੱਲੀ ਦੀ ਸੰਗਤ ਨੇ ਗੁਰੂ ਜੀ ਨੂੰ ਬੇਨਤੀ ਕੀਤੀ ਕਿ ਸਿੱਖ ਸੰਗਤ ਨੂੰ ਰਾਮਰਾਇ ਦੀਆਂ ਚਾਲਾਂ ਤੋਂ ਸਾਵਧਾਨ ਕਰਨ ਲਈ ਦਰਸ਼ਨ ਦਿਓ। ਉਸ ਸਮੇਂ ਗੁਰੂ ਜੀ ਦੀ ਉਮਰ ਕਰੀਬ ਸਾਢੇ ਸੱਤ ਸਾਲ ਸੀ। ਆਪ ਨੇ ਕੁਝ ਸੋਚ-ਵਿਚਾਰ ਕੇ ਦਿੱਲੀ ਜਾਣ ਦਾ ਫੈਸਲਾ ਕੀਤਾ। ਸਿੱਖ ਸੰਗਤ ਦਾ ਵੱਡਾ ਇਕੱਠ ਵੀ ਆਪ ਦੇ ਨਾਲ ਹੋ ਤੁਰਿਆ। ਗੁਰੂ ਜੀ ਨੇ ਅੰਬਾਲਾ ਨੇੜੇ ਪੰਜੋਖਰਾ ਵਿਖੇ ਠਹਿਰਾਓ ਕੀਤਾ ਅਤੇ ਕੁਝ ਚੋਣਵੇਂ ਸਿੱਖਾਂ (ਭਾਈ ਦਰਗਾਹ ਮੱਲ, ਭਾਈ ਮਤੀ ਦਾਸ, ਭਾਈ ਦਿਆਲਾ, ਭਾਈ ਗੁਰਦਿੱਤਾ, ਭਾਈ ਸਤੀਦਾਸ ਤੇ ਮਸੰਦ ਗੁਰਬਖਸ਼ ਮੱਲ) ਸਮੇਤ ਮਾਤਾ ਕ੍ਰਿਸ਼ਨ ਕੌਰ ਜੀ ਤੋਂ ਬਿਨਾਂ ਬਾਕੀ ਸੰਗਤ ਨੂੰ ਵਾਪਸ ਭੇਜ ਦਿੱਤਾ। ਪੰਜੋਖਰਾ ਵਿਖੇ ਲਾਲ ਚੰਦ ਨਾਂ ਦਾ ਅਭਿਮਾਨੀ ਬ੍ਰਾਹਮਣ ਰਹਿੰਦਾ ਸੀ। ਉਸ ਨੇ ਸਿੱਖਾਂ ਨੂੰ ਸੁਣਾ ਕੇ ਕਿਹਾ ਕਿ ਦੁਆਪਰ ਦੇ ਅਵਤਾਰ ਸ੍ਰੀ ਕ੍ਰਿਸ਼ਨ ਨੇ ਤਾਂ ਗੀਤਾ ਦੀ ਰਚਨਾ ਕੀਤੀ ਸੀ ਤੇ ਇਹ ੭-੮ ਸਾਲ ਦਾ ਬੱਚਾ ਖ਼ੁਦ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਅਖਵਾਉਂਦਾ ਹੈ। ਮੈਂ ਇਨ੍ਹਾਂ ਨੂੰ ਤਾਂ ਗੁਰੂ ਮੰਨਾਂਗਾ ਜੇ ਇਹ ਗੀਤਾ ਦੇ ਕਿਸੇ ਸਲੋਕ ਦਾ ਅਰਥ ਕਰ ਕੇ ਵਿਖਾਉਣ। ਗੁਰੂ ਜੀ ਨੇ ਉਸ ਦੀ ਤਸੱਲੀ ਕਰਾਉਣ ਲਈ ਕਿਹਾ ਕਿ ਉਹ ਪਿੰਡ ਵਿੱਚੋਂ ਆਪਣੀ ਮਰਜ਼ੀ ਦਾ ਕੋਈ ਬੰਦਾ ਲੈ ਆਵੇ, ਗੀਤਾ ਦੇ ਅਰਥ ਤਾਂ ਉਹੀ ਕਰ ਦੇਵੇਗਾ। ਪੰਡਿਤ ਪਿੰਡ 'ਚੋਂ ਇਕ ਗੂੰਗੇ ਤੇ ਬੋਲੇ ਛੱਜੂ ਛਿਉਰ ਨੂੰ ਲੈ ਆਇਆ। ਗੁਰੂ ਜੀ ਨੇ ਉਹਦੇ ਸਿਰ ਉੱਤੇ ਛੜੀ ਰੱਖੀ ਤੇ ਪੰਡਿਤ ਨੂੰ ਕਿਹਾ, ਪੁੱਛੋ ਜੋ ਪੁੱਛਣਾ ਚਾਹੁੰਦੇ ਹੋ! ਪੰਡਿਤ ਨੇ ਜਿੰਨੇ ਵੀ ਸੁਆਲ ਕੀਤੇ, ਗੁਰੂ-ਬਖਸ਼ਿਸ਼ ਨਾਲ ਛੱਜੂ ਨੇ ਸਾਰਿਆਂ ਦੇ ਸਹੀ ਜਵਾਬ ਦਿੱਤੇ। ਪੰਡਿਤ ਦੀ ਤਸੱਲੀ ਹੋ ਗਈ ਤੇ ਉਹ ਗੁਰੂ ਜੀ ਦਾ ਸ਼ਰਧਾਲੂ ਬਣ ਗਿਆ। ਗਿਆਨ-ਚਰਚਾ ਵਾਲੀ ਥਾਂ 'ਤੇ ਗੁਰਦੁਆਰਾ ਪੰਜੋਖਰਾ ਸਾਹਿਬ ਸੁਸ਼ੋਭਿਤ ਹੈ।

ਗੁਰੂ ਜੀ ਥਾਨੇਸਰ, ਕੁਰੂਕਸ਼ੇਤਰ, ਪਾਣੀਪਤ ਤੋਂ ਹੁੰਦੇ ਹੋਏ ਦਿੱਲੀ ਵਿਖੇ ਰਾਜਾ ਜੈ ਸਿੰਘ

ਦੇ ਬੰਗਲੇ ਵਿਚ ਪਹੁੰਚੇ। ਇਹੋ ਬੰਗਲਾ ਅੱਜਕਲ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਵਜੋਂ ਪੂਰੀ ਦੁਨੀਆ ਵਿਚ ਵਿਖਿਆਤ ਹੈ। ਰਾਜੇ ਦੀ ਰਾਣੀ ਨੇ ਗੁਰੂ-ਦਰਸ਼ਨਾਂ ਦੀ ਇੱਛਾ ਪ੍ਰਗਟ ਕੀਤੀ, ਪਰ ਨਾਲ ਹੀ ਬਾਲ-ਗੁਰੂ ਦੀ ਪਰਖ ਕਰਨੀ ਚਾਹੀ। ਉਸ ਨੇ ਕੁਝ ਗੋਲੀਆਂ ਨੂੰ ਨਾਲ ਲਿਆ ਤੇ ਸਭ ਨੇ ਇੱਕੋ ਜਿਹੇ ਕੱਪੜੇ ਪਾ ਕੇ ਗੁਰੂ ਜੀ ਨੂੰ ਨਮਸਕਾਰ ਕੀਤੀ। ਜਾਣੀਜਾਣ ਸਤਿਗੁਰੂ ਨੇ ਪੂਰੇ ਇਕੱਠ ਵਿੱਚੋਂ ਰਾਣੀ ਨੂੰ ਪਛਾਣ ਲਿਆ ਤਾਂ ਰਾਣੀ ਦੀ ਸ਼ਰਧਾ ਹੋਰ ਵੀ ਪੱਕੀ ਹੋ ਗਈ।

ਦਿੱਲੀ ਵਿਚ ਗੁਰੂ ਜੀ ਨੇ ਔਰੰਗਜ਼ੇਬ ਨੂੰ ਦਰਸ਼ਨ ਦੇਣ ਤੋਂ ਨਾਂਹ ਕਰ ਦਿੱਤੀ। ਅਗਲੇ ਦਿਨ ਬਾਦਸ਼ਾਹ ਨੇ ਆਪਣੇ ਪੁੱਤਰ ਨੂੰ ਭੇਜਿਆ। ਗੁਰੂ ਜੀ ਨੇ ਉਸ ਨੂੰ ਆਤਮਿਕ ਉਪਦੇਸ਼ ਦਿੱਤਾ। ਜਦੋਂ ਉਸ ਨੇ ਗੁਰਗੱਦੀ ਬਾਰੇ ਰਾਮਰਾਇ ਦੇ ਦਾਅਵੇ ਦੀ ਗੱਲ ਕੀਤੀ ਤਾਂ ਗੁਰੂ ਜੀ ਨੇ ਸਪੱਸ਼ਟ ਕੀਤਾ ਕਿ ਗੁਰਿਆਈ ਕੋਈ ਜੱਦੀ ਵਿਰਾਸਤ ਨਹੀਂ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਪੁੱਤਰਾਂ ਨੂੰ ਛੱਡ ਕੇ ਆਪਣੇ ਸੇਵਕ ਨੂੰ ਗੁਰਿਆਈ ਦਿੱਤੀ। ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਵੀ ਅਜਿਹਾ ਹੀ ਕੀਤਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਸਭ ਤੋਂ ਛੋਟੇ ਪੁੱਤਰ ਨੂੰ ਹੀ ਇਸ ਦੇ ਯੋਗ ਸਮਝਿਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਛੋਟੇ ਪੋਤਰੇ ਨੂੰ ਇਹ ਦਾਤ ਬਖਸ਼ੀ ਸੀ। ਨਾਲੇ ਗੁਰਬਾਣੀ ਵਿਚ *ਮਿਟੀ ਮੁਸਲਮਾਨ ਕੀ* ਹੈ *ਮਿਟੀ ਬੇਈਮਾਨ ਕੀ* ਨਹੀਂ। ਰਾਮਰਾਇ ਨੇ ਗੁਰਬਾਣੀ ਨੂੰ ਬਦਲ ਕੇ ਅਰਥਾਂ ਦਾ ਅਨਰਥ ਕੀਤਾ ਹੈ, ਜਿਸ ਕਰਕੇ ਗੁਰੂ-ਪਿਤਾ ਨੇ ਉਸ ਨੂੰ ਤਿਆਗ ਦਿੱਤਾ।

ਆਪਣੇ ਪੁੱਤਰ ਪਾਸੋਂ ਇਹ ਗੱਲਾਂ ਸੁਣ ਕੇ ਔਰੰਗਜ਼ੇਬ ਨੂੰ ਯਕੀਨ ਹੋ ਗਿਆ ਕਿ ਰਾਮਰਾਇ ਨਾਲ ਕੋਈ ਵਧੀਕੀ ਨਹੀਂ ਹੋਈ। ਉਸ ਨੇ ਰਾਮਰਾਇ ਨੂੰ ਸੱਤ ਪਿੰਡ ਖੁਰਵੜਾ, ਧਮਵਾਲ, ਚਮਾਧਰੀ, ਦਰਤਨਾਵਲੀ, ਪੰਡਿਤਵਾੜੀ, ਮਿਆਵਲ ਤੇ ਰਾਜਪੁਰਾ ਜਾਗੀਰ ਵਜੋਂ ਦੇ ਦਿੱਤੇ। ਇੱਥੇ ਹੀ ਪਿੱਛੋਂ ਡੇਹਰਾਦੂਨ ਵੱਸਿਆ। ਰਾਮਰਾਇ ਆਪਣੀ ਜਾਗੀਰ ਵੱਲ ਚਲਾ ਗਿਆ ਅਤੇ ਆਪਣੀ ਵੱਖਰੀ ਸੰਪ੍ਰਦਾਇ ਬਣਾ ਕੇ ਬੈਠ ਗਿਆ।

ਜਦੋਂ ਗੁਰੂ ਜੀ ਦਿੱਲੀ ਵਿਚ ਪਹੁੰਚੇ ਸਨ, ਤਾਂ ਉੱਥੇ ਚੇਚਕ ਦੀ ਬੀਮਾਰੀ ਫੈਲੀ ਹੋਈ ਸੀ। ਲੋਕੀਂ ਬਿਮਾਰੀ ਕਾਰਨ ਮਰ ਰਹੇ ਸਨ। ਸਭ ਪਾਸੇ ਹਾਹਾਕਾਰ ਮੱਚੀ ਹੋਈ ਸੀ। ਗੁਰੂ ਜੀ ਨੇ ਆਪਣੀ ਪਰਵਾਹ ਨਾ ਕੀਤੀ ਤੇ ਪੀੜ੍ਤਾਂ ਦੀ ਹੱਥੀਂ ਸੇਵਾ ਵਿਚ ਜੁਟ ਗਏ। ਉਹ ਲੋਕਾਂ ਦੇ ਘਰਾਂ ਤੇ ਮੁਹੱਲਿਆਂ ਵਿਚ ਵੀ ਗਏ। ਇਉਂ ਚੇਚਕ ਦੀ ਬਿਮਾਰੀ ਨੇ ਆਪ ਨੂੰ ਘੇਰ ਲਿਆ। ਗੁਰੂ ਜੀ ਨੇ ਸੱਚਖੰਡ ਵਾਪਸੀ ਦਾ ਸਮਾਂ ਨੇੜੇ ਜਾਣ ਕੇ ਨੇੜੇ ਬੈਠੀ ਸੰਗਤ ਨੂੰ ਆਖਰੀ ਬਚਨ ਕਹੇ, "ਬਾਬਾ ਬਕਾਲੇ!" ਅਰਥਾਤ ਸਾਡੇ ਤੋਂ ਬਾਅਦ ਗੁਰਿਆਈ ਸੰਭਾਲਣ ਵਾਲੇ ਮਹਾਂਪੁਰਖ ਬਕਾਲੇ ਵਿਚ ਹਨ। ਉਨ੍ਹਾਂ ਦਾ ਇਸ਼ਾਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਵੱਲ ਸੀ, ਜੋ ਰਿਸ਼ਤੇ ਵਿਚ ਉਨ੍ਹਾਂ ਦੇ ਦਾਦਾ ਜੀ ਲੱਗਦੇ ਸਨ। ਚੇਤ ਸੁਦੀ ੧੪ (੩ ਵੈਸਾਖ) ਸੰਮਤ ੧੭੨੧ ਮੁਤਾਬਕ ੩੦ ਮਾਰਚ, ੧੬੬੪ ਈ. ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਹੀ ਜੋਤੀ ਜੋਤ ਸਮਾ ਗਏ। ਜਿੱਥੇ ਆਪ ਜੀ ਦਾ ਅੰਤਮ ਸਸਕਾਰ ਕੀਤਾ ਗਿਆ, ਉੱਥੇ ਅੱਜਕਲ੍ਹ ਗੁਰਦੁਆਰਾ ਬਾਲਾ ਸਾਹਿਬ ਸੁਭਾਇਮਾਨ ਹੈ। ■

# ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮ ਪਦ

*-ਡਾ. ਕਿਰਨਦੀਪ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਸੁਚੱਜੀ ਜੀਵਨ-ਜਾਚ ਰਾਹੀਂ ਪਰਮ ਪੁਰਖ ਪਰਮਾਤਮਾ ਵਿਚ ਅਭੇਦਤਾ ਦਾ ਰਾਹ ਦਰਸਾਇਆ ਗਿਆ ਹੈ। ਸਦਾਚਾਰਕ ਗੁਣਾਂ ਨੂੰ ਧਾਰਨ ਕਰਦੇ ਹੋਏ, ਗੁਰੂ ਦੇ ਲੜ ਲੱਗ ਕੇ ਨਾਮ-ਬਾਣੀ ਦੇ ਅਭਿਆਸ ਰਾਹੀਂ ਮਨੁੱਖ ਪਰਮ ਪਦ ਦੀ ਪ੍ਰਾਪਤੀ ਕਰ ਸਕਦਾ ਹੈ। ਪਰਮ ਪਦ ਜਿਸ ਲਈ ਵੱਖ-ਵੱਖ ਸ਼ਬਦਾਂ ਦੀ ਵਰਤੋਂ ਕੀਤੀ ਗਈ ਮਿਲਦੀ ਹੈ, ਜਿਵੇਂ ਕਿ- ਤੁਰੀਆ ਪਦ, ਚੌਥਾ ਪਦ, ਸਹਿਜ ਅਵਸਥਾ, ਸਹਿਜ ਪਦ, ਅਮਰ ਪਦ, ਜੀਵਨ ਮੁਕਤ, ਪਰਮਗਤਿ, ਪਰਮ ਅਨੰਦ, ਸੁਖ ਅੰਮ੍ਰਿਤ, ਆਤਮ ਗਿਆਨ, ਆਪਾ ਚੀਨਣ, ਦਸਮ ਦੁਆਰ, ਅਨਭਉ ਪਦ ਅਤੇ ਅਨਹਦ ਸ਼ਬਦ ਆਦਿ।

ਪਰਮ ਪਦ ਦੇ ਕੋਸ਼ਗਤ ਅਰਥ ਹੇਠ ਲਿਖੇ ਅਨੁਸਾਰ ਹਨ:

- ਸਭ ਤੋਂ ਉੱਚੀ ਪਦਵੀ, ਵੱਡਾ ਰੁਤਬਾ, ਤੁਰੀਯ (ਤੁਰੀਆ) ਪਦ ਮਹਾਨ ਪੁਰਸ਼, ਉੱਚੀ ਪਦਵੀ ਭਾਵ ਮੁਕਤੀ ਚੌਥੀ ਅਵਸਥਾ ਪੂਰਨ ਗਿਆਨ ਤੇ ਸ਼ਾਂਤੀ ਵਾਲੀ ਤਿੰਨਾਂ ਗੁਣਾ ਜਾਗ੍ਰਤ, ਸੁਪਨ ਤੇ ਸੁਖੋਪਤਿ ਤੋਂ ਉੱਚੀ ਅਵਸਥਾ ਸਾਜ ਅਵਸਥਾ।[੧]
- ਤੁਰੀਆ, ਚੌਥੀ ਅਵਸਥਾ, ਉਹ ਹਾਲਤ ਜੋ ਜਾਗ੍ਰਤ, ਸ੍ਵਪਨ, ਸੁਖੋਪਤਿ ਤੋਂ ਪਰੇ ਹੈ। ਅਰਥਾਤ ਗਯਾਨ ਦਸ਼ਾ।[੨]
- ਸੰਸਕ੍ਰਿਤ ਚਤੁਰ ਪਦ ਤੋਂ ਤੁਰਯਾ ਪਦ ਬਣਦਾ ਹੈ. ਚਉਥਾ ਅਰਥਾਤ ਜਾਗ੍ਰਤ, ਸੁਪਨ, ਸੁਖੋਪਤ ਰੂਪ ਮਾਇਆ ਦੇ ਤਿੰਨਾਂ ਥਾਵਾਂ ਤੋਂ ਪਰੇ, ਬ੍ਰਹਮ ਸ੍ਵਰੂਪ ਚਉਥਾ ਸਥਾਨ, ਇਸ ਦਾ ਨਾਮ ਚਉਥਾ ਪਦ ਹੈ। ਇਸ ਚਉਥੇ ਪਦ ਦੀ ਪ੍ਰਾਪਤੀ ਤੋਂ ਬਿਨਾਂ ਜੀਵ ਤਿੰਨਾਂ ਅਵਸਥਾਵਾਂ ਵਿਚ ਫਸਿਆ ਰਹਿੰਦਾ ਹੈ।[੩]
- ਤੁਰੀਆ ਅਵਸਥਾ ਮਨੁੱਖੀ ਚੇਤਨਾ ਦੀਆਂ ਚਾਰ ਅਵਸਥਾਵਾਂ ਵਿੱਚੋਂ ਚੌਥੀ ਅਤੇ ਅੰਤਿਮ ਅਵਸਥਾ। ਇਸ ਨੂੰ 'ਚੌਥਾ ਪਦ' ਵੀ ਕਿਹਾ ਜਾਂਦਾ ਹੈ। ਇਸ ਦੇ ਹੋਰ ਨਾਮਾਂਤਰ ਹਨ- ਤੁਰੀਆ ਗੁਣ, ਤੁਰੀਆਪਦ। ਇਹ ਅਵਸਥਾ ਤ੍ਰੈਗੁਣਾਂ (ਰਜੋ, ਸਤੋ, ਤਮੋ) ਤੋਂ ਪਰੇ ਹੈ। ਇਸ ਨੂੰ ਗਿਆਨ ਅਵਸਥਾ ਜਾਂ ਪਰਮਪਦ ਵੀ ਕਿਹਾ ਜਾਂਦਾ ਹੈ। ਇਹੀ ਬ੍ਰਹਮੀ ਅਵਸਥਾ ਹੈ ਜਿਸ ਵਿਚ ਪਹੁੰਚ ਕੇ ਨਾਮਰੂਪਾਤਮਕ ਸੰਸਾਰਿਕ ਸੀਮਾਵਾਂ ਖ਼ਤਮ ਹੋ ਜਾਂਦੀਆਂ ਹਨ।[੪]

ਉਪਰੋਕਤ ਕੋਸ਼ਗਤ ਅਰਥਾਂ ਅਨੁਸਾਰ ਕਿਹਾ ਜਾ ਸਕਦਾ ਹੈ ਕਿ ਇਹ ਅਵਸਥਾ

** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਿਹਗੜ੍ਹ ਸਾਹਿਬ-੧੪੦੪੦੭; ਮੋ. ੯੪੬੪੧-੦੬੩੩੯*

ਸ਼ਾਂਤੀ ਤੇ ਟਿਕਾਊ ਵਾਲੀ, ਭਟਕਣ ਰਹਿਤ ਅਵਸਥਾ ਹੈ। ਇਹ ਸਰਵੋਤਮ ਅਵਸਥਾ ਹੈ ਜਿੱਥੇ ਪਹੁੰਚੇ ਮਨੁੱਖ ਲਈ ਸੁਖ-ਦੁਖ, ਆਸਾ-ਨਿਰਾਸਾ, ਆਪਣਾ-ਬੇਗਾਨਾ ਆਦਿ ਦਾ ਫਰਕ ਖਤਮ ਹੋ ਜਾਂਦਾ ਹੈ। ਇਹ ਤਿੰਨ ਗੁਣਾਂ ਤੋਂ ਉੱਪਰ ਦੀ ਅਵਸਥਾ ਹੈ ਜਿਸਦੀ ਪ੍ਰਾਪਤੀ ਲਈ ਕਰੜੀ ਘਾਲਣਾ ਘਾਲਣੀ ਪੈਂਦੀ ਹੈ। ਇਸ ਨੂੰ ਹੀ ਬੁੱਧ ਧਰਮ ਵਿਚ ਨਿਰਵਾਣ, ਜੈਨ ਧਰਮ ਵਿਚ ਕੈਵਲਯ ਅਤੇ ਹਿੰਦੂ ਧਰਮ ਵਿੱਚ ਮੁਕਤੀ ਕਿਹਾ ਗਿਆ ਹੈ।

**ਮਨੁੱਖੀ ਮਨ ਦੀਆਂ ਅਵਸਥਾਵਾਂ:** ਮਨੁੱਖੀ ਮਨ ਦੀਆਂ ਚਾਰ ਅਵਸਥਾਵਾਂ ਮੰਨੀਆਂ ਗਈਆਂ ਹਨ: ਜਾਗਤ, ਸੁਪਨ, ਸੁਖੋਪਤਿ ਅਤੇ ਤੁਰੀਆ। ਇਹ ਤੁਰੀਆ ਅਵਸਥਾ ਹੀ ਪਰਮ ਪਦ ਹੈ।

ਭਾਰਤੀ ਵਿਚਾਰਵਾਨ ਇਹ ਮੰਨਦੇ ਹਨ ਕਿ ਮਨੁੱਖ ਚੇਤਨਤਾ ਦੀਆਂ ਤਿੰਨਾਂ ਦਸ਼ਾ ਵਿਚ ਹੁੰਦਾ ਹੈ। ਜਾਂ ਉਹ ਜਾਗਦਾ ਹੈ, ਜਾਂ ਨੀਂਦ ਦੀ ਹਾਲਤ ਵਿਚ ਹੁੰਦਾ ਹੈ, ਜਾਂ ਕੇਵਲ ਊਂਘਦਾ ਹੈ, ਅਰਥਾਤ ਜਦ ਉਹ ਨਾ ਪੂਰੀ ਤਰ੍ਹਾਂ ਜਾਗਦਾ ਹੁੰਦਾ ਹੈ, ਨਾ ਘੂਕ ਸੁੱਤਾ ਹੁੰਦਾ ਹੈ। ਜਦ ਮਨੁੱਖ ਅਕਾਲ ਪੁਰਖ ਨਾਲ ਅਭੇਦ ਹੁੰਦਾ ਹੈ, ਉਹ ਚੇਤਨਤਾ ਦੀਆਂ ਤਿੰਨਾਂ ਹਾਲਤਾਂ ਵਿਚ ਨਹੀਂ ਹੁੰਦਾ। ਉਹ ਚੇਤਨਤਾ ਦੀ ਖਾਸ ਦਸ਼ਾ ਵਿਚ ਹੁੰਦਾ ਹੈ, ਜਿਸ ਨੂੰ ਚੌਥਾ ਪਦ ਕਿਹਾ ਗਿਆ ਹੈ।[੫]

ਪੂਰਨ ਸਿੰਘ ਮਨੁੱਖੀ ਮਨ ਦੀਆਂ ਚਾਰ ਹਾਲਤਾਂ ਬਾਰੇ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਜੀਵਤ ਮਨੁੱਖ ਦੇ ਮਨ ਦੀਆਂ ਚਾਰ ਹਾਲਤਾਂ ਜਾਂ ਸਥਿਤੀਆਂ ਸੰਭਵ ਮੰਨੀਆਂ ਜਾਂਦੀਆਂ ਹਨ। ਇਹ ਚਾਰ ਹਾਲਤਾਂ ਹਨ— ਜਾਗਤ, ਸੁਪਨ, ਸੁਖੋਪਤਿ ਅਤੇ ਤੁਰੀਆ। ਸੁਖੋਪਤਿ ਦਾ ਭਾਵ ਹੈ ਗੂਹੜੀ ਨੀਂਦ ਅਤੇ ਤੁਰੀਆ ਦਾ ਅਰਥ ਹੈ ਚੌਥੀ। ਇਹ ਚੌਥੀ ਅਵਸਥਾ ਅਕਥਨੀ ਹੈ ਜਿਸ ਕਰਕੇ ਇਸ ਦਾ ਕੋਈ ਨਾਂ ਨਹੀਂ ਰੱਖਿਆ ਗਿਆ। ਇਸ ਨੂੰ ਚੌਥੀ (ਤੁਰੀਆ) ਹੀ ਆਖਿਆ ਗਿਆ ਹੈ। ਸੁਖੋਪਤਿ ਗੂਹੜੀ ਨਿਰਸੁਪਨ ਨੀਂਦ ਦੀ ਅਵਸਥਾ ਹੈ। ਇਹ ਜੀਵਤ ਵਿਅਕਤੀ ਦੀ ਸਭ ਤੋਂ ਵੱਧ ਸੁਖਦਾਇਕ ਅਵਸਥਾ ਦੱਸੀ ਗਈ ਹੈ। ਇਸ ਅਵਸਥਾ ਵਿਚ ਜੀਵ ਹਉਂ-ਰਹਿਤ ਅਤੇ ਚੇਤਨਾ-ਸ਼ੂਨ ਹੁੰਦਾ ਹੈ। ਹਉਂ-ਰਹਿਤਤਾ ਦੀ ਹਾਲਤ ਪਰਮਸੁਖ ਦੀ ਹਾਲਤ ਹੈ ਪ੍ਰੰਤੂ ਤੁਰੀਆ ਵਿਚਲੀ ਹਉਂ-ਰਹਿਤਤਾ ਦਾ ਆਧਾਰ ਚੇਤਨ-ਸ਼ੂਨਤਾ ਹੈ। ਸੁਖੋਪਤਿ (ਗੂਹੜੀ ਨੀਂਦ) ਦੀ ਸਮਾਪਤੀ ਨਾਲ ਚੇਤਨਾ ਪਰਤ ਆਉਂਦੀ ਹੈ, ਹਉਂ ਜਾਗ ਪੈਂਦੀ ਹੈ ਅਤੇ ਸੁਖੋਪਤਿ ਦਾ ਸੁਖ ਸਮਾਪਤ ਹੋ ਜਾਂਦਾ ਹੈ। ਜਾਗ੍ਰਤ ਵਿਚ ਸੁਖੋਪਤਿ ਦੀ ਹਾਲਤ ਜਾਂ ਹਉਂ-ਰਹਿਤ ਹੋਣ ਦੀ ਹਾਲਤ ਪੈਦਾ ਕਰ ਲੈਣ ਨਾਲ ਮਨੁੱਖ ਤੁਰੀਆ ਅਵਸਥਾ ਵਿਚ ਚਲੇ ਜਾਂਦਾ ਹੈ ਅਤੇ ਅਟੱਲ, ਨਿਰਵਿਘਨ ਅਨੰਦ ਦੀ ਪ੍ਰਾਪਤੀ ਕਰ ਲੈਂਦਾ ਹੈ। ਇਹ ਯੋਗ ਸ਼ਾਸਤ੍ਰ ਦਾ ਦਾਅਵਾ ਹੈ। ਤੁਰੀਆ ਕਿਸੇ ਵੀ ਸਾਧਾਰਨ ਆਦਮੀ ਦਾ ਅਨੁਭਵ ਨਹੀਂ। ਇਹ ਅਸਾਧਾਰਨ ਅਵਸਥਾ ਹੈ ਅਤੇ ਕਿਸੇ

ਵਿਰਲੇ ਅਸਾਧਾਰਨ ਆਦਮੀ ਦੀ ਪਹੁੰਚ ਵਿਚ (ਸ਼ਾਇਦ) ਹੋਵੇ।[੬]

ਸਹਜ ਅਵਸਥਾ ਬਾਰੇ ਸ੍ਰੀ ਗੁਰੂ ਅਮਰਦਾਸ ਜੀ ਬਾਣੀ ਵਿਚ ਬੜੇ ਵਿਸਥਾਰ ਸਹਿਤ ਬਿਆਨ ਕਰਦੇ ਹਨ ਕਿ ਗੁਰੂ ਦੇ ਸ਼ਬਦ ਨਾਲ ਜੁੜਨ ਤੇ ਆਤਮਿਕ ਅਡੋਲਤਾ ਪੈਦਾ ਹੁੰਦੀ ਹੈ ਅਤੇ ਸਦਾ-ਥਿਰ ਰਹਿਣ ਵਾਲਾ ਹਰੀ ਮਿਲਦਾ ਹੈ। ਪੰਡਿਤ ਤੇ ਜੋਤਸ਼ੀ ਸ਼ਾਸਤ੍ਰ ਆਦਿਕ ਧਰਮ-ਪੁਸਤਕਾਂ ਪੜ੍ਹ-ਪੜ੍ਹ ਕੇ ਥੱਕ ਗਏ ਪਰ ਸਹਜ-ਅਵਸਥਾ ਪ੍ਰਾਪਤ ਨਾ ਕਰ ਸਕੇ, ਛੇ ਭੇਖਾਂ ਦੇ ਸਾਧੂ ਭੀ ਭਟਕ-ਭਟਕ ਕੇ ਕੁਰਾਹੇ ਹੀ ਪਏ ਰਹੇ ਉਹ ਭੀ ਸਹਜ-ਅਵਸਥਾ ਨਾ ਲੱਭ ਸਕੇ। ਜਿਨ੍ਹਾਂ ਉੱਤੇ ਪਰਮਾਤਮਾ ਦੀ ਮਿਹਰ ਹੋ ਜਾਂਦੀ ਹੈ, ਉਹ ਗੁਰੂ ਦੇ ਰਾਹੀਂ ਸਹਜ-ਅਵਸਥਾ ਪ੍ਰਾਪਤ ਕਰਦੇ ਹਨ। ਪਰ ਅਗਿਆਨਤਾ ਵਸ ਔਗੁਣਹਾਰਾ ਮਨੁੱਖ ਜਨਮ ਮਰਨ ਦੇ ਭੈੜੇ ਗੇੜ ਵਿਚ ਹੀ ਫਸ ਕੇ ਰਹਿ ਜਾਂਦਾ ਹੈ। ਮਾਇਆ ਦੇ ਤਿੰਨ ਗੁਣਾਂ ਅਤੇ ਪੰਜ ਵਿਕਾਰਾਂ ਦੇ ਅਧੀਨ ਉਸ ਦੀ ਭਟਕਣਾ ਕਦੇ ਮੁਕਦੀ ਨਹੀਂ। ਅਜਿਹੀ ਹਾਲਤ ਵਿਚ ਧਾਰਮਿਕ ਪੁਸਤਕਾਂ ਪੜ੍ਹਨ ਦਾ, ਵਿਚਾਰਨ ਦਾ ਅਤੇ ਹੋਰਨਾਂ ਨੂੰ ਸੁਣਾਉਣ ਦਾ ਕੋਈ ਲਾਭ ਨਹੀਂ ਹੁੰਦਾ, ਕਿਉਂਕਿ ਜੀਵ ਆਪਣੇ ਮੂਲ-ਪ੍ਰਭੂ ਤੋਂ ਖੁੰਝ ਕੇ ਗ਼ਲਤ ਜੀਵਨ-ਰਾਹ ’ਤੇ ਤੁਰਦਾ ਹੈ। ਮਾਇਆ ਦੇ ਤਿੰਨ ਗੁਣਾਂ ਤੋਂ ਲੰਘ ਕੇ ਚੌਥੀ ਆਤਮਿਕ ਅਵਸਥਾ ਵਿਚ ਅਪੜਿਆਂ ਮਨ ਦੀ ਸ਼ਾਂਤੀ ਪ੍ਰਾਪਤ ਹੁੰਦੀ ਹੈ।[੭]

ਡਾ. ਬਲਕਾਰ ਸਿੰਘ ਲਿਖਦੇ ਹਨ ਕਿ ਭਾਰਤੀ ਚਿੰਤਨ ਪੱਧਤੀ ਵਿਚ ਸਹਜ ਨੂੰ ਉਪਾਸਨਾ ਦਾ ਇਕ ਰੂਪ ਪ੍ਰਵਾਨ ਕੀਤਾ ਗਿਆ ਹੈ। ਸ਼ਿਵ ਪੁਰਾਣ ਵਿਚ ਉਪਾਸਨਾ ਨਾਲ ਸੰਬੰਧਿਤ ਰੂਪਾਂ ਨੂੰ ਕਰਮਬੱਧ ਕਰਦਿਆਂ ਸਹਜ ਅਵਸਥਾ ਨੂੰ ਉੱਤਮ ਪ੍ਰਵਾਨ ਕੀਤਾ ਹੋਇਆ ਹੈ।[੮]

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜਨਮ-ਮਰਨ ਦਾ ਗੇੜ, ਮਾਨੋ, ਇਕ ਘੁੰਮਣਘੇਰੀ ਹੈ, ਇਸ ਵਿੱਚੋਂ ਪਰਮਾਤਮਾ ਦੀ ਭਗਤੀ ਅਤੇ ਗੁਰੂ ਦੀ ਦੱਸੀ ਹੋਈ ਕਾਰ ਕਰ ਕੇ ਪਾਰ ਲੰਘ ਜਾਈਦਾ ਹੈ। ਜਦ ਜਨਮ ਮਰਨ ਦਾ ਗੇੜ ਮੁਕ ਜਾਂਦਾ ਹੈ ਤਾਂ ਮਨੁੱਖ ਤੁਰੀਆ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ। ਜਿਹੜਾ ਮਨੁੱਖ ਪ੍ਰਭੂ-ਭਗਤੀ ਤੋਂ ਸੱਖਣਾ ਹੋ ਕੇ ਤ੍ਰੈਗੁਣੀ ਸੰਸਾਰ ਨਾਲ ਹੀ ਹਿੱਤ ਕਰਦਾ ਹੈ ਉਹ ਜੰਮਦਾ-ਮਰਦਾ ਰਹਿੰਦਾ ਹੈ। ਸਾਰੇ ਮਨੁੱਖੀ ਮਨ ਦੀਆਂ ਤਿੰਨਾਂ ਅਵਸਥਾਵਾਂ ਦਾ ਹੀ ਜ਼ਿਕਰ ਕਰਦੇ ਹਨ। ਚੌਥੀ ਅਵਸਥਾ ਜਿਸ ਵਿਚ ਜੀਵਾਤਮਾ ਪਰਮਾਤਮਾ ਨਾਲ ਇੱਕ-ਰੂਪ ਹੋ ਜਾਂਦੀ ਹੈ ਉਹ ਬਿਆਨ ਤੋਂ ਪਰ੍ਹੇ ਹੈ। ਗੁਰੂ ਦੀ ਸ਼ਰਨ ਪੈ ਕੇ ਪਰਮਾਤਮਾ ਨਾਲ ਡੂੰਘੀ ਜਾਣ-ਪਛਾਣ ਪਾ ਲਵੋ, ਇਹ ਹੈ ਤੁਰੀਆ ਅਵਸਥਾ। ਹਰੇਕ ਜੀਵ ਧਰਮ, ਅਰਥ, ਕਾਮ, ਮੋਖ (ਮੁਕਤੀ) ਇਨ੍ਹਾਂ ਚਾਰ ਪਦਾਰਥਾਂ ਦਾ ਜ਼ਿਕਰ ਤਾਂ ਕਰਦਾ ਹੈ, ਸਿੰਮ੍ਰਿਤੀਆਂ, ਸ਼ਾਸਤਰਾਂ ਦੇ ਪੰਡਿਤਾਂ ਦੇ ਮੂੰਹੋਂ ਭੀ ਇਹੀ ਸੁਣੀਦਾ ਹੈ, ਪਰ ਮੁਕਤਿ ਪਦਾਰਥ ਕੀ ਹੈ, ਉਹ ਅਵਸਥਾ ਕਿਹੋ ਜਿਹੀ ਹੈ ਜਿੱਥੇ ਜੀਵ ਤਿੰਨਾਂ ਗੁਣਾਂ ਦੇ ਪ੍ਰਭਾਵ ਤੋਂ ਨਿਰਲੇਪ ਹੋ ਜਾਂਦਾ ਹੈ, ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ

ਇਸ ਦਾ ਅਨੁਭਵ ਨਹੀਂ ਹੋ ਸਕਦਾ, ਇਹ ਪਦਾਰਥ ਪਰਮਾਤਮਾ ਦੀ ਭਗਤੀ ਕੀਤਿਆਂ ਮਿਲਦਾ ਹੈ। ਜਿਸ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਆ ਵਸਦਾ ਹੈ ਉਸ ਨੂੰ ਭਗਤੀ ਦੀ ਪ੍ਰਾਪਤੀ ਹੋ ਗਈ, ਤੇ ਇਹ ਭਗਤੀ ਗੁਰੂ ਦੀ ਰਾਹੀਂ ਹੀ ਮਿਲਦੀ ਹੈ। ਪਰਮਾਤਮਾ ਦੀ ਭਗਤੀ ਦੀ ਰਾਹੀਂ ਹੀ ਤੁਰੀਆ ਪਦ ਦੀ ਪ੍ਰਾਪਤੀ ਸੰਭਵ ਹੈ ਭਾਵ ਅਜਿਹੇ ਗੁਰਮੁਖ ਪਰਮਾਨੰਦ ਦੀ ਪ੍ਰਾਪਤੀ ਦੇ ਭਾਗੀ ਬਣਦੇ ਹਨ।[੯]

ਭਾਈ ਗੁਰਦਾਸ ਜੀ ਫੁਰਮਾਉਂਦੇ ਹਨ ਅਜਿਹੀ ਅਵਸਥਾ ਵਾਲਾ ਵਿਅਕਤੀ ਹਮੇਸ਼ਾ ਖੁਸ਼ ਰਹਿੰਦਾ ਹੈ ਨਿਰਾਸ਼ਾ ਉਸਦੇ ਨੇੜ੍ਹੇ ਨਹੀਂ ਫੜਕਦੀ। ਉਹ ਮੌਤ ਤੋਂ ਉੱਪਰ ਉੱਠ ਕੇ ਚੱਲਦਾ ਹੈ, ਥੋੜਾ ਖਾਂਦਾ ਅਤੇ ਘੱਟ ਸੌਂਦਾ ਹੈ। ਪਰ ਇਹ ਅਵਸਥਾ ਸਾਧਸੰਗਤ ਵਿਚ ਜਾ ਕੇ ਗੁਰੂ ਦੇ ਸ਼ਬਦ ਦੀ ਘਾਲ-ਕਮਾਈ ਦੁਆਰਾ ਹੀ ਮਿਲਦੀ ਹੈ।[੧੦] ਇਹ ਅਵਸਥਾ ਬ੍ਰਹਮ ਵਿਚ ਅਭੇਦਤਾ, ਪਰਮ ਅਨੰਦ ਅਤੇ ਆਦਿ ਅਨਾਦਿ ਵਾਲੀ ਅਫੁਰ ਅਵਸਥਾ ਹੈ। ਇਸ ਅਵਸਥਾ ਵਿਚ ਕੋਈ ਸੁਖ ਦੁਖ ਨਹੀਂ, ਹਰਖ ਸੋਗ ਨਹੀਂ, ਆਪਣਾ ਬੇਗਾਨਾ ਨਹੀਂ, ਆਸਾ ਨਿਰਾਸ਼ਾ ਨਹੀਂ। ਕੋਈ ਚਿੰਤਾ ਨਹੀਂ, ਕੋਈ ਦ੍ਵੈਸ਼ ਨਹੀਂ, ਕੋਈ ਚੇਤਾ ਨਹੀਂ। ਇਹ ਪਰਮ-ਧਿਆਨੀ ਅਵਸਥਾ ਹੈ। ਇਹ ਆਪਾ ਚੀਨਣ ਤੋਂ ਪ੍ਰਾਪਤ ਹੁੰਦੀ ਹੈ। ਇਹ ਸੁੰਨ ਜਾਂ ਅਣਹੋਂਦ ਨਹੀਂ ਬਲਕਿ ਇਹ ਸਤਿ ਹੈ।

ਗੁਰੂ ਸਾਹਿਬ ਜ਼ਿਕਰ ਕਰਦੇ ਹਨ ਕਿ ਇਸ ਅਵਸਥਾ ਨੂੰ ਪ੍ਰਾਪਤ ਕਰਨ ਵਾਲਾ ਅਭਿਆਗਤ (ਸਾਧਕ) ਕਿਹੋ ਜਿਹਾ ਹੋਵੇ। ਆਪ ਜੀ ਦੱਸਦੇ ਹਨ ਕਿ ਜਿਨ੍ਹਾਂ ਮਨੁੱਖਾਂ ਦੇ ਮਨ ਵਿਚ ਭਟਕਣਾ ਹੋਵੇ (ਭਾਵ, ਜੋ ਦਰ ਦਰ 'ਤੇ ਭਟਕ ਕੇ ਰੋਟੀਆਂ ਆਟਾ ਮੰਗਦੇ ਫਿਰਨ) ਉਨ੍ਹਾਂ ਨੂੰ ਅਭਿਆਗਤ' ਨਹੀਂ ਆਖੀਦਾ। ਅਜਿਹੇ ਬੰਦੇ ਨੂੰ ਦੇਣ ਨਾਲ ਪੁੰਨ ਭੀ ਇਹੋ ਜਿਹਾ ਹੀ ਹੁੰਦਾ ਹੈ। ਸਭ ਤੋਂ ਉੱਚਾ ਦਰਜਾ ਹੈ ਨਿਰਭਉ ਤੇ ਮਾਇਆ-ਰਹਿਤ ਪ੍ਰਭੂ ਨੂੰ ਮਿਲਣਾ। ਜੋ ਮਨੁੱਖ ਇਸ ਪਰਮ ਪਦ ਦਾ ਅਭਿਲਾਖੀ ਹੈ, ਉਸ ਦੀ ਲੋੜੀਂਦੀ ਖੁਰਾਕ ਕੋਈ ਵਿਰਲਾ ਬੰਦਾ ਦਿੰਦਾ ਹੈ:

*ਅਭਿਆਗਤ ਏਹਿ ਨ ਆਖੀਅਨਿ ਜਿਨ ਕੇ ਚਿਤ ਮਹਿ ਭਰਮੁ॥*
*ਤਿਸ ਦੈ ਦਿਤੈ ਨਾਨਕਾ ਤੇਹੋ ਜੇਹਾ ਧਰਮੁ॥*
*ਅਭੈ ਨਿਰੰਜਨੁ ਪਰਮ ਪਦੁ ਤਾ ਕਾ ਭੂਖਾ ਹੋਇ॥*
*ਤਿਸ ਕਾ ਭੋਜਨੁ ਨਾਨਕਾ ਵਿਰਲਾ ਪਾਏ ਕੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੯)*

**ਦਸਮ ਦੁਆਰ:** ਅਭਿਆਗਤ ਉਹ ਹੈ ਜਿਸ ਨੇ ਗੁਰੂ ਦੇ ਦੱਸੇ ਮਾਰਗ 'ਤੇ ਚਲਦਿਆਂ ਦਸਮ ਦੁਆਰ ਦੀ ਸੋਝੀ ਪਾ ਲਈ ਹੈ। ਮਨੁੱਖ ਦੇ ਅੰਦਰ ਨੌਂ ਇੰਦ੍ਰੀਆਂ ਜਿਨ੍ਹਾਂ ਨੂੰ ਨਉ ਦੁਆਰ ਜਾਂ ਨਉ ਦਰਵਾਜੇ ਕਿਹਾ ਜਾਂਦਾ ਹੈ। ਇਹ ਨੌਂ ਇੰਦ੍ਰੀਆਂ ਹਨ- ਦੋ ਅੱਖਾਂ, ਦੋ ਕੰਨ, ਦੋ ਨਾਸਾਂ, ਮੂੰਹ ਅਤੇ ਮਲ-ਮੂਤਰ ਵਾਲੀਆਂ ਦੋ ਇੰਦ੍ਰੀਆਂ। ਜਿਹੜਾ ਮਨੁੱਖ ਸਾਧ-ਸੰਗਤ ਵਿਚ ਜਾ ਕੇ ਗੁਰੂ ਰਾਹੀਂ ਆਪਣੇ ਮਨ ਨੂੰ ਸਾਧ ਲੈਂਦਾ ਹੈ ਅਤੇ ਤ੍ਰੈਗੁਣੀ ਝਮੇਲੇ ਤੋਂ ਮੁਕਤ ਹੋ ਜਾਂਦਾ ਹੈ ਉਹ ਪਰਮ ਪਦ ਦਾ ਭਾਗੀ ਬਣਦਾ

ਹੈ। ਅਜਿਹੇ ਗੁਰਮੁਖਾਂ ਦਾ ਦਸਮ ਦੁਆਰ ਖੁਲ ਜਾਂਦਾ ਹੈ। ਜਿੱਥੇ ਫੇਰ ਅਨੰਦ ਹੀ ਅਨੰਦ ਹੈ। ਅਜਿਹੀ ਅਵਸਥਾ ਵਿਚ ਪਹੁੰਚਿਆ ਮਨੁੱਖ ਜੀਵਨ ਮੁਕਤ ਹੋ ਜਾਂਦਾ ਹੈ:

*ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦)*

ਦਸਮ ਦੁਆਰ ਸੁਰਤ ਦੀ ਉਸ ਅਵਸਥਾ ਨੂੰ ਆਖਿਆ ਹੈ ਜਿਸ ਵਿਚ ਨਾ ਸਰੀਰਿਕ ਰੁਝੇਵਿਆਂ ਦਾ ਖਿਆਲ ਖਟਕਦਾ ਹੈ ਅਤੇ ਨਾ ਮਨ ਦੀ ਉਧੇੜ ਬੁਣ ਬਾਕੀ ਰਹਿ ਜਾਂਦੀ ਹੈ। ਇਸ ਸਥਿਤੀ ਵਿਚ ਹਰ ਥਾਂ ਵਾਹਿਗੁਰੂ ਦਾ ਅਨੁਭਵ ਹੋਣ ਲਗਦਾ ਹੈ। ਕੋਈ ਭੇਦ ਹੀ ਨਹੀਂ ਰਹਿ ਜਾਂਦਾ *ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ* ਇਹ ਅਜਿਹੀ ਅਵਸਥਾ ਹੈ। ਦਸਮ ਦੁਆਰ ਵਿਚ ਪਹੁੰਚਣ ਤੋਂ ਪਹਿਲਾਂ ਨੌਂ ਦਰਵਾਜ਼ਿਆਂ ਨੂੰ ਬੰਦ ਕਰਨਾ ਪੈਂਦਾ ਹੈ। ਆਤਮਿਕ ਅਨੰਦ ਤੋਂ ਵਾਂਝਾ ਮਨੁੱਖ ਹੀ ਇੰਦ੍ਰਿਆਵੀ ਜਾਲ ਵਿਚ ਫਸਦਾ ਹੈ। ਜਦੋਂ ਮਨੁੱਖ ਇਸ ਈਸ਼ਵਰੀ ਅਨੰਦ ਦਾ ਰਸ ਮਾਣਦਾ ਹੈ ਫੇਰ ਤਾਂ ਸਾਰੇ ਸੰਸੇ, ਸਾਰੀਆਂ ਚਿੰਤਾਵਾਂ ਦਾ ਖਾਤਮਾ ਹੋ ਜਾਂਦਾ ਹੈ। ਦਸਮ ਦੁਆਰ ਅਸਲ ਵਿੱਚ ਸਰਬੱਤ ਵਾਸਨਾਵਾਂ ਤੋਂ ਮੁਕਤੀ ਹੈ ਇੱਥੇ ਕੇਵਲ ਅਨਹਦ ਸ਼ਬਦ ਦੀ ਵਸਦਾ ਹੈ। ਅਨਹਦ ਸ਼ਬਦ ਅਤੇ ਅੰਮ੍ਰਿਤ ਨਾਮ ਦਸਮ ਦੁਆਰ ਦੇ ਦੋ ਮੁੱਖ ਲੱਛਣ ਹਨ:

*ਅਨਹਦ ਸਬਦ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੦੨)*

ਦਸਮ ਦੁਆਰ ਹੀ ਪਰਮ ਪਦ ਦੀ ਪ੍ਰਾਪਤੀ ਹੈ। ਪਰ ਮਾਇਆ ਦੇ ਤਿੰਨ ਗੁਣ ਮਨੁੱਖ ਨੂੰ ਇਸ ਸੰਸਾਰਿਕ ਜਾਲ ਦੇ ਤਾਣੇ-ਪੇਟੇ ਵਿਚ ਇਸ ਤਰ੍ਹਾਂ ਉਲਝਾ ਦਿੰਦੇ ਹਨ ਕਿ ਉਹ ਚੌਥੀ ਅਵਸਥਾ ਭਾਵ ਤੁਰੀਆ ਪਦ ਬਾਰੇ ਕਦੇ ਸੋਚਦਾ ਵੀ ਨਹੀਂ ਇਸ ਦੀ ਪ੍ਰਾਪਤੀ ਕਰਨਾ ਤਾਂ ਬਹੁਤ ਦੂਰ ਦੀ ਗੱਲ ਹੈ।

**ਤ੍ਰੈਗੁਣ:** ਭਾਰਤੀ ਦਾਰਸ਼ਨਿਕਾਂ ਅਨੁਸਾਰ ਮਾਇਆ ਤਿੰਨ ਰੂਪਾਂ ਅਥਵਾ ਗੁਣਾਂ ਵਿਚ ਵਰਤਦੀ ਹੈ-ਤਮੋ, ਰਜੋ ਅਤੇ ਸਤੋ। ਤਮੋ ਗੁਣ ਵਾਲੇ ਜੀਵਾਂ ਵਿਚ ਹਿੰਸਾ, ਕ੍ਰੋਧ, ਕਾਮ, ਚੋਰੀ ਆਦਿ ਦੀਆਂ ਪ੍ਰਵਿਰਤੀਆਂ ਪ੍ਰਬਲ ਹੁੰਦੀਆਂ ਹਨ। ਰਜੋ ਗੁਣੀ ਜੀਵਾਂ ਦੀਆਂ ਪ੍ਰਵਿਰਤੀਆਂ ਸਾਧਾਰਨ ਹੁੰਦੀਆਂ ਹਨ ਅਤੇ ਸਾਤਵਿਕ ਪ੍ਰਭਾਵ ਘੱਟ ਗ੍ਰਹਿਣ ਕਰਦੇ ਹਨ। ਸਤੋ ਗੁਣੀ ਜੀਵਾਂ ਦੀ ਜੀਵਨ-ਜਾਚ ਉੱਤਮ ਮੰਨੀ ਜਾਂਦੀ ਹੈ। ਇਨ੍ਹਾਂ ਵਿਚ ਦਇਆ, ਪੁੰਨ, ਦਾਨ, ਮੈਤ੍ਰੀ ਆਦਿ ਗੁਣਾਂ ਦੀ ਹੋਂਦ ਹੁੰਦੀ ਹੈ। ਗੁਰਮਤਿ ਅਨੁਸਾਰ ਇਨ੍ਹਾਂ ਤਿੰਨਾਂ ਗੁਣਾਂ ਤੋਂ ਉੱਪਰ ਉਠ ਕੇ ਤੁਰੀਆ ਪਦ 'ਤੇ ਪਹੁੰਚਣ ਨਾਲ ਪ੍ਰਭੂ ਦਾ ਮੇਲ ਸੰਭਵ ਹੈ। ਭਗਤ ਕਬੀਰ ਜੀ ਅਨੁਸਾਰ:

*ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥*
*ਚਉਥੇ ਪਦ ਕਉ ਜੋ ਨਰੁ ਚੀਨ੍ਹੈ ਤਿਨ੍ਹ ਹੀ ਪਰਮ ਪਦੁ ਪਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੩)*

ਸ੍ਰੀ ਗੁਰੂ ਅਮਰਦਾਸ ਜੀ ਦਾ ਫੁਰਮਾਨ ਹੈ:

*ਤ੍ਰੈ ਗੁਣ ਮਾਇਆ ਮੋਹੁ ਹੈ ਗੁਰਮੁਖਿ ਚਉਥਾ ਪਦੁ ਪਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੩੦)*

ਜਿਹੜਾ ਮਨੁੱਖ ਮਾਇਆ ਦੇ ਇਨ੍ਹਾਂ ਗੁਣਾਂ ਨੂੰ ਸਮਾਨ ਕਰ ਕੇ ਜਾਣਦਾ ਹੈ, ਵਿਕਾਰਾਂ ਤੋਂ ਛੁਟਕਾਰਾ ਪਾ ਲੈਂਦਾ ਹੈ, ਸਦਾ ਸਰਬ-ਵਿਆਪਕ ਪ੍ਰਭੂ ਨੂੰ ਸਿਮਰਦਾ ਹੈ, ਉਸ ਦੇ ਅੰਦਰੋਂ ਮਾਇਆ ਦੀ ਤ੍ਰਿਸ਼ਨਾ ਤੇ ਭਟਕਣਾ ਦੂਰ ਹੋ ਜਾਂਦੀ ਹੈ, ਉਹ ਹੀ ਚਉਥੇ ਪਦ ਭਾਵ ਪਰਮ ਪਦ ਦਾ ਧਾਰਨੀ ਬਣਦਾ ਹੈ।

**ਵਿਕਾਰਾਂ ਦਾ ਤਿਆਗ:** ਤੁਰੀਆ ਅਵਸਥਾ ਦੇ ਰਾਹ ਵਿਚ ਸਭ ਤੋਂ ਵੱਡਾ ਰੋੜਾ ਮਨੁੱਖੀ ਵਿਕਾਰ ਹਨ। ਸਿੱਖੀ ਆਸ਼ੇ ਅਨੁਸਾਰ ਮਨੁੱਖੀ ਜੀਵਨ ਅਧਿਆਤਮਿਕ ਪਰਤਾਵੇ ਲਈ ਹੈ। ਮਨੁੱਖ ਅਕਾਲ ਪੁਰਖ ਵੱਲੋਂ ਆਉਂਦਾ ਹੈ ਤੇ ਮੁੜ ਅਕਾਲ ਪੁਰਖ ਵੱਲ ਹੀ ਜਾਂਦਾ ਹੈ। ਮਨੁੱਖੀ ਜੀਵਨ ਦਾ ਪ੍ਰਯੋਜਨ ਅਕਾਲ ਪੁਰਖ ਵਿਚ ਅਭੇਦਤਾ ਹੈ। ਹਉਮੈਂ ਦੇ ਪ੍ਰਭਾਵ ਹੇਠ, ਮਾਇਆ ਦੇ ਜਾਲ ਵਿਚ ਫਸਿਆ ਮਨੁੱਖ ਸੁਆਰਥ ਵੱਸ ਜਨਮ-ਮਰਨ ਦੇ ਗੇੜ ਵਿਚ ਪਿਆ ਰਹਿੰਦਾ ਹੈ ਤੇ ਆਪਣੇ ਜੀਵਨ ਦੇ ਮੂਲ ਆਸ਼ੇ ਤੋਂ ਥਿੜਕ ਜਾਂਦਾ ਹੈ, ਭਟਕ ਜਾਂਦਾ ਹੈ:

*ਮਾਇਆ ਮਗਨੁ ਪਰਮ ਪਦੁ ਦੂਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੨੬)*

ਗੁਰੂ ਦੇ ਸ਼ਬਦ ਦੀ ਕਮਾਈ ਨਾਲ ਹਉਮੈਂ ਤੋਂ ਛੁਟਕਾਰਾ ਪਾਈਦਾ ਹੈ। ਮਾਤਾ-ਪਿਤਾ ਦੇ ਵੱਲੋਂ ਮਨੁੱਖ ਨੂੰ ਸਰੀਰ ਮਿਲਦਾ ਹੈ। ਪਰਮਾਤਮਾ ਦੁਆਰਾ ਸਰੀਰ ਵਿਚ ਜੋਤਿ ਰੱਖੀ ਜਾਂਦੀ ਹੈ। ਮਾਇਆ ਦੇ ਵੱਸ ਪੈ ਕੇ ਇਸ ਸਰੀਰ ਨੇ ਹਉਮੈਂ ਦੇ ਵਿਚ ਬੱਧੇ ਹੋਇਆਂ ਸੁਰਤਿ ਭੁਲਾ ਦਿੱਤੀ। ਇਸ ਕਾਰਨ ਹੀ ਮਨੁੱਖ ਆਪਣੇ ਜੀਵਨ ਦੇ ਮੂਲ ਮੰਤਵ ਮੁਕਤੀ ਪ੍ਰਾਪਤੀ ਭਾਵ ਮੁਕਤ ਪਦ ਦੀ ਪ੍ਰਾਪਤੀ ਨੂੰ ਵਿਸਾਰ ਦਿੰਦਾ ਹੈ। ਇਹੀ ਫੇਰ ਮਨੁੱਖ ਦੇ ਜਨਮ-ਮਰਨ ਦੇ ਗੇੜ ਦਾ ਕਾਰਨ ਬਣਦਾ ਹੈ। ਪਰ ਇਹ ਕੁਰਾਹੇ ਪਿਆ ਮਨੁੱਖ ਸਤਿਗੁਰੂ ਦੀ ਕਿਰਪਾ ਦੁਆਰਾ, ਉਸ ਦੇ ਲੜ ਲੱਗ ਕੇ ਅਕਾਲ ਪੁਰਖ ਦੇ ਨਾਮ ਸਿਮਰਨ ਦੁਆਰਾ ਆਪਣੇ ਮੂਲ ਟੀਚੇ ਨੂੰ ਪ੍ਰਾਪਤ ਕਰ ਸਕਦਾ ਹੈ। ਜਿਹੜਾ ਮਨੁੱਖ ਹਉਮੈਂ ਨੂੰ ਮਾਰ ਕੇ ਸ਼ਬਦ ਅਭਿਆਸ ਦੁਆਰਾ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਨੂੰ ਵੱਸ ਵਿਚ ਕਰ ਲੈਂਦਾ ਹੈ ਉਹੀ ਤੁਰੀਆ ਅਵਸਥਾ ਦਾ ਭਾਗੀ ਬਣਦਾ ਹੈ।[੧੧] ਜਿਸ ਮਨੁੱਖ ਵਿਚ ਹਉਮੈਂ ਹੈ ਉਸ ਵਿਚ ਨਾਮ ਬਾਣੀ ਦੇ ਅਭਿਆਸ ਦੀ ਲਗਨ ਨਹੀਂ ਹੋ ਸਕਦੀ। ਮਨੁੱਖਾ ਜਨਮ ਅਹੰ ਨੂੰ ਮਾਰ ਕੇ ਸੱਚ ਦੀ ਪ੍ਰਾਪਤੀ ਰਾਹੀਂ ਪਰਮ ਆਤਮਾ ਵਿਚ ਲੀਨ ਹੋਣ ਲਈ ਪ੍ਰਾਪਤ ਹੋਇਆ ਹੈ। ਇਸ ਪੜਾਅ 'ਤੇ ਪੁੱਜਾ ਹੋਇਆ ਮਨੁੱਖ ਗੁਰਮੁਖ ਜਾ ਬ੍ਰਹਮਗਿਆਨੀ ਅਖਵਾਉਂਦਾ ਹੈ ਅਤੇ ਪਰਮ ਪਦ ਨੂੰ ਪ੍ਰਾਪਤ ਕਰਦਾ। ਭਗਤ ਕਬੀਰ ਜੀ ਦਾ ਇਸ ਬਾਬਤ ਫੁਰਮਾਨ ਹੈ:

*ਕਹਤ ਕਬੀਰ ਪੰਚ ਜੋ ਚੂਰੇ॥ ਤਿਨ ਤੇ ਨਾਹਿ ਪਰਮ ਪਦੁ ਦੂਰੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੮)*

ਵਿਕਾਰਾਂ ਨੂੰ ਤਿਆਗਦੇ ਹੋਏ ਗੁਰੂ ਦੇ ਲੜ ਲੱਗ [੧੨], ਸਾਧ ਸੰਗਤ ਵਿਚ ਜਾ ਕੇ,

ਹਰਿ ਜਸ ਗਾਉਣ ਵਾਲਿਆਂ ਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਅਤੇ ਪਰਮ ਪਦ ਦੀ ਪ੍ਰਾਪਤੀ ਦਾ ਰਾਹ ਖੁਲਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਵਿਚ ਇਸ ਅਵਸਥਾ ਦੀ ਪ੍ਰਾਪਤੀ ਲਈ ਸਤਿਸੰਗਤ ਵਿਚ ਜਾਣ ਦਾ ਜ਼ਿਕਰ ਕੀਤਾ ਹੈ:

*ਆਸਾ ਮਨਸਾ ਦੋਊ ਬਿਨਾਸਤ ਤ੍ਰਿਹੁ ਗੁਣ ਆਸ ਨਿਰਾਸ ਭਈ॥*
*ਤੁਰੀਆਵਸਥਾ ਗੁਰਮੁਖਿ ਪਾਈਐ ਸੰਤ ਸਭਾ ਕੀ ਓਟ ਲਹੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੫੬)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਾਲਾ ਅਨਹਦ ਸ਼ਬਦ ਉਹ ਨਹੀਂ ਹੈ ਜੋ ਭੇਖੀ ਯੋਗੀ ਤੇ ਸੂਫੀ ਲੋਕ ਖਾਸ ਯੋਗਿਕ ਸਾਧਨਾਂ ਆਸਨਾਂ ਦੁਆਰਾ ਸੁਣਦੇ ਦੱਸੇ ਜਾਂਦੇ ਹਨ। ਭੇਖੀ ਸੰਤ ਤੇ ਅਧਿਆਤਮਿਕ ਮੰਡਲ ਦੇ ਛਲ-ਕਪਟੀ ਲੋਕ ਅਕਸਰ ਸਾਧਾਰਨ ਜਨਤਾ ਨੂੰ ਇਉਂ ਧੋਖਾ ਦਿੰਦੇ ਹਨ ਕਿ ਉਨ੍ਹਾਂ ਦੇ ਕੰਨ ਉਂਗਲੀਆਂ ਦੇ ਪੋਟਿਆਂ ਨਾਲ ਬੰਦ ਕਰ ਕੇ ਉਨ੍ਹਾਂ ਨੂੰ ਕਹਿੰਦੇ ਹਨ ਕਿ ਆਪਣੇ ਅੰਦਰ ਨਾਦ ਸੁਣੋ। ਜੋ ਆਵਾਜ਼ ਇਵੇਂ ਸੁਣਾਈ ਦਿੰਦੀ ਹੈ, ਉਹ ਤਾਂ ਭਿੰਨ-ਭਿੰਨ ਹੈ ਜੋ ਨਾੜਾਂ ਵਿਚ ਖ਼ੂਨ ਦੇ ਦੌਰਾ ਕਰਨ ਨਾਲ ਪੈਦਾ ਹੁੰਦੀ ਹੈ। ਇਵੇਂ ਹੀ ਉਹ ਰਾਗ-ਨਾਦ ਜੋ ਅਣਜਾਣ ਔਘੜ ਯੋਗੀ ਤੇ ਕੱਚੇ ਸੂਫੀ ਸੁਣਦੇ ਹਨ, ਅਕਸਰ ਉਨ੍ਹਾਂ ਦੇ ਆਪਣੇ ਮਨ ਦਾ ਭਰਮ ਹੁੰਦਾ ਹੈ। ਇਹ ਆਵਾਜ਼ ਉਨ੍ਹਾਂ ਆਵਾਜ਼ਾਂ ਵਾਂਗ ਹੁੰਦੀ ਹੈ, ਜੋ ਕੰਨ ਵਿਚ ਸੁਣਾਈ ਦਿੰਦੀਆਂ ਹਨ ਜਦ ਆਦਮੀ ਡੋਰੂ-ਡੋਰੂ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਨਹਦ-ਸ਼ਬਦ ਤਾਂ ਖਾਸ ਯੋਗਿਕ ਆਸਨਾਂ ਬਿਨਾਂ ਸੁਣਾਈ ਦਿੰਦਾ ਹੈ ਅਤੇ ਇਹ ਤਾਂ ਪੈਦਾ ਹੁੰਦਾ ਹੈ ਜਦ ਨਿੱਜ ਆਪਾ ਤੇ ਜਗਤ-ਆਤਮਾ ਇਕ-ਸੁਰਤਾ ਦੀ ਦਸ਼ਾ ਵਿਚ ਹੋਣ। ਜਦ ਸਾਡਾ ਅੰਤ੍ਰੀਵ ਆਤਮਾ ਤੇ ਸਗਲ ਸੰਸਾਰ ਇਕ-ਸੁਰ ਹੋਣ ਤੇ ਉਹ ਪ੍ਰਤੀਤ ਹੋਵੇ ਕਿ ਜ਼ਿੰਦਗੀ ਦੇ ਸਾਰੇ ਪ੍ਰਵਾਹ ਤੇ ਸਰਬ ਪ੍ਰਕਿਰਤੀ ਅਕਾਲ ਪੁਰਖ ਦੇ ਅੰਦਰ ਵਸ-ਰਸ ਰਹੇ ਹਨ, ਤਾਂ ਇਹ ਅਨਹਦ ਸ਼ਬਦ ਸੁਣਾਈ ਦਿੰਦਾ ਹੈ। ਇਹੀ ਅਵਸਥਾ ਸਹਿਜ ਅਵਸਥਾ, ਪਰਮ ਪਦ, ਚਉਥਾ ਪਦ ਹੈ, ਆਤਮਿਕ ਚੇਤਨਤਾ ਦੀ ਉਹ ਸੁਭਾਵਿਕ ਅਵਸਥਾ ਹੈ ਜਦੋਂ ਕੋਈ ਅਕਾਲ ਪੁਰਖ ਨਾਲ ਇਕ-ਮਿਕ ਅਭੇਦ ਹੁੰਦਾ ਹੈ।[੧੩]

ਆਮ ਵਿਅਕਤੀ ਦੀ ਸੁਖ ਦੀ ਪਰਿਭਾਸ਼ਾ ਬਹੁਤ ਹੀ ਸੀਮਤ ਅਤੇ ਭੌਤਿਕ ਹੁੰਦੀ ਹੈ। ਸੁਖ ਅਤੇ ਅਨੰਦ ਦੇ ਅੰਤਰ ਨੂੰ ਉਹ ਨਹੀਂ ਸਮਝ ਰਿਹਾ ਹੁੰਦਾ। ਸੁਖ ਸਰੀਰਕ ਹੁੰਦਾ ਹੈ ਤੇ ਅਨੰਦ ਅੰਤਰੰਗ ਅਵਸਥਾ ਹੁੰਦੀ ਹੈ ਜਿਹੜੀ ਬਿਬੇਕ ਬੁੱਧੀ ਜਾਗਰਿਤ ਹੋਣ 'ਤੇ ਹੀ ਅਨੁਭਵ ਕੀਤੀ ਜਾ ਸਕਦੀ ਹੈ। ਮਹਾਤਮਾ ਬੁੱਧ ਪਹਿਲਾਂ ਇੱਕ ਰਾਜਕੁਮਾਰ ਸਨ ਅਤੇ ਰਾਜ ਮਹਿਲ ਦੇ ਸਾਰੇ ਸੁੱਖ ਉਨ੍ਹਾਂ ਦੇ ਸਨਮੁਖ ਸਨ। ਪਰ ਫਿਰ ਵੀ ਉਹ ਪੀੜਿਤ ਸਨ ਅਤੇ ਉਨ੍ਹਾਂ ਨੂੰ ਪਰਮ ਅਨੰਦ ਉਦੋਂ ਹੀ ਪ੍ਰਾਪਤ ਹੋਇਆ ਜਦੋਂ ਉਨ੍ਹਾਂ ਦੀ ਬਿਬੇਕ ਬੁੱਧ ਜਾਗਰਿਤ ਹੋ ਗਈ। ਉਨ੍ਹਾਂ ਨੂੰ ਖਿਨਭੰਗਰ ਸੁੱਖਾਂ ਦੀ ਜਾਣਕਾਰੀ ਅਤੇ ਸਦੀਵੀ ਅਨੰਦ ਦੀ ਅਨਭੂਤੀ ਹੋ ਗਈ।[੧੪]

ਇਹ ਵਿਸਮਾਦੀ ਅਵਸਥਾ, ਪਰਮ ਪਦ ਗੂੰਗੇ ਦੀ ਮਠਿਆਈ ਸਮਾਨ ਹੈ ਜਿਸ ਨੂੰ ਸ਼ਬਦਾਂ ਰਾਹੀਂ ਬਿਆਨ ਕਰਨਾ ਅਸੰਭਵ ਪ੍ਰਤੀਤ ਹੁੰਦਾ ਹੈ। ਜਿਸ ਨੇ ਇਸ ਨੂੰ ਚਖਿਆ ਹੈ ਉਹ ਹੀ ਇਸਦੇ ਅਨੰਦ ਰੂਪੀ ਸਵਾਦ ਨੂੰ ਜਾਣਦਾ ਹੈ:

*ਜਿਨਿ ਇਹ ਚਾਖੀ ਸੋਈ ਜਾਣੈ ਗੂੰਗੇ ਕੀ ਮਿਠਿਆਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੦੭)*

**ਸਿੱਟਾ:** ਤੁਰੀਆ ਪਦ (ਪਰਮ ਪਦ) ਉਹ ਅਵਸਥਾ ਹੈ ਜਿਹੜੀ ਕਥਨੀ ਤੋਂ ਪਰ੍ਹੇ ਹੈ, ਇਸ ਨੂੰ ਕੇਵਲ ਅਨੁਭਵ ਕੀਤਾ ਜਾ ਸਕਦਾ ਹੈ। ਅਜਿਹੇ ਮਨੁੱਖ ਵਿਰਲੇ ਹੀ ਹੁੰਦੇ ਹਨ ਜੋ ਇਸ ਦੁਨੀਆ ਦੇ ਝਮੇਲਿਆਂ ਤੋਂ ਸੁਰਖਰੂ ਹੋ ਕੇ ਇਸ ਅਵਸਥਾ ਦੇ ਭਾਗੀ ਬਣਦੇ ਹਨ। ਇਸ ਅਵਸਥਾ ਤੇ ਪਹੁੰਚ ਕੇ ਵਿਸਮਾਦੀ ਅਨੰਦ ਦੇ ਹੁਲਾਰੇ ਆਉਂਦੇ ਹਨ। ਸਾਰਾ ਸੰਸਾਰ ਪ੍ਰਕਾਸ਼ ਵਿਚ ਜਗਮਗਾ ਉਠਦਾ ਹੈ। ਜਨਮ-ਮਰਨ ਦਾ ਭੈ ਤੇ ਗੇੜ ਮੁੱਕ ਜਾਂਦਾ ਹੈ। ਜਦ ਪਰਮਾਤਮਾ ਉੱਪਰ ਪੂਰਨ ਭਰੋਸਾ ਆ ਜਾਂਦਾ ਹੈ ਤਦ ਮੇਰ-ਤੇਰ, ਹਉਮੈਂ ਦਾ ਨਾਸ਼ ਹੋ ਜਾਂਦਾ ਹੈ। ਫਿਰ ਮਨ ਦੀ ਭਟਕਣਾ ਮੁੱਕ ਜਾਂਦੀ ਹੈ ਤੇ ਬਸ ਪਰਮ ਆਨੰਦ ਹੀ ਵਾਪਰਦਾ ਹੈ।

**ਹਵਾਲੇ :**


**੧.** ਗੁਰਚਰਨ ਸਿੰਘ, *ਸ੍ਰੀ ਗੁਰੂ ਗ੍ਰੰਥ ਕੋਸ਼,* ਜਿਲਦ ਦੂਜੀ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨਾ ੧੪੭੫.

**੨.** ਭਾਈ ਕਾਨ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ੨੦੦੬, ਪੰਨਾ ੭੪੯.

**੩.** ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੩, ਪੰਨਾ ੩੧੭.

**੪.** ਡਾ. ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼,* ਭਾਗ ਤੀਜਾ, ਗ੍ਰੇਸ਼ੀਅਨ ਬੁਕਸ, ਪਟਿਆਲਾ, ੨੦੦੩, ਪੰਨਾ ੧੦੫੧.

**੫.** ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ਪੰਨੇ ੨੯੨-੨੯੩.

**੬.** ਪੂਰਨ ਸਿੰਘ, *ਸੱਭਿਅਤਾ ਅਤੇ ਸੱਭਿਆਚਾਰ,* ਸਾਤਵਿਕ ਮੀਡੀਆ ਪ੍ਰਾਈਵੇਟ ਲਿਮਿਟਡ, ਸ੍ਰੀ ਅੰਮ੍ਰਿਤਸਰ, ੨੦੦੭,ਪੰਨੇ ੭-੮.

**੭.** *ਸ੍ਰੀ ਗੁਰੂ ਗ੍ਰੰਥ ਸਾਹਿਬ,* ੬੮.

**੮.** ਬਲਕਾਰ ਸਿੰਘ, *ਸਿੱਖ ਰਹੱਸਵਾਦ,* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੯੯, ਪੰਨਾ ੧੦੨.

**੯.** *ਸ੍ਰੀ ਗੁਰੂ ਗ੍ਰੰਥ ਸਾਹਿਬ,* ੧੫੪.

**੧੦.** *ਵਾਰਾਂ ਭਾਈ ਗੁਰਦਾਸ,* ਵਾਰ ੧੬ ਪਉੜੀ ੧.

**੧੧.** ਹਉਮੈ ਜਾਇ ਪਰਮ ਪਦੁ ਪਾਈਐ॥ *ਸ੍ਰੀ ਗੁਰੂ ਗ੍ਰੰਥ ਸਾਹਿਬ,* ੨੨੬.

**੧੨.** ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ॥ *ਸ੍ਰੀ ਗੁਰੂ ਗ੍ਰੰਥ ਸਾਹਿਬ,* ੧੦.

**੧੩.** ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪੰਨਾ ੨੮੮.

**੧੪.** ਜੋਧ ਸਿੰਘ, *'ਧਰਮ ਪਰਿਭਾਸ਼ਾ ਅਤੇ ਸਰੂਪ',* ਧਰਮ ਅਧਿਐਨ: ਅਕਾਦਮਿਕ ਪਰਿਪੇਖ, ਪੰਜਾਬੀ ਯੂਨੀਵਰਸਿਟੀ ਪਟਿਆਲਾ, ੧੯੯੭, ਪੰਨੇ ੭-੮.

# ਪਹਿਲਾ ਸਿੱਖ ਹੁਕਮਰਾਨ: ਬਾਬਾ ਬੰਦਾ ਸਿੰਘ ਬਹਾਦਰ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ੧੬ ਅਕਤੂਬਰ, ੧੬੭੦ ਈ. ਨੂੰ ਪੁਣਛ ਇਲਾਕੇ ਦੇ ਪਿੰਡ ਤੱਛਲ, ਜ਼ਿਲ੍ਹਾ ਰਾਜੌਰੀ ਵਿਖੇ ਹੋਇਆ। ਉਸ ਦੀ ਮਾਤਾ ਦਾ ਨਾਮ ਮਹਾਂਦੇਵੀ ਅਤੇ ਪਿਤਾ ਦਾ ਨਾਂ ਰਾਮਦੇਵ ਜੀ ਸੀ ਜੋ ਕਿ ਭਾਰਦਵਾਜ ਰਾਜਪੂਤ ਸੀ। ਉਹ ਇਕ ਸਾਧਾਰਨ ਕਿਸਾਨ ਸੀ। ਬਾਬਾ ਬੰਦਾ ਸਿੰਘ ਬਹਾਦਰ ਦਾ ਪਹਿਲਾ ਨਾਂ ਲਛਮਣ ਦੇਵ ਸੀ। ਉਸ ਨੂੰ ਸ਼ਿਕਾਰ ਖੇਡਣ, ਤੀਰ-ਅੰਦਾਜ਼ੀ ਅਤੇ ਘੋੜ-ਸਵਾਰੀ ਦਾ ਬਹੁਤ ਸ਼ੌਕ ਸੀ। ਇਕ ਦਿਨ ਉਸ ਨੇ ਇਕ ਹਿਰਨੀ ਦਾ ਸ਼ਿਕਾਰ ਕੀਤਾ। ਹਿਰਨੀ ਦੇ ਪੇਟ ਵਿਚ ਦੋ ਬੱਚੇ ਸਨ। ਇਹ ਬੱਚੇ ਉਸ ਦੀਆਂ ਅੱਖਾਂ ਸਾਹਮਣੇ ਤੜਫ-ਤੜਫ ਕੇ ਮਰ ਗਏ। ਲਛਮਣ ਦੇਵ ਨੂੰ ਇਸ ਘਟਨਾ ਨੇ ਝੰਜੋੜ ਕੇ ਰੱਖ ਦਿੱਤਾ। ਉਸ ਨੇ ਅੱਗੋਂ ਕਦੇ ਸ਼ਿਕਾਰ ਨਾ ਖੇਡਣ ਦੀ ਸਹੁੰ ਖਾਧੀ। ਹਿਰਨੀ ਦੀ ਹੱਤਿਆ ਦੇ ਪਸ਼ਚਾਤਾਪ ਕਾਰਨ ਉਸ ਦੇ ਮਨ ਵਿਚ ਉਦਾਸੀਨਤਾ ਦੀ ਭਾਵਨਾ ਜਾਗ ਉਠੀ। ਉਹ ਸਾਧੂਆਂ ਦੇ ਇਕ ਟੋਲੇ ਨਾਲ ਮਿਲ ਕੇ ਭਾਰਤ ਵਿਚ ਤੀਰਥਾਂ 'ਤੇ ਘੁੰਮਣ ਫਿਰਨ ਲੱਗਾ। ਕੁਝ ਚਿਰ ਬਾਅਦ ਨਾਸਿਕ ਵਿਖੇ ਪਹੁੰਚਣ 'ਤੇ ਉਸ ਦਾ ਮੇਲ ਇਕ ਜੋਗੀ ਔਗੜ ਨਾਥ ਨਾਲ ਹੋਇਆ। ਔਗੜ ਨਾਥ ਇਕ ਤਾਂਤਰਿਕ ਸੀ ਜੋ ਜੰਤਰ-ਮੰਤਰ ਵਿਚ ਨਿਪੁੰਨ ਸੀ। ਲਛਮਣ ਦੇਵ ਉਸ ਦਾ ਚੇਲਾ ਬਣ ਗਿਆ ਅਤੇ ਉਸ ਕੋਲ ਹੀ ਰਹਿਣ ਲੱਗਾ। ਉਸ ਨੇ ਔਗੜ ਨਾਥ ਦੀ ਤਨੋਂ-ਮਨੋਂ ਸੇਵਾ ਕੀਤੀ ਅਤੇ ਜੰਤਰ-ਮੰਤਰ ਵਿੱਦਿਆ ਦਾ ਪੂਰਾ ਗਿਆਨ ਹਾਸਲ ਕਰ ਲਿਆ। ਔਗੜ ਨਾਥ ਨੇ ਆਪਣਾ ਗ੍ਰੰਥ "ਸਿਧ ਅਨੂਨੀਆ" ਵੀ ਲਛਮਣ ਦੇਵ ਦੇ ਹਵਾਲੇ ਕਰ ਦਿੱਤਾ ਸੀ। ਲਛਮਣ ਦੇਵ ਦਾ ਨਾਂ ਸਾਧੂਆਂ ਵਿਚ ਮਾਧੋਦਾਸ ਬੈਰਾਗੀ ਦੇ ਤੌਰ 'ਤੇ ਪ੍ਰਸਿੱਧ ਸੀ। ਲਛਮਣ ਦੇਵ ਨੇ ਤਾਂਤਰਿਕ ਵਿੱਦਿਆ ਵਿਚ ਨਿਪੁੰਨ ਹੋ ਕੇ ਆਪਣਾ ਸੁਤੰਤਰ ਡੇਰਾ ਗੋਦਾਵਰੀ ਦੇ ਕੰਢੇ ਨਾਂਦੇੜ ਦੇ ਸਥਾਨ 'ਤੇ ਬਣਾ ਲਿਆ ਸੀ। ਉਸ ਇਲਾਕੇ ਦੇ ਲੋਕਾਂ ਵਿਚ ਉਸ ਦੀ ਦਹਿਸ਼ਤੀ ਪ੍ਰਸਿੱਧੀ ਹੋ ਗਈ ਸੀ। ਲੋਕ ਉਸ ਕੋਲ ਆਪਣੀਆਂ ਦੁਖ- ਤਕਲੀਫਾਂ ਤੇ ਕਾਰਜ ਸਿਧੀ ਲਈ ਆਉਂਦੇ ਸਨ। ਮਾਧੋ ਦਾਸ ਤਾਂਤਰਿਕ ਵਿੱਦਿਆ ਰਾਹੀਂ ਲਾਚਾਰੀ/ਲਾਲਚੀ/ਸਾਧਾਰਨ ਲੋੜਵੰਦ ਲੋਕਾਂ ਦਾ ਸ਼ੋਸ਼ਣ ਕਰਨ ਲੱਗ ਪਿਆ।

ਆਪਣੀ ਦੱਖਣ ਦੀ ਯਾਤਰਾ ਸਮੇਂ ਦਸਮੇਸ਼ ਗੁਰੂ ਜੀ ੧੭੦੮ ਈ. ਵਿਚ ਨਾਂਦੇੜ ਪਹੁੰਚੇ। ਗੁਰੂ ਜੀ ਨੂੰ ਮਾਧੋਦਾਸ ਦੀ ਦਹਿਸ਼ਤੀ ਪ੍ਰਸਿੱਧੀ ਦੀ ਜਾਣਕਾਰੀ ਮਿਲ ਚੁੱਕੀ ਸੀ। ਜਦੋਂ ਵੀ ਕੋਈ ਮਾਧੋਦਾਸ ਦੇ ਆਸਣ ਦੇ ਨੇੜੇ ਢੁੱਕਦਾ ਸੀ। ਉਸ ਨੂੰ

** ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮-੦੫੧੦੦*

ਆਪਣੀ ਤਾਂਤਰਿਕ ਸ਼ਕਤੀ ਨਾਲ ਉਲਟਾ-ਪੁਲਟਾ ਕਰ ਦਿੰਦਾ ਸੀ। ਇਕ ਦਿਨ ਗੁਰੂ ਸਾਹਿਬ ਸਿੰਘਾਂ ਸਮੇਤ ਮਾਧੋਦਾਸ ਦੇ ਡੇਰੇ ਜਾ ਬਿਰਾਜਮਾਨ ਹੋਏ। ਮਾਧੋਦਾਸ ਨੂੰ ਆਪਣੀ ਤਾਂਤਰਿਕ ਸ਼ਕਤੀ ਉੱਤੇ ਮਾਣ ਸੀ ਅਤੇ ਉਹ ਹੰਕਾਰ ਕਾਰਨ ਸਤਿਗੁਰਾਂ- *ਗੁਰੁ ਪਰਮੇਸਰੁ ਏਕੋ ਜਾਣੁ* ਦੀ ਹਸਤੀ ਅਤੇ ਸ਼ਕਤੀ ਨੂੰ ਪਹਿਚਾਣ ਨਾ ਸਕਿਆ। ਮਾਧੋਦਾਸ ਸਤਿਗੁਰਾਂ ਨੂੰ ਆਪਣੇ ਆਸਣ ਉੱਤੇ ਬਿਰਾਜਮਾਨ ਵੇਖ ਕੇ ਅਤਿ ਕ੍ਰੋਧਵਾਨ ਹੋਇਆ ਅਤੇ ਉਸ ਨੇ ਗੁਰੂ ਸਾਹਿਬ ਨੂੰ ਵੀ ਉਲਟਾ-ਪੁਲਟਾ ਕਰਨ ਹਿੱਤ ਆਪਣੀ ਸਾਰੀ ਤਾਂਤਰਿਕ ਸ਼ਕਤੀ ਝੋਕ ਦਿੱਤੀ ਪ੍ਰੰਤੂ ਉਸ ਦੇ ਸਾਰੇ ਜੰਤਰ-ਤੰਤਰ ਫ਼ੇਲ ਹੋ ਗਏ। ਮਾਧੋਦਾਸ ਗੁਰੂ ਜੀ ਦੀ ਅਗੰਮੀ ਸ਼ਖ਼ਸੀਅਤ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਦੇ ਮਨ ਵਿਚ ਪੂਰਨ ਬ੍ਰਹਮ ਗਿਆਨ ਦੀ ਅਭਿਲਾਖਾ ਸੀ। ਇਸ ਦੀ ਪੂਰਤੀ ਲਈ ਉਹ ਗੁਰੂ ਜੀ ਦਾ ਬੰਦਾ (ਬੰਦਾ-ਏ-ਗੁਰੂ) ਉਨ੍ਹਾਂ ਦਾ ਸੇਵਕ ਬਣ ਗਿਆ। ਗੁਰੂ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ। ਇਹ ਮਿਲਣੀ ੩ ਸਤੰਬਰ, ੧੭੦੮ ਈ. ਨੂੰ ਹੋਈ। ਬਾਬਾ ਬੰਦਾ ਸਿੰਘ ਇਕ ਤਪਸੱਵੀ ਸੀ, ਉਸ ਦਾ ਹਿਰਦਾ ਸ਼ੁੱਧ ਸੀ। ਬਾਬਾ ਬੰਦਾ ਸਿੰਘ ਦਾ ਪਾਤਰ (ਹਿਰਦਾ) ਤਿਆਰ ਸੀ ਉਸ ਵਿਚ ਸਤਿਗੁਰਾਂ ਦੇ ਅੰਮ੍ਰਿਤ (ਖੰਡੇ ਬਾਟੇ ਦੀ ਪਾਹੁਲ) ਪੈਣ ਨਾਲ ਉਸ ਦੀ ਕਾਇਆ-ਕਲਪ ਹੋ ਗਈ। ਹੁਣ ਉਹ ਸਤਿਗੁਰਾਂ ਦਾ "ਬੰਦਾ" ਅਤੇ ਗੁਰੂ ਕਾ ਸਿੱਖ ਸੀ। ਸਤਿਗੁਰੂ ਉਸ ਦੇ ਹਿਰਦੇ ਵਿਚ ਵੱਸ ਗਏ ਸਨ। "ਬੰਦੇ" ਨੂੰ ਵੀ ਸੱਚੇ ਸਤਿਗੁਰਾਂ ਦੇ ਦੀਦਾਰ ਕਰ ਕੇ ਸੱਚੀ ਰੋਸ਼ਨੀ ਪ੍ਰਾਪਤ ਹੋ ਗਈ ਸੀ ਅਤੇ ਉਸ ਦੇ ਅੰਦਰ ਅੰਧੇਰਾ, ਭਰਮ, ਭੁਲੇਖਾ ਅਤੇ ਅਗਿਆਨਤਾ ਮਿਟ ਗਈ ਸੀ। ਗੁਰਵਾਕ ਹੈ:

*ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ*
*ਸਤਿਗੁਰਿ ਮਿਲਿਐ ਦਿਬ ਦ੍ਰਿਸਟਿ ਹੋਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੨੨)*

ਬਾਬਾ ਬੰਦਾ ਸਿੰਘ ਬਹਾਦਰ ਨੇ ਗੁਰੂ ਜੀ ਦਾ ਪ੍ਰਤੱਖ ਰੂਪ ਵਿਚ ਆਸ਼ੀਰਵਾਦ ਅਤੇ ਛੋਹ ਪ੍ਰਾਪਤ ਕਰ ਕੇ ਉਸ ਨੇ ਥੋੜੇ ਦਿਨਾਂ ਵਿਚ ਹੀ ਗੁਰਮਤਿ ਦਾ ਗਿਆਨ ਤੇ ਖਾਲਸੇ ਦੀ ਰਹਿਤ ਮਰਯਾਦਾ ਦ੍ਰਿੜ੍ਹ ਕਰ ਲਈ ਸੀ। ਕਈ ਇਤਿਹਾਸਕਾਰਾਂ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਤਕਰੀਬਨ ਇਕ ਮਹੀਨਾ ਗੁਰੂ ਜੀ ਪਾਸ ਰਿਹਾ। ਉਸ ਨੇ ਜੰਤਰ-ਮੰਤਰ ਤਿਆਗ ਕੇ "ਧੁਰ ਕੀ ਬਾਣੀ" ਤਥਾ "ਨਾਮ ਬਾਣੀ" ਨੂੰ ਆਪਣੇ ਹਿਰਦੇ ਵਿਚ ਵਸਾ ਲਿਆ ਸੀ। ਉਹ ਇਸ ਤਰ੍ਹਾਂ ਪੂਰਨ ਗੁਰਸਿੱਖ ਤੇ ਗੁਰੂ-ਘਰ ਦਾ ਅਨਿੰਨ ਸੇਵਕ ਬਣ ਚੁੱਕਾ ਸੀ। ਗੁਰੂ ਜੀ ਨੇ ਉਸ ਦਾ ਨਿਸ਼ਚਾ, ਆਤਮਿਕ-ਬਲ, ਦ੍ਰਿੜ੍ਹਤਾ ਅਤੇ ਯੋਗਤਾ ਵੇਖ ਕੇ ਹੀ ਉਸ ਨੂੰ ਖਾਲਸੇ ਦਾ ਆਗੂ ਥਾਪਿਆ। ਇਕ ਬੈਰਾਗੀ ਸਾਧ ਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾਉਣਾ, ਸੰਤ-ਸਿਪਾਹੀ ਬਣਾ ਦੇਣਾ ਇਕ ਚਮਤਕਾਰ ਹੀ ਸੀ, ਇਕ ਦੈਵੀ ਕਰਾਮਾਤ ਹੀ ਸੀ ਅਤੇ ਸਮੇਂ ਦੇ ਵਿਹਲੜ ਡੇਰੇਦਾਰੀ ਸਿਸਟਮ ਉੱਤੇ ਇਕ ਕਰਾਰੀ ਸੱਟ ਸੀ। ਇਹ ਸਿੱਖ ਇਨਕਲਾਬ ਦਾ

ਇਕ ਹੋਰ ਕ੍ਰਿਸ਼ਮਾ ਸੀ। ਅਗਲਾ ਮੀਲ ਪੱਥਰ ਸੀ।

ਬਾਬਾ ਬੰਦਾ ਸਿੰਘ ਬਹਾਦਰ ਆਪਣੇ ਸਮੇਂ ਦਾ ਇੱਕ ਅਦੁੱਤੀ ਲਾਸਾਨੀ ਅਤੇ ਉੱਤਮ ਦਰਜੇ ਦਾ ਸਿੱਖ ਯੋਧਾ ਤੇ ਪਹਿਲਾ ਸਿੱਖ ਹੁਕਮਰਾਨ ਬਣਿਆ। ਦੁਨੀਆ ਦੇ ਇਤਿਹਾਸ ਵਿਚ ਕੋਈ ਵੀ ਜਰਨੈਲ ਉਸ ਦਾ ਸਾਨੀ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਆਦੇਸ਼ ਅਨੁਸਾਰ ਸਿੰਘਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਪੰਜਾਬ ਵਿਚ ਜੋ ਇਨਕਲਾਬ ਲਿਆਂਦਾ, ਉਹ ਇਕ ਹੈਰਾਨੀਕੁੰਨ ਇਤਿਹਾਸਿਕ ਹਕੀਕਤ ਹੈ ਜੋ ਲਾ-ਮਿਸਾਲ ਹੈ। ਇਹ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿਚ ਸਮੇਂ-ਸਮੇਂ ਆਏ ਰਾਜਨੀਤਿਕ ਇਨਕਲਾਬਾਂ ਤੋਂ ਬਿਲਕੁਲ ਨਿਰਾਲਾ ਅਤੇ ਅੱਡਰਾ ਸੀ। ਬਾਬਾ ਬੰਦਾ ਸਿੰਘ ਬਹਾਦਰ ਜਦ, ਅਕਤੂਬਰ ੧੭੦੮ ਈ. ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਥਾਪੜਾ ਲੈਣ ਉਪਰੰਤ ਪੰਜਾਬ ਨੂੰ ਤੁਰਿਆ ਤਾਂ ਉਨ੍ਹਾਂ ਦੇ ਸਾਹਮਣੇ ਮੁੱਖ ਉਦੇਸ਼ ਜ਼ਾਲਮ ਮੁਗ਼ਲਾਂ ਦੇ ਜ਼ੁਲਮ ਅਤੇ ਮੁਗ਼ਲ ਰਾਜ ਦੀ ਸਮਾਪਤੀ, ਸਮਾਜਿਕ ਬਰਾਬਰੀ ਸਥਾਪਤ ਕਰਨਾ, ਜਾਗੀਰਦਾਰੀ ਸਿਸਟਮ ਦਾ ਖਾਤਮਾ, ਕਿਰਤੀਆਂ, ਦਲਿਤਾਂ ਅਤੇ ਇਸਤਰੀ ਦਾ ਪੂਰਾ ਮਾਣ-ਸਨਮਾਨ ਬਹਾਲ ਕਰਨਾ, ਲੋਕਾਂ ਦੀ ਧਾਰਮਿਕ ਅਜ਼ਾਦੀ ਯਕੀਨੀ ਬਣਾਉਣਾ ਅਤੇ ਪੰਜਾਬ ਦੀ ਉਸ ਸੁਤੰਤਰਤਾ ਨੂੰ ਬਹਾਲ ਕਰਨਾ ਸੀ, ਜੋ ਸੈਂਕੜੇ ਸਾਲ ਪਹਿਲਾਂ ਗ਼ਜ਼ਨੀ ਦੇ ਤੁਰਕਾਂ ਨੇ ਮਹਿਮੂਦ ਗਜ਼ਨਵੀ ਦੀ ਅਗਵਾਈ ਵਿਚ ਪੰਜਾਬ ਦੇ ਲੋਕਾਂ ਤੋਂ ਖੋਹੀ ਸੀ ਅਤੇ ਆਪਣੇ ਘੋੜਿਆਂ ਦੇ ਸੁੰਮਾਂ ਹੇਠ ਦਰੜੀ ਸੀ।

ਕੁਰਬਾਨੀ ਉਹ ਮਹਾਨ ਹੁੰਦੀ ਹੈ ਜਿਸ ਦੇ ਪਿੱਛੇ ਉਦੇਸ਼ ਮਹਾਨ ਹੋਵੇ, ਸੰਘਰਸ਼ ਉਹ ਮਹਾਨ ਹੁੰਦਾ ਹੈ ਜੋ ਕਿਸੇ ਉਦੇਸ਼ ਦੀ ਪੂਰਤੀ ਲਈ ਹੋਵੇ। ਨਿਆਂਸ਼ੀਲ ਹੋਣਾ ਗੁਰੂ ਦੇ ਸਿੱਖ ਦਾ ਮੂਲ ਆਸ਼ਾ ਹੈ, ਇਸ ਲਈ ਜਿੱਥੇ ਕਿਤੇ ਵੀ ਉਹ ਜਬਰ, ਜ਼ੁਲਮ, ਅੱਤਿਆਚਾਰ, ਬੇਇਨਸਾਫ਼ੀ ਜਾਂ ਧੱਕੇਸ਼ਾਹੀ ਹੁੰਦੀ ਦੇਖਦਾ ਹੈ, ਉਸ ਦਾ ਵਿਰੋਧ ਕਰਨਾ ਉਹ ਆਪਣਾ ਪਰਮ ਕਰਤਵ ਸਮਝਦਾ ਹੈ। ਨਤੀਜੇ ਵਜੋਂ ਸ਼ਹੀਦੀ ਵੀ ਦੇਣੀ ਪੈ ਸਕਦੀ ਹੈ। ਸਿੱਖ ਇਤਿਹਾਸ ਅਜਿਹੀਆਂ ਸ਼ਹੀਦੀਆਂ ਨਾਲ ਭਰਿਆ ਪਿਆ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਗਿਆ ਦਾ ਪਾਲਣ ਕਰਨ ਲਈ ਜਦ ਬਾਬਾ ਜੀ ਪੰਜਾਬ ਆਏ ਤਾਂ ਉਨ੍ਹਾਂ ਕੋਲ ਗੁਰੂ ਜੀ ਵੱਲੋਂ ਬਖ਼ਸ਼ੇ ਹੁਕਮਨਾਮੇ, ਪੰਜ ਤੀਰ, ਖੰਡਾ, ਖਾਲਸਈ ਨਿਸ਼ਾਨ ਤੇ ਨਗਾਰਾ ਸੀ। ਸਲਾਹ-ਮਸ਼ਵਰਾ ਕਰਨ ਲਈ ਗੁਰੂ ਸਾਹਿਬ ਨੇ ਪੰਜ ਪਿਆਰੇ ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਤੇ ਭਾਈ ਰਣ ਸਿੰਘ ਨਾਲ ਤੋਰੇ। ਇਨ੍ਹਾਂ ਤੋਂ ਇਲਾਵਾ ੨੦ ਸਿੰਘ ਹੋਰ ਸੰਭਾਵੀ ਸੰਘਰਸ਼ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਨਾਲ ਭੇਜੇ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਦੇ ਦਾਦਾ ਜੀ ਭਾਈ ਹਰਿਦਾਸ ਸਿੰਘ ਅਤੇ ਸਰਹਿੰਦ ਫਤਹ ਤੋਂ ਬਾਅਦ ਬਣੇ ਸਮਾਣੇ ਦੇ ਪਹਿਲੇ ਗਵਰਨਰ ਭਾਈ ਫਤਿਹ ਸਿੰਘ ਵੀ ਇਨ੍ਹਾਂ ੨੦ ਜੰਗਜੂ ਸਿੰਘਾਂ ਵਿਚ ਸ਼ਾਮਲ ਸਨ। ਇਨ੍ਹਾਂ ੨੫ ਸਿੰਘਾਂ ਦੇ ਕਾਫ਼ਲੇ ਨੇ

ਪੰਜਾਬ ਵੱਲ ਕੂਚ ਕੀਤਾ। ਇਸ 'ਖ਼ਾਲਸਾ ਫੌਜ' ਦਾ ਨਾਅਰਾ ਅਤੇ ਸਿਧਾਂਤ ਸੀ, *ਦੇਹ ਸਿਵਾ ਬਰ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ॥ ਨ ਡਰੋਂ ਅਰਿ ਸੋ ਜਬ ਜਾਇ ਲਰੋਂ ਨਿਸਚੈ ਕਰ ਅਪਨੀ ਜੀਤ ਕਰੋਂ॥*" ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹਾਨ ਫ਼ਲਸਫ਼ੇ ਅਤੇ ਨਿਸ਼ਾਨੇ ਨੂੰ ਸਪੱਸ਼ਟ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਮਨੋਰਥ ਬਾਰੇ ਸੰਸਾਰ ਨੂੰ ਉੱਚੀ ਅਵਾਜ਼ ਵਿਚ ਸਮਝਾਇਆ ਸੀ ਕਿ ਉਨ੍ਹਾਂ ਦਾ ਕਿਸੇ ਨਾਲ ਵੈਰ-ਵਿਤਕਰਾ ਜਾਂ ਨਫ਼ਰਤ ਨਹੀਂ ਹੈ। ਉਹ ਤਾਂ ਕੇਵਲ ਤੇ ਕੇਵਲ ਜਾਬਰ, ਜ਼ਾਲਮ ਅਤੇ ਜ਼ੁਲਮ ਦੇ ਵਿਰੁੱਧ ਹਨ। ਉਨ੍ਹਾਂ ਦਾ ਮਕਸਦ ਅਤੇ ਨਿਸ਼ਾਨਾ ਤਾਂ ਗਰੀਬ, ਕਿਰਤੀ, ਸੰਤ-ਮਹਾਂਪੁਰਸ਼ਾਂ ਅਤੇ ਧਰਮ ਦੀ ਰੱਖਿਆ ਕਰਨਾ ਹੈ ਅਤੇ ਸੱਚ ਧਰਮ ਦਾ ਬੋਲਬਾਲਾ ਕਰਨਾ ਹੈ। ਉਹ ਸਿਧਾਂਤ ਵੀ ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਫ਼ਰਮਾਇਆ ਸੀ, *ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨ ਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥*" ਇਸੇ ਭਾਵਨਾ ਅਤੇ ਨਿਸਚੇ ਦੀ ਪੂਰਤੀ ਕਰਨਾ ਹੀ ਬਾਬਾ ਬੰਦਾ ਸਿੰਘ ਬਹਾਦਰ ਦਾ ਮਨੋਰਥ ਸੀ। ਬਾਬਾ ਬੰਦਾ ਸਿੰਘ ਬਹਾਦਰ ਪਹਿਲਾਂ ਬਾਂਗਰ ਦੇ ਇਲਾਕੇ ਵਿਚ ਪਹੁੰਚਿਆ, ਜਿੱਥੇ ਉਸ ਨੇ ਲੁਟੇਰੇ ਡਾਕੂਆਂ ਨੂੰ ਮਾਰ ਕੇ ਗ਼ਰੀਬ ਲੋਕਾਂ ਦਾ ਲੁੱਟਿਆ ਹੋਇਆ ਮਾਲ ਵਾਪਸ ਕਰਵਾਇਆ, ਉਨ੍ਹਾਂ ਨੂੰ ਪੂਰੀ ਰਾਖੀ ਦੀ ਜਾਮਨੀ ਦਿੱਤੀ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਣ ਲਈ ਪ੍ਰੇਰਿਆ। ਇੱਥੋਂ ਬਾਬਾ ਜੀ ਖਰਖੰਡੇ ਦੇ ਇਲਾਕੇ ਪਹੁੰਚੇ ਜਿੱਥੇ ਸਿਹਰਾ-ਖੰਡਾ ਪਿੰਡਾਂ ਲਾਗੇ ਟਿਕਾਣਾ ਕੀਤਾ। ਇੱਥੇ ਬੈਠ ਕੇ ਬਾਬਾ ਜੀ ਨੇ ਪੰਜਾਬ ਦੀ ਸਰਬਪੱਖੀ ਜਾਣਕਾਰੀ ਪ੍ਰਾਪਤ ਕਰ ਕੇ ਸੰਭਾਵੀ ਯੁੱਧ ਲਈ ਵਿਉਂਤਬੰਦੀ ਕੀਤੀ। ਦਿੱਲੀ ਪਾਰ ਕਰਦਿਆਂ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਦਿੱਤੇ ਹੁਕਮਨਾਮੇ ਸਿੱਖ ਸੰਗਤ ਨੂੰ ਭੇਜੇ ਗਏ। ਹੁਕਮ ਦਾ ਪਾਲਣ ਕਰਦਿਆਂ ਸਿੱਖ ਸੰਗਤ ਬਾਬਾ ਬੰਦਾ ਸਿੰਘ ਬਹਾਦਰ ਦੇ ਸੁਆਗਤ ਲਈ ਅੱਗੇ ਆ ਗਈ। ਗੁਰੂ ਸਾਹਿਬ ਦੇ ਪਰਵਾਰ, ਸ੍ਰੀ ਅਨੰਦਪੁਰ ਸਾਹਿਬ, ਚਮਕੌਰ ਦੀ ਗੜ੍ਹੀ, ਸਾਕਾ ਸਰਹੰਦ ਅਤੇ ਖਿਦਰਾਣੇ ਦੀ ਢਾਬ (ਮੁਕਤਸਰ ਸਾਹਿਬ) ਦੀਆਂ ਲੜਾਈਆਂ ਵਿਚ ਸਿੰਘਾਂ ਦੀਆਂ ਸ਼ਹੀਦੀਆਂ ਦੇ ਜ਼ਖਮ ਸਿੱਖ ਸੰਗਤਾਂ ਦੇ ਮਨਾਂ ਵਿਚ ਅਜੇ ਤਾਜ਼ਾ ਸਨ- "*ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥*" ਦੀ ਭਾਵਨਾ ਅਨੁਸਾਰ ਸਿੱਖ ਸਾਹਿਬਜ਼ਾਦਿਆਂ ਅਤੇ ਹੋਰ ਅਨੇਕ ਸ਼ਹੀਦ ਸਿੰਘਾਂ ਦੀਆਂ ਸ਼ਹੀਦੀਆਂ ਦਾ ਬਦਲਾ ਲੈਣ ਅਤੇ ਦੇਸ਼ ਦੇ ਖੁੱਸੇ ਹੋਏ ਸਨਮਾਨ ਅਤੇ ਸੁਤੰਤਰਤਾ ਨੂੰ ਬਹਾਲ ਕਰਾਉਣ ਲਈ ਕਚੀਚੀਆਂ ਵੱਟ ਰਹੇ ਸਨ। ਬੱਸ! ਉਨ੍ਹਾਂ ਨੂੰ ਯੋਗ ਅਗਵਾਈ ਦੀ ਲੋੜ ਸੀ ਜੋ ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਖ਼ਸੀਅਤ ਨੇ ਪੂਰੀ ਕਰ ਦਿੱਤੀ। ਇਸ ਲਈ ਉਹ ਕੁਝ ਸਮੇਂ ਦੇ ਅੰਦਰ ਹੀ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਖ਼ਾਲਸਈ ਨਿਸ਼ਾਨ ਥੱਲੇ ਇਕੱਠੇ ਹੋ ਗਏ। ਉਨ੍ਹਾਂ ਨੇ ਰਣ-ਭੂਮੀ ਵਿਚ ਆਪਣਾ ਨਾਹਰਾ 'ਰਾਜ ਕਰੇਗਾ ਖਾਲਸਾ' ਨਿਸ਼ਚਿਤ ਕਰ ਦਿੱਤਾ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਜਦੋਂ ਬਾਬਾ ਬੰਦਾ ਸਿੰਘ ਬਹਾਦਰ ਪੰਜਾਬ ਨੂੰ ਤੁਰੇ ਤਾਂ ਉਨਾਂ ਕੋਲ ੨੫ ਸਿੰਘਾਂ ਤੋਂ ਇਲਾਵਾ ਕੋਈ ਫੌਜ ਨਹੀਂ ਸੀ। ਕੋਈ ਜੰਗੀ ਸਾਜ਼ੋ-ਸਾਮਾਨ, ਗੋਲੀ, ਬਾਰੂਦ ਆਦਿ ਨਹੀਂ ਸੀ, ਕੋਈ ਸਿੱਖਿਅਤ ਫ਼ੌਜ ਨਹੀਂ ਸੀ। ਮੁਸਲਮਾਨ ਲਿਖਾਰੀ ਖਾਫ਼ੀ ਖਾਨ ਤੇ ਮੁਹੰਮਦ ਕਾਸਮ ਅਨੁਸਾਰ ਛੇਤੀ ਹੀ ੪੦੦੦ ਘੋੜ ਸਵਾਰ ਤੇ ੭੮੦੦ ਸਿਪਾਹੀ ਪੈਦਲ ਉਸ ਨਾਲ ਆ ਰਲੇ। ਮਸ਼ਹੂਰ ਇਤਿਹਾਸਕਾਰ ਗੋਕਲ ਚੰਦ ਨਾਰੰਗ ਅਨੁਸਾਰ ਪੈਦਲ ਸੈਨਿਕਾਂ ਦੀ ਗਿਣਤੀ ੮੯੦੦ ਹੋ ਗਈ ਤੇ ਵਧਦੀ ਹੋਈ ਅੰਤ ੪੦,੦੦੦ ਤਕ ਪਹੁੰਚ ਗਈ। ਮਹਾਨ ਜਰਨੈਲਾਂ ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ, ਬਿਸਮਾਰਕ ਜਾਂ ਚਰਚਿਲ ਦੀ ਮਹਾਨਤਾ ਦੁਨੀਆ ਵਿਚ ਮੰਨੀ ਜਾਂਦੀ ਹੈ, ਪ੍ਰੰਤੂ ਉਨ੍ਹਾਂ ਜਰਨੈਲਾਂ ਦੇ ਪਿੱਛੇ ਉਨ੍ਹਾਂ ਦੇ ਮੁਲਕਾਂ ਦੀ ਮੁਕੰਮਲ ਜਨ-ਸ਼ਕਤੀ ਤੇ ਰਾਜ-ਸ਼ਕਤੀ ਸੀ, ਵੱਡੀ ਜੰਗਜੂ ਅਤੇ ਯੁੱਧ ਵਿੱਦਿਆ ਵਿਚ ਪੂਰੀ ਤਰ੍ਹਾਂ ਨਿਪੁੰਨ ਫੌਜ ਸੀ ਅਤੇ ਉਹ ਉਨ੍ਹਾਂ ਮੁਲਕਾਂ ਦੇ ਬਾਦਸ਼ਾਹ ਜਾਂ ਮੰਨੇ ਹੋਏ ਰਾਜਨੀਤਿਕ ਨੇਤਾ ਵੀ ਸਨ ਜਾਂ ਦੇਸ਼ ਦੀ ਫੌਜਾਂ ਦੇ ਜਰਨੈਲ ਸਨ, ਪ੍ਰੰਤੂ ਬਾਬਾ ਬੰਦਾ ਸਿੰਘ ਬਹਾਦਰ ਦੀ ਮਹਾਨਤਾ ਇਹ ਹੈ ਕਿ ਸਤਿਗੁਰੂ ਦੀ ਕਿਰਪਾ ਦੁਆਰਾ ਉਨ੍ਹਾਂ ਨੇ ਸਭ ਕੁਝ ਨਾਲੋ-ਨਾਲ ਕੀਤਾ। ਫ਼ੌਜੀ ਸੰਗਠਨ, ਸੰਘਰਸ਼ ਅਤੇ ਜਿੱਤਾਂ ਨਾਲੋ-ਨਾਲ ਚੱਲਦੀਆਂ ਰਹੀਆਂ। ਬਾਬਾ ਬੰਦਾ ਸਿੰਘ ਬਹਾਦਰ ਪਾਸ ਤਾਂ ਸਤਿਗੁਰਾਂ ਦਾ ਪਿਆਰ-ਥਾਪੜਾ ਅਤੇ ਉਨ੍ਹਾਂ ਵੱਲੋਂ ਬਖ਼ਸ਼ੀ 'ਖੰਡੇ ਦੀ ਪਾਹੁਲ' ਅੰਮ੍ਰਿਤ ਦੀ ਦਾਤਿ ਅਤੇ *ਸੁਭ ਕਰਮਨ ਤੇ ਕਬਹੂੰ ਨ ਟਰੋਂ* ਅਨੁਸਾਰ 'ਜੂਝ ਮਰਨ' ਦਾ ਚਾਅ ਹੀ ਸੀ।

ਬਾਬਾ ਬੰਦਾ ਸਿੰਘ ਦੀ ਫ਼ੌਜ ਦੀ ਬਣਤਰ ਤੋਂ ਇਸ ਗੱਲ ਦੀ ਪ੍ਰੋੜ੍ਹਤਾ ਹੁੰਦੀ ਹੈ ਕਿ ਬਾਬਾ ਜੀ ਦਾ ਮੰਤਵ ਪੰਜਾਬ ਦੇ ਹਰ ਵਰਗ ਦੇ ਲੋਕਾਂ- ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੂੰ ਇਕ ਪਲੇਟਫਾਰਮ ਉੱਤੇ ਇਕੱਠੇ ਕਰਨਾ ਸੀ। ਸਮਕਾਲੀ ਭਰੋਸੇਯੋਗ ਗਵਾਹੀਆਂ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਦੀ ਫ਼ੌਜ ਵਿਚ ਕੇਵਲ ਸਿੱਖ ਹੀ ਨਹੀਂ ਸਨ, ਘੱਟੋ-ਘੱਟ ਪੰਜ ਹਜ਼ਾਰ ਮੁਸਲਮਾਨ ਵੀ ਮੁਗ਼ਲਾਂ ਵਿਰੁੱਧ ਲੜਨ ਲਈ ਉਨਾਂ ਦਾ ਸਾਥ ਦੇ ਰਹੇ ਸਨ। ਈਰਾਨ, ਤੁਰਾਕ, ਕਾਬਲ, ਕੰਧਾਰ ਤੇ ਮੁਲਤਾਨ ਦੇ ਹਿੰਦੂ ਵੀ ਹਜ਼ਾਰਾਂ ਦੀ ਗਿਣਤੀ ਵਿਚ ਨਾਲ ਆ ਰਲੇ। ਉਦਾਸੀ ਸੰਪਰਦਾ ਦੇ ਲੋਕ ਵੀ ਪ੍ਰਵੇਸ਼ ਕਰ ਚੁੱਕੇ ਸਨ। ਪੰਜਾਬ ਵਿਚ ਆ ਕੇ ਇਹ ਅੰਮ੍ਰਿਤ ਛਕ ਕੇ ਬਾਬਾ ਬੰਦਾ ਸਿੰਘ ਦੀ ਫ਼ੌਜ ਵਿਚ ਸ਼ਾਮਲ ਹੋ ਗਏ।

ਇਨ੍ਹਾਂ ਤੋਂ ਇਲਾਵਾ ਗੁਰੂ ਆਸ਼ੇ ਅਤੇ ਜੁਗਤ- *"ਜਿਨ ਕੀ ਜਾਤ ਗੋਤ ਕੁਲ ਮਾਹੀ ਸਰਦਾਰੀ ਨਹੀਂ ਭਈ ਕਦਾਂਹੀ। ਤਿਨ੍ਹ ਹੀ ਕੋ ਸਰਦਾਰ ਬਣਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ।"* ਅਨੁਸਾਰ ਬਾਬਾ ਜੀ ਨੇ ਅਖੌਤੀ ਪੱਛੜੀਆਂ ਸ਼੍ਰੇਣੀਆਂ ਤੇ ਦਲਿਤ ਜਾਤੀਆਂ ਨੂੰ ਵੀ ਨਾਲ ਰੱਖਿਆ। ਉਨ੍ਹਾਂ ਨੇ ਪ੍ਰਤੀਤ ਕਰ ਲਿਆ ਸੀ ਕਿ

ਅੰਮ੍ਰਿਤ ਛਕਣ ਤੋਂ ਬਾਅਦ ਜਾਤ-ਪਾਤ ਦਾ ਭੇਦ-ਭਾਵ ਮਿਟ ਜਾਂਦਾ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਲਿਤਾੜੇ ਹੋਏ ਦੁਰਬਲ ਅਤੇ ਨਿਤਾਣੇ ਸਮਝੇ ਜਾਂਦੇ ਲੋਕਾਂ ਨੂੰ ਮਾਣ-ਸਨਮਾਨ ਨਾਲ ਨਿਵਾਜ ਕੇ ਅਤੇ ਉਨ੍ਹਾਂ ਅੰਦਰ ਮਨੁੱਖੀ ਬਰਾਬਰੀ ਦਾ ਅਹਿਸਾਸ ਅਤੇ ਸਾਹਸ ਪੈਦਾ ਕਰ ਕੇ ਆਪਣੇ ਨਾਲ ਰਲਾਉਣ ਨਾਲ ਅੰਦੋਲਨ ਦੁਰਬਲ ਹੋਣ ਦੀ ਥਾਂ ਹੋਰ ਮਜ਼ਬੂਤ ਹੁੰਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਦਸਮੇਸ਼ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉਤੇ ਸਿਰਜੇ ਅਤੇ ਸਾਜੇ 'ਪੰਜ ਪਿਆਰੇ' ਖਾਲਸਾ ਪੰਥ ਦੀ ਬਣਤਰ ਦੀ ਲਾਸਾਨੀ ਮਿਸਾਲ ਵੀ ਸਾਹਮਣੇ ਸੀ ਜੋ ਉਸ ਦਾ ਪ੍ਰੇਰਨਾ-ਸਰੋਤ ਸੀ।

ਬਾਬਾ ਬੰਦਾ ਸਿੰਘ ਬਹਾਦਰ ਦੇ ਸਮਕਾਲੀ ਮੁਸਲਮਾਨ ਲੇਖਕ ਮੁਹੰਮਦ ਕਾਸਮ ਲਾਹੌਰੀ ਦੀ ਲਿਖਤ 'ਇਬਰਤਨਾਮਾ' (ਰਚਿਤ ੧੭੨੨ ਈ.) ਅਨੁਸਾਰ "ਸਿੱਖਾਂ ਤੇ ਮੁਗ਼ਲਾਂ ਵਿਚਕਾਰ ਘੋਲ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਸ਼ੁਰੂ ਹੋਇਆ ਤੇ ਇਸ ਨੂੰ ਸ਼ੁਰੂ ਕਰਨ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਸਨ।" ਇਸ ਪ੍ਰਕਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਦੀ ਸਿਆਸਤ ਵਿਚ ਪਹਿਲੀ ਵਾਰ ਸਰਗਰਮ ਰਾਜਨੀਤਕ ਧਮਾਕਾ ਛੱਡਿਆ। ਇਸ ਧਮਾਕੇ ਨੂੰ 'ਅਜ਼ਲ ਬਲਾ' ਕਹਿਣ ਵਾਲੇ ਸਰਕਾਰੀ ਮੁਸਲਮਾਨ ਲੇਖਕ ਇਸ ਗੱਲ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਪੰਜਾਬ ਦੀ ਸਿਆਸਤ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਅਜਿਹੀ ਹਲਚਲ ਮਚਾਈ ਕਿ ਮੁਗ਼ਲਾਂ ਨੂੰ ਵਿਸ਼ਵਾਸ ਨਹੀਂ ਸੀ ਆ ਰਿਹਾ ਕਿ ਇਸ ਤਰ੍ਹਾਂ ਵੀ ਹੋ ਸਕਦਾ ਹੈ।

ਖ਼ਰਚਾ ਚਲਾਉਣ ਅਤੇ ਧਨ ਦੀ ਪੂਰਤੀ ਲਈ ਉਸ ਨੇ ਉੱਘੇ ਵਪਾਰੀਆਂ ਨੂੰ ਵੰਗਾਰਿਆ। ਸਭ ਨੇ ਖੁੱਲ੍ਹ ਕੇ ਮਦਦ ਕੀਤੀ। ਆਰਥਿਕ ਲੋੜਾਂ ਦੀ ਪੂਰਤੀ ਹੁੰਦਿਆਂ ਹੀ ਉਨ੍ਹਾਂ ਨੇ ਪੰਜਾਬ 'ਤੇ ਹਮਲਾ ਕਰ ਦਿੱਤਾ ਤੇ ਜਿੱਤਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ੧੧ ਨਵੰਬਰ, ੧੭੦੯ ਈ. ਨੂੰ ਮੁਗ਼ਲ ਰਾਜ ਦੇ ਧਾਰਮਿਕ ਅਤੇ ਰਾਜਸੀ ਸ਼ਕਤੀ ਦੇ ਮਹੱਤਵਪੂਰਨ ਕੇਂਦਰ ਸਮਾਣੇ ਉੱਤੇ ਜਿੱਤ ਪ੍ਰਾਪਤ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕਰਨ ਵਾਲਾ ਜੱਲਾਦ ਜਲਾਲੁਦੀਨ ਅਤੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਨੂੰ ਸ਼ਹੀਦ ਕਰਨ ਵਾਲੇ ਜਲਾਦ ਸੱਯਦ ਬਾਸਲ ਬੇਗ ਅਤੇ ਸੱਯਦ ਸ਼ਾਸਲ ਬੇਗ ਇਸੇ ਸ਼ਹਿਰ ਸਮਾਣੇ ਦੇ ਵਸਨੀਕ ਸਨ। ਇਹ ਸ਼ਹਿਰ ਮੁਸਲਮਾਨਾਂ ਅਤੇ ਸੱਯਦਾਂ ਦਾ ਤਕੜਾ ਗੜ੍ਹ ਸੀ। ਇਸ ਤੋਂ ਬਾਅਦ ਸੋਨੀਪਤ, ਕੈਥਲ, ਘੁੜਾਮ, ਠਸਕਾ, ਸ਼ਾਹਬਾਦ, ਕਪੂਰੀ ਤੇ ਸਢੌਰਾ ਅਤੇ ਮੁਗ਼ਲ ਸਲਤਨਤ ਦੇ ਵੱਡੇ ਸ਼ਹਿਰ ਬਨੂੜ ਉੱਤੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਨੀਂ ਦਿਨ੍ਹੀਂ ਇਹ ਸ਼ਹਿਰ ਮੁਗ਼ਲ ਰਾਜ ਦੇ ਗੜ੍ਹ ਮੰਨੇ ਜਾਂਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਦੇ ਆਉਣ ਬਾਰੇ ਸੁਣ ਕੇ ਮਾਝੇ ਤੇ ਦੁਆਬੇ ਦੇ ਸਿੱਖਾਂ ਨੇ ਹਕੂਮਤ ਵਿਰੁੱਧ

ਬਗਾਵਤ ਕਰ ਦਿੱਤੀ, ਕਿਉਂਕਿ ਹੁਣ ਸਿੱਖਾਂ ਦੇ ਹੌਂਸਲੇ ਬਹੁਤ ਬੁਲੰਦ ਹੋ ਚੁੱਕੇ ਸਨ। ਇਨ੍ਹਾਂ ਨੇ ਕਾਫਲੇ ਦੇ ਰੂਪ ਵਿਚ ਬਾਬਾ ਬੰਦਾ ਸਿੰਘ ਬਹਾਦਰ ਦਾ ਸਾਥ ਦੇਣ ਲਈ ਸਰਹੰਦ ਵੱਲ ਨੂੰ ਕੂਚ ਕਰ ਦਿੱਤਾ। ਰੋਪੜ ਦੇ ਸਥਾਨ ਉੱਤੇ ਇਨ੍ਹਾਂ ਸਿੰਘਾਂ ਅਤੇ ਮੁਗਲ ਫੌਜਾਂ ਵਿਚਕਾਰ ਪਹਿਲੀ ਲੜਾਈ ਹੋਈ। ਸੂਬੇਦਾਰ ਵਜ਼ੀਰ ਖਾਨ ਦੇ ਹੁਕਮ ਉਤੇ ਮਲੇਰਕੋਟਲੇ ਦੇ ਨਵਾਬ ਸ਼ੇਰ ਮੁਹੰਮਦ ਖਾਨ ਨੇ ਆਪਣੇ ਭਰਾ ਖਿਜ਼ਰ ਖਾਨ, ਦੋ ਭਤੀਜਿਆਂ ਨਸ਼ਤਰ ਖਾਨ ਅਤੇ ਵਲੀ ਮੁਹੰਮਦ ਖਾਨ ਅਤੇ ਭਾਰੀ ਸ਼ਾਹੀ ਮੁਗ਼ਲ ਫੌਜ ਨਾਲ ਸਿੱਖ ਦਸਤਿਆਂ ਉੱਤੇ ਜ਼ੋਰਦਾਰ ਹਮਲਾ ਕਰ ਦਿੱਤਾ। ਦੋ ਦਿਨਾਂ ਦੀ ਇਸ ਖ਼ੂਨ ਡੋਲ੍ਹਵੀਂ ਲੜਾਈ ਵਿਚ ਖਿਜਰ ਖਾਨ, ਨਸਤਰ ਖਾਨ ਅਤੇ ਵਲੀ ਮੁਹੰਮਦ ਖਾਨ ਮਾਰੇ ਗਏ ਅਤੇ ਮੁਹੰਮਦ ਸ਼ੇਰ ਖਾਨ ਸਖ਼ਤ ਫੱਟੜ ਹੋ ਗਿਆ। ਜਿਸ ਵਿਚ ਸਿੰਘ ਵੀ ਜਾਨਾਂ ਹੂਲਕੇ ਲੜੇ ਅਤੇ ਸੂਬਾ ਸਰਹੰਦ ਦੀਆਂ ਮੁਗ਼ਲਈ ਫੌਜਾਂ ਦਾ ਮੂੰਹ ਤੋੜ ਦਿੱਤਾ ਅਤੇ ਜਿੱਤ ਪ੍ਰਾਪਤ ਕੀਤੀ। ਮਾਝੇ ਅਤੇ ਦੁਆਬੇ ਦੇ ਇਹ ਸਿੰਘ ਰੋਪੜ ਨੂੰ ਜਿੱਤ ਕੇ ਬਾਬਾ ਬੰਦਾ ਸਿੰਘ ਬਹਾਦਰ ਨਾਲ ਆ ਮਿਲੇ। ਹੁਣ ਸਿੱਖ ਆਪਣੇ ਮੁੱਖ ਨਿਸ਼ਾਨੇ ਸਰਹੰਦ ਉੱਤੇ ਜ਼ੋਰਦਾਰ ਹੱਲਾ ਬੋਲਣ ਲਈ ਕਚੀਚੀਆਂ ਲੈਣ ਲੱਗੇ।

ਆਖਰ ਉਹ ਘੜੀ ਆ ਗਈ ਜਿਸ ਦਾ ਉਹ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਨੂੰ ਸਬਕ ਸਿਖਾਉਣ ਲਈ ਸਿੱਖਾਂ ਨੇ ਚੱਪੜਚਿੜੀ ਦਾ ਮੈਦਾਨ ਆ ਮੱਲਿਆ। ਡਾ. ਗੰਡਾ ਸਿੰਘ ਅਨੁਸਾਰ ਬਾਬਾ ਬੰਦਾ ਸਿੰਘ ਨੇ ਆਪਣੀ ਨਿਪੁੰਨ ਯੁੱਧ ਨੀਤੀ ਅਨੁਸਾਰ ਆਪਣੀ ਫੌਜ ਨੂੰ ਤਿੰਨ ਹਿੱਸਿਆਂ ਵਿੱਚ ਵੰਡ ਦਿੱਤਾ ਇਕ ਜਥੇ ਦੀ ਕਮਾਨ -ਭਾਈ ਫਤਿਹ ਸਿੰਘ, ਭਾਈ ਕਰਮ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਆਲੀ ਸਿੰਘ ਨੂੰ ਸੌਂਪ ਦਿੱਤੀ ਜਦੋਂ ਕਿ ਦੂਜੇ ਜਥੇ ਦੀ ਅਗਵਾਈ ਬਾਬਾ ਬਿਨੋਦ ਸਿੰਘ, ਬਾਬਾ ਬਾਜ ਸਿੰਘ, ਭਾਈ ਰਾਮ ਸਿੰਘ ਅਤੇ ਭਾਈ ਸ਼ਾਮ ਸਿੰਘ ਆਦਿ ਨੂੰ ਸਪੁਰਦ ਕੀਤੀ ਗਈ। ਤੀਸਰੇ ਜਥੇ ਦੀ ਅਗਵਾਈ ਬਾਬਾ ਜੀ ਖ਼ੁਦ ਆਪ ਕਰ ਰਹੇ ਸਨ। ਸੂਬੇਦਾਰ ਵਜ਼ੀਰ ਖਾਂ ਦੀਆਂ ਫੌਜਾਂ ਸਿੱਖਾਂ ਦੇ ਤੂਫ਼ਾਨ ਨੂੰ ਰੋਕਣ ਲਈ ਅੱਗੇ ਵਧੀਆਂ। ੧੨ ਮਈ, ੧੭੧੦ ਈ. ਨੂੰ ਚੱਪੜ ਚਿੜੀ ਦੇ ਮੈਦਾਨ ਵਿਚ ਜ਼ੋਰਦਾਰ ਖ਼ੂਨ-ਡੋਲਵਾਂ ਮੁਕਾਬਲਾ ਹੋਇਆ। ਇਸ ਭਿਆਨਕ ਲੜਾਈ ਵਿਚ ਭਾਈ ਫਤਿਹ ਸਿੰਘ ਨੇ ਸੂਬਾ ਸਰਹੰਦ ਵਜ਼ੀਰ ਖਾਨ ਦੇ ਹਾਥੀ ਉੱਤੇ ਚੜ ਕੇ ਪੂਰੇ ਜ਼ੋਰ ਨਾਲ ਵਾਰ ਕੀਤਾ ਅਤੇ ਉਸ ਨੂੰ ਵਿਚਕਾਰੋਂ ਦੋ ਫਾੜ ਕਰ ਦਿੱਤਾ। ਵਜ਼ੀਰ ਖਾਂ ਦੇ ਮਰਨ ਨਾਲ ਬਾਕੀ ਮੁਸਲਮਾਨ ਫੌਜਾਂ ਮੈਦਾਨ ਛੱਡ ਕੇ ਦੌੜ ਗਈਆਂ ਅਤੇ ਸਰਹੰਦ ਫਤਿਹ ਹੋ ਗਈ। ਡਾ. ਗੰਡਾ ਸਿੰਘ ਅਨੁਸਾਰ ਇਸ ਯੁੱਧ ਵਿਚ ਮਲੇਰਕੋਟਲੇ ਦਾ ਨਵਾਬ ਮੁਹੰਮਦ ਸ਼ੇਰ ਖਾਨ ਅਤੇ ਜਰਨੈਲ ਖੁਆਜਾ ਅਲੀ ਮਲੇਰਕੋਟਲੀਆ ਵੀ ਮਾਰੇ ਗਏ। ਇਸ ਤਰ੍ਹਾਂ ਧਰਮੀ ਖਾਲਸਾ ਪੰਥ ਦੀ ਸ਼ਾਨਦਾਰ ਜਿੱਤ ਹੋਈ ਅਤੇ ਪਾਪੀ ਨੂੰ ਦੰਡ ਮਿਲਿਆ ਅਤੇ ਉਹ ਮਾਰਿਆ ਗਿਆ। ਇਹ ਖਾਲਸਾ ਪੰਥ ਦੀ ਸ਼ਕਤੀ ਦਾ ਇਕ ਹੋਰ

ਸ਼ਾਨਦਾਰ ਅਤੇ ਇਤਿਹਾਸਿਕ ਕ੍ਰਿਸਮਾ ਸੀ। ਗੁਰੂ ਸਾਹਿਬ ਇਉਂ ਫਰਮਾਉਂਦੇ ਹਨ:

*ਜੈਕਾਰੁ ਕੀਓ ਧਰਮੀਆ ਕਾ ਪਾਪੀ ਕਉ ਡੰਡੁ ਦੀਓਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੯)*

ਅਗਲੇ ਦਿਨ ਸਿੱਖ ਫੌਜਾਂ ੧੩ ਮਈ, ੧੭੧੦ ਈ. ਨੂੰ ਸਰਹੰਦ ਵਿਚ ਦਾਖ਼ਲ ਹੋਈਆਂ। ਦੇਖਦੇ ਹੀ ਦੇਖਦੇ ਬਾਬਾ ਬੰਦਾ ਸਿੰਘ ਬਹਾਦਰ ਨੇ ਸਿਤਮਾਂ ਦੀ ਨਗਰੀ ਸਰਹੰਦ ਦਾ ਕਿਲ੍ਹਾ ਖੰਡਰ ਵਿਚ ਤਬਦੀਲ ਕਰ ਦਿੱਤਾ। ਸ਼ਾਹੀ ਅਮੀਰਾਂ ਤੋਂ ਧਨ ਵਸੂਲਿਆ ਗਿਆ ਅਤੇ ਦੋਸ਼ੀਆਂ ਨੂੰ ਚੁਣ-ਚੁਣ ਕੇ ਸਜ਼ਾਵਾਂ ਦਿੱਤੀਆਂ। ਵਜ਼ੀਰ ਖ਼ਾਂ ਦੇ ਮਹੱਲਾਂ ਵਿੱਚੋਂ ਬਹੁਤ ਸਾਰਾ ਧਨ ਬਾਬਾ ਬੰਦਾ ਸਿੰਘ ਬਹਾਦਰ ਦੇ ਹੱਥ ਲੱਗਾ। ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ "ਸਪੋਲੀਏ" ਕਹਿਣ ਅਤੇ ਵਜੀਰ ਖਾਂ ਨੂੰ ਉਕਸਾ ਕੇ ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦੀ ਸਲਾਹ ਦੇਣ ਵਾਲੇ ਸੁੱਚਾ ਨੰਦ ਨੂੰ ਨੱਕ ਵਿਚ ਨਕੇਲ ਪਾ ਕੇ ਗਲੀਆਂ ਵਿਚ ਘਸੀਟ-ਘਸੀਟ ਕੇ ਨਰਕਾਂ ਨੂੰ ਤੋਰ ਦਿੱਤਾ ਗਿਆ। ਅਗਲੇ ਦਿਨ ੧੪ ਮਈ, ੧੭੧੦ ਈ. ਨੂੰ 'ਬਾਗ-ਹਾਫ਼ੀਜ਼ੀ' ਹੁਣ 'ਆਮ-ਖਾਸ ਬਾਗ' ਵਿਖੇ ਇਕ ਵਿਸ਼ਾਲ ਲੋਕ ਦਰਬਾਰ ਲਾਇਆ ਗਿਆ ਜਿਸ ਵਿਚ ਸਥਾਨਕ ਲੋਕਾਂ ਨੂੰ ਉਨ੍ਹਾਂ ਦੇ ਜਾਨ, ਮਾਲ, ਧਰਮ, ਧਾਰਮਿਕ ਚਿਨ੍ਹਾਂ ਅਤੇ ਧਾਰਮਿਕ ਅਸਥਾਨਾਂ ਅਤੇ ਧੀਆਂ-ਭੈਣਾਂ ਦੀ ਇੱਜ਼ਤ-ਆਬਰੂ ਦੀ ਮੁਕੰਮਲ ਸੁਰੱਖਿਆ ਦਾ ਭਰੋਸਾ ਦਿਵਾਇਆ ਗਿਆ। ਜਗੀਰਦਾਰੀ ਸਿਸਟਮ ਖਤਮ ਕਰ ਕੇ ਵਾਹੀਕਾਰਾਂ ਨੂੰ ਉਨ੍ਹਾਂ ਵੱਲੋਂ ਵਾਹੀ ਜਾ ਰਹੀ ਜ਼ਮੀਨ ਦੇ ਮਾਲਕ ਬਣਾ ਦਿੱਤਾ। ਇਹ ਲਾਮਿਸਾਲ 'ਕਿਸਾਨ ਇਨਕਲਾਬ' ਸੀ। ਇਸ ਤਰ੍ਹਾਂ ਹੁਣ ਗੁਰੂ ਆਸ਼ੇ ਅਨੁਸਾਰ ਉਨ੍ਹਾਂ ਅਖੌਤੀ ਦਲਿਤਾਂ, ਪੱਛੜੀਆਂ ਸ਼੍ਰੇਣੀਆਂ, ਕਿਰਤੀਆਂ ਅਤੇ ਗ਼ਰੀਬਾਂ ਨੂੰ ਸਰਦਾਰੀ, ਜ਼ਿੰਮੀਦਾਰੀ, ਧਰਮ, ਧਾਰਮਿਕਤਾ, ਸ਼ਾਸਤਰ, ਸ਼ਸਤਰ ਅਤੇ ਰਾਜ ਭਾਗ ਦੇ ਮਾਲਕ ਬਣਾ ਦਿੱਤਾ ਗਿਆ। ਇਹ 'ਹਲੇਮੀ ਰਾਜ' ਦੀ ਪਹਿਲੀ ਝਲਕ ਸੀ। ਇਹ ਆਮ-ਖਾਸ ਬਾਗ ਉਹ ਸਥਾਨ ਹੈ, ਜਿੱਥੇ ਦਿੱਲੀ ਤੋਂ ਆਉਣ ਵਾਲੇ ਮੁਗ਼ਲ ਬਾਦਸ਼ਾਹ ਆਪਣਾ ਸ਼ਾਹੀ ਦਰਬਾਰ ਲਾਉਂਦੇ ਸਨ। ਅੱਜ ਉਸੇ ਸਥਾਨ ਉੱਤੇ ਗੁਰੂ ਖਾਲਸਾ ਪੰਥ ਦਾ ਦਰਬਾਰ ਸਜਾਇਆ ਗਿਆ। ਫੈਸਲੇ ਅਨੁਸਾਰ ਰਾਜ ਪ੍ਰਬੰਧ ਨੂੰ ਸਹੀ ਰੂਪ ਵਿਚ ਚਲਾਉਣ ਹਿੱਤ ਬਾਬਾ ਬਾਜ ਸਿੰਘ ਨੂੰ ਸਰਹੰਦ ਦਾ ਗਵਰਨਰ ਥਾਪਿਆ ਗਿਆ। ਪਾਪੀ ਵਜੀਦ ਖਾਨ ਨੂੰ ਮਾਰ ਮੁਕਾਉਣ ਵਾਲੇ ਬਾਬਾ ਫ਼ਤਿਹ ਸਿੰਘ ਨੂੰ ਸਮਾਣੇ ਦਾ ਗਵਰਨਰ ਨਿਯੁਕਤ ਕਰ ਦਿੱਤਾ ਗਿਆ। ਇਸ ਤਰ੍ਹਾਂ ਗੁਰੂ ਆਸ਼ੇ ਅਨੁਸਾਰ ਨਿਮਾਣਿਆਂ ਨੂੰ ਮਾਣ ਅਤੇ ਨਿਤਾਣਿਆਂ ਨੂੰ ਤਾਣ ਵਾਲੇ ਬਣਾ ਦਿੱਤਾ ਗਿਆ।

ਸਰਹੰਦ 'ਤੇ ਮੁਕੰਮਲ ਕਬਜ਼ਾ ਕਰਨ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਮਾਲੇਰਕੋਟਲੇ ਵੱਲ ਵਧਿਆ। ਮਲੇਰੀਆਂ ਦੇ ਬਾਬਾ ਜੀ ਦਾ ਮੁਕਾਬਲਾ ਨਾ ਕਰਨ ਅਤੇ

ਅਧੀਨਗੀ ਮੰਨ ਲੈਣ ਕਾਰਨ ਇਸ ਸ਼ਹਿਰ ਨੂੰ ਕੋਈ ਨੁਕਸਾਨ ਨਾ ਪਹੁੰਚਾਇਆ ਗਿਆ। ਬਾਬਾ ਜੀ ਨੇ ਬੀਬੀ ਅਨੂਪ ਕੌਰ, ਜੋ ਨਵਾਬ ਮਲੇਰਕੋਟਲਾ ਦੇ ਜ਼ੁਲਮ ਦਾ ਸ਼ਿਕਾਰ ਹੋਣ ਕਾਰਨ ਸ਼ਹੀਦ ਹੋ ਗਈ ਸੀ, ਦੀ ਲਾਸ਼ ਬਰਾਮਦ ਕਰ ਕੇ ਉਸ ਦਾ 'ਸਿੱਖ ਰਹਿਤ ਮਰਯਾਦਾ' ਅਨੁਸਾਰ ਆਪਣੇ ਹੱਥੀਂ ਸਸਕਾਰ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹੰਦ ਦੀ ਬਜਾਏ ਮੁਖ਼ਲਿਸਗੜ੍ਹ ਨੂੰ ਆਪਣੀ ਰਾਜਧਾਨੀ ਬਣਾਇਆ ਤੇ ਆਪਣੀਆਂ ਅਗਲੀਆਂ ਮੁਹਿੰਮਾਂ ਦਾ ਆਧਾਰ ਕੇਂਦਰ ਬਣਾਇਆ। ਮੁਖ਼ਲਿਸਗੜ੍ਹ ਦਾ ਕਿਲਾ ਸ਼ਾਹ ਜਹਾਨ ਦੀ ਆਗਿਆ ਅਨੁਸਾਰ ਉਸ ਦੇ ਜਰਨੈਲ ਮੁਖ਼ਲਿਸ ਖ਼ਾਨ ਨੇ ਬਣਵਾਇਆ ਸੀ। ਜਿਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਕਿਲ੍ਹੇ ਉੱਤੇ ਕਬਜ਼ਾ ਕੀਤਾ ਤਾਂ ਇਹ ਬੜੀ ਟੁੱਟੀ-ਭੱਜੀ ਹਾਲਤ ਵਿਚ ਸੀ, ਛੇਤੀ ਹੀ ਇਸ ਦੀ ਮੁਰੰਮਤ ਕਰਵਾਈ ਗਈ ਅਤੇ ਇਸ ਦਾ ਨਾਂ 'ਲੋਹਗੜ' ਰੱਖਿਆ ਗਿਆ। ਸਰਹੰਦ ਦਾ ਖ਼ਜ਼ਾਨਾ, ਸਾਰੀਆਂ ਮੁਹਿੰਮਾਂ ਵਿਚ ਪ੍ਰਾਪਤ ਹੋਇਆ ਮਾਲ-ਅਸਬਾਬ ਤੇ ਜੰਗੀ ਸਾਜੋ-ਸਾਮਾਨ ਅਤੇ ਕਬਜ਼ੇ ਹੇਠ ਆਏ ਇਲਾਕਿਆਂ ਤੋਂ ਉਗਰਾਹਿਆ ਹੋਇਆ ਮਾਮਲਾ ਸਭ ਇੱਥੇ ਇਕੱਠੇ ਕੀਤੇ ਗਏ। ਅਸਲੀ ਅਰਥਾਂ ਵਿਚ ਲੋਹਗੜ ਸਿੰਘਾਂ ਦੇ ਨਵੇਂ ਬਣ ਰਹੇ ਰਾਜ ਦੀ ਰਾਜਧਾਨੀ ਬਣ ਗਿਆ। ਫ਼ੌਜੀ ਨਜ਼ਰੀਏ ਤੋਂ ਇਸ ਜਗ੍ਹਾ ਦੀ ਚੋਣ ਕਾਫ਼ੀ ਬੁੱਧੀਮਾਨੀ ਵਾਲੀ ਸੀ, ਕਿਉਂਕਿ ਸੁਰੱਖਿਆ ਪੱਖੋਂ ਇਹ ਮੁੱਖ ਮਾਰਗ ਤੋਂ ਹਟ ਕੇ ਨੀਮ ਪਹਾੜੀ ਇਲਾਕੇ ਨਾਲ ਲੱਗਣ ਕਰਕੇ ਕਾਫੀ ਸੁਰੱਖਿਅਤ ਸੀ। ਬਾਬਾ ਬੰਦਾ ਸਿੰਘ ਬਹਾਦਰ ਹੁਣ ਇਕ ਤਰ੍ਹਾਂ ਨਾਲ ਪੰਜਾਬ ਦਾ ਬੇਤਾਜ ਬਾਦਸ਼ਾਹ ਬਣ ਗਿਆ ਸੀ। ਉਸ ਦੇ ਕੋਲ ਸ਼ਰਧਾਲੂ ਸਿੰਘਾਂ ਦੀ ਫੌਜ ਵੀ ਹੋ ਗਈ ਸੀ ਅਤੇ ਰਾਜ-ਕਾਜ ਲਈ ਰਾਜਧਾਨੀ, ਖਰਚੇ ਲਈ ਧਨ, ਜੰਗ ਲਈ ਹਥਿਆਰ ਅਤੇ ਰਹਿਣ ਲਈ ਮਹਿਲ ਵੀ। ਇਹ ਸੰਸਾਰ ਅੰਦਰ ਅਤੇ ਇਸ ਧਰਤੀ ਉੱਤੇ ਪਹਿਲੇ ਸਿੱਖ ਰਾਜ ਦੀ ਸਥਾਪਨਾ ਹੋ ਗਈ ਸੀ।

ਉਸ ਨੇ ਸਿੱਖ ਰਾਜ ਦੀ ਸਦੀਵੀ ਪੱਕੀ ਨਿਸ਼ਾਨੀ ਲਈ ਗੁਰੂ ਨਾਨਕ-ਗੁਰੂ ਗੋਬਿੰਦ ਸਿੰਘ ਦੇ ਨਾਂ ਦਾ ਸਿੱਕਾ ਭੀ ਜਾਰੀ ਕਰ ਦਿੱਤਾ, ਜਿਸ 'ਤੇ ਫ਼ਾਰਸੀ ਦੇ ਹੇਠ ਲਿਖੇ ਸ਼ਬਦ ਉਕਰੇ ਹੋਏ ਸਨ:

*ਸਿੱਕਾ ਜ਼ਦ ਬਰ ਹਰ ਦੋ ਆਲਮ ਤੇਗ਼ਿ ਨਾਨਕ ਵਾਹਿਦ ਅਸਤ*
*ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ ਫ਼ਜ਼ਲਿ ਸੱਚਾ ਸਾਹਿਬ ਅਸਤ*

ਜਿਸ ਦਾ ਅਰਥ ਹੈ:

*ਸਿੱਕਾ ਮਾਰਿਆ ਦੋ ਜਹਾਨ ਉੱਤੇ,*
*ਬਖ਼ਸ਼ਾਂ ਬਖ਼ਸ਼ੀਆਂ ਨਾਨਕ ਦੀ ਤੇਗ਼ ਨੇ ਜੀ।*
*ਫ਼ਤਹਿ ਸ਼ਾਹਿ ਸ਼ਾਹਾਨ ਗੋਬਿੰਦ ਸਿੰਘ ਦੀ,*
*ਮਿਹਰਾਂ ਕੀਤੀਆਂ ਸੱਚੇ ਰੱਬ ਏਕ ਨੇ ਜੀ।*

ਬਾਦਸ਼ਾਹੀ ਸਿੱਕਿਆਂ ਦੀ ਤਰ੍ਹਾਂ ਇਸ ਦੇ ਪਿਛਲੇ ਪਾਸੇ ਰਾਜਧਾਨੀ ਦੀ ਉਸਤਤਿ ਦੇ ਇਹ ਸ਼ਬਦ ਸਨ:

*ਜ਼ਰਬ ਬ-ਅਮਾਨੁ-ਦਹਿਰ, ਮੁਸੱਵਰਤ ਸ਼ਹਿਰ, ਜ਼ੀਨਤੁ-ਤਖ਼ਤ, ਮੁਬਾਰਕ ਬਖ਼ਤ*

(ਅਰਥਾਤ: ਜਾਰੀ ਹੋਇਆ ਸੰਸਾਰ ਦੇ ਸ਼ਾਂਤੀ-ਅਸਥਾਨ, ਸ਼ਹਿਰਾਂ ਦੀ ਮੂਰਤਿ, ਧੰਨਭਾਗੀ ਰਾਜਧਾਨੀ ਤੋਂ।)

ਬਾਬਾ ਬੰਦਾ ਸਿੰਘ ਬਹਾਦਰ ਨੇ ਸਰਕਾਰੀ ਦਸਤਾਵੇਜ਼, ਸਨਦਾਂ, ਪ੍ਰਵਾਨਿਆਂ ਆਦਿ ਲਈ ਮੋਹਰ ਬਣਵਾਈ, ਜਿੱਥੇ ਕਿੱਥੇ ਮੋਹਰ ਲੱਗੀ, ਮੋਹਰ ਦੇ ਸ਼ਬਦ ਇਹ ਸਨ:

*ਦੇਗੋ ਤੇਗ਼ੋ ਫ਼ਤਹਿ ਓ ਨੁਸਰਤਿ ਬੇ-ਦਿਰੰਗ*
*ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ*

(ਅਰਥਾਤ-ਦੇਗ ਤੇਗ਼ ਜਿੱਤ ਸੇਵ ਨਿਰਾਲਮ, ਗੁਰੂ ਨਾਨਕ-ਗੋਬਿੰਦ ਸਿੰਘ ਤੋਂ ਪਾਈ।)

ਮੁਗ਼ਲ ਬਾਦਸ਼ਾਹਾਂ ਦੇ ਸੰਨਿ-ਜਲੂਸ ਦੀ ਅਰਥਾਤ ਰਾਜ-ਸੰਮਤ ਦੀ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਭੀ ਸਰਹੰਦ ਦੀ ਫ਼ਤਿਹ ਤੋਂ ਬਾਅਦ ਇਕ ਨਵਾਂ 'ਸੰਮਤ ਨਾਨਕਸ਼ਾਹੀ' ਅਰੰਭ ਕੀਤਾ ਜੋ ਉਸ ਦੇ ਰਾਜ ਦੇ ਅੰਤ ਦੇ ਨਾਲ ਹੀ ਉਨ੍ਹਾਂ ਵੱਲੋਂ ਚਲਾਏ ਸਿੱਕੇ, ਅਦਾਲਤੀ ਮੋਹਰ ਅਤੇ ਹੋਰ ਨਿਸ਼ਾਨੀਆਂ ਵਾਂਗ ਸਮਾਪਤ ਹੋ ਗਿਆ। ਉਸ ਨੇ ਇਹ ਸਭ ਕੁਝ ਮੁਗ਼ਲ ਬਾਦਸ਼ਾਹ ਦੀ ਬਰਾਬਰੀ ਦੇ ਤੌਰ 'ਤੇ ਇਸ ਲਈ ਕੀਤਾ ਕਿ ਲੋਕਾਂ ਵਿਚੋਂ ਲੰਮੇ ਸਮੇਂ ਦੀ ਦੂਹਰੀ ਗ਼ੁਲਾਮੀ ਕਾਰਨ ਪੈਦਾ ਹੋਈ ਹੀਣ ਭਾਵਨਾ-ਅਹਿਸਾਸੇ-ਕਮਤਰੀ- ਖਤਮ ਹੋਵੇ ਅਤੇ ਉਨ੍ਹਾਂ ਅੰਦਰ ਮੁਗ਼ਲਾਂ ਦੀ ਬਰਾਬਰੀ ਦਾ ਜਜ਼ਬਾ ਅਤੇ ਅਹਿਸਾਸ ਪੈਦਾ ਹੋ ਜਾਵੇ ਕਿ ਉਹ ਕਿਸੇ ਨਾਲੋਂ ਘੱਟ ਨਹੀਂ ਹਨ। ਫ਼ਰਕ ਇੰਨਾ ਹੈ ਕਿ ਮੁਗ਼ਲ ਬਾਦਸ਼ਾਹ ਦੇ ਸਿੱਕੇ, ਰਾਜਧਾਨੀ, ਮੋਹਰਾਂ ਬਾਦਸ਼ਾਹ ਦੇ ਨਾਂ 'ਤੇ ਚੱਲਦੇ ਸਨ, ਪਰ ਖ਼ਾਲਸੇ ਦਾ ਰਾਜ ਨੇਤਾ ਬਾਬਾ ਬੰਦਾ ਸਿੰਘ ਬਹਾਦਰ ਆਪਣੇ ਨਿੱਜੀ ਨਾਂ 'ਤੇ ਕੁਝ ਨਹੀਂ ਕਰਦਾ ਸੀ। ਉਹ ਰਾਜ ਦੀ ਪ੍ਰਾਪਤੀ ਵਾਹਿਗੁਰੂ ਦੀ ਮਿਹਰ ਨਾਲ ਸ੍ਰੀ ਗੁਰੂ ਨਾਨਕ ਸਾਹਿਬ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖ਼ਸ਼ਿਸ਼ ਮੰਨਦਾ ਹੈ ਤੇ ਆਪ ਦੇਗ ਤੇ ਤੇਗ਼ ਰਾਹੀਂ ਖਾਲਸਾ ਪੰਥ ਅਤੇ ਦੇਸ਼ ਦਾ ਕੇਵਲ ਸੇਵਾਦਾਰ ਹੈ। ਉਸ ਲਈ ਬਖ਼ਸ਼ਿਸ਼ ਗੁਰੂ ਨਾਨਕ ਸਾਹਿਬ ਦੀ ਹੈ। ਫ਼ਤਹ ਗੁਰੂ ਗੋਬਿੰਦ ਸਿੰਘ ਜੀ ਤੇ ਪਾਤਸ਼ਾਹੀ ਅਕਾਲ ਪੁਰਖ ਦੀ ਹੈ।

(ਪੁਸਤਕ *ਬੰਦਾ ਸਿੰਘ ਬਹਾਦਰ*, ਕ੍ਰਿਤ ਡਾ. ਗੰਡਾ ਸਿੰਘ, ਪੰਨਾ ੩੯-੪੧)

**ਚਲਦਾ...**

# ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚਲੇ ਮਹਾਨ ੨੪ ਫਲ਼ ਅਤੇ ੮ ਬਖਸ਼ਿਸ਼ਾਂ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

ਗੁਰੂ ਪਿਆਰੀ ਸਾਧ ਸੰਗਤ ਜੀ, ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਅਤੇ ਪਵਿੱਤਰ ਬਾਣੀ ਬਹੁਤ ਹੀ ਪਿਆਰ ਨਾਲ ਰਚੀ ਹੈ, ਸਾਰੇ ਸੰਸਾਰ ਵਿਚ ਬਹੁਤ ਹੀ ਪਿਆਰੀ ਸਿੱਖ ਸੰਗਤ ਇਸ ਪਵਿੱਤਰ ਬਾਣੀ ਦਾ ਪਾਠ ਬਹੁਤ ਹੀ ਪਿਆਰ ਨਾਲ ਕਰਦੀ ਹੈ। ਸ੍ਰੀ ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚ ਸਤਿਗੁਰੂ ਜੀ ਨੇ ਪਹਿਲੀ ਪਿਆਰੀ ਅਸਟਪਦੀ ਵਿਚ ਹੀ 'ਰਹਾਉ' ਦਾ ਸ਼ਬਦ ਉਚਾਰਨ ਕੀਤਾ ਹੈ:

*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੨)*

ਪਿਆਰਿਓ, ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਸੁਖਾਂ ਦੀ ਦਾਤੀ ਹੈ। ਇਸ ਅੰਮ੍ਰਿਤ ਰੂਪੀ ਬਾਣੀ ਵਿਚ ਪਰਮਾਤਮਾ ਦਾ ਨਾਮ ਹੀ ਭਰਿਆ ਪਿਆ ਹੈ। ਇਹ ਪਾਵਨ ਬਾਣੀ ਗੁਰਮੁਖਾਂ, ਸੰਤਾਂ, ਭਗਤਾਂ ਦੇ ਅੰਦਰ ਵਾਸਾ ਕਰਦੀ ਹੈ। ਸੋ ਇਨ੍ਹਾਂ ਦੋਨੋਂ ਪਾਵਨ ਪੰਕਤੀਆਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਕੇਂਦਰੀ ਭਾਵ ਲਿਖ ਦਿੱਤਾ ਹੈ:

ਪਿਆਰਿਓ, ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਨੂੰ ਅਸੀਂ ਨਿਰਾ ਪੜ੍ਹਨ ਤਕ ਹੀ ਸੀਮਿਤ ਨਹੀਂ ਰਹਿ ਜਾਣਾ ਬਲਕਿ ਇਸ ਦੀ ਹਰ ਪਾਵਨ ਪੰਕਤੀ ਨੂੰ ਆਪਣੇ ਜੀਵਨ 'ਤੇ ਢਾਲਣਾ ਬਹੁਤ ਜ਼ਰੂਰੀ ਹੈ। ਬਾਣੀ ਵਿਚਾਰਨ ਨਾਲ ਇਹ ਬਾਣੀ ਸਿੱਖ ਦੇ ਹਿਰਦੇ ਅੰਦਰ ਟਿਕ ਜਾਂਦੀ ਹੈ, ਜਿਸ ਸਦਕਾ ਸਿੱਖ ਦੇ ਹਿਰਦੇ ਅੰਦਰ ਰੱਬੀ ਸਿਮਰਨ ਕਰਨ ਦਾ ਚਾਅ ਪੈਦਾ ਹੋ ਜਾਂਦਾ ਹੈ, ਸੋ ਜਿਸ ਵੀ ਸਿੱਖ ਦਾ ਇਸ ਪਵਿੱਤਰ ਬਾਣੀ ਨਾਲ ਬਹੁਤ ਹੀ ਪਿਆਰ ਪੈ ਜਾਂਦਾ ਹੈ, ਉਹ ਪਿਆਰਾ ਸਿੱਖ ਵਾਹਿਗੁਰੂ ਜੀ ਦੇ ਸਿਮਰਨ ਦਾ ਅਭਿਆਸੀ ਸਿੱਖ ਬਣ ਜਾਂਦਾ ਹੈ, ਜਿਸ ਸਦਕਾ ਐਸਾ ਸਿੱਖ ਬਹੁਤ ਹੀ ਪਿਆਰਾ ਭਗਤ ਅਤੇ ਸੂਰਮਾ ਬਣ ਜਾਂਦਾ ਹੈ। ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਬਹੁਤ ਸਰਲ ਹੈ, ਜਿਸ ਦੀ ਹਰ ਪਾਵਨ ਪੰਕਤੀ ਨੂੰ ਸਿੱਖ ਪੜ੍ਹ ਕੇ ਉਸ ਦੇ ਅਰਥ ਵੀ ਸਮਝ ਸਕਦਾ ਹੈ। ਅੱਜ ਤਕ ਜਿੰਨੇ ਵੀ ਸਿੱਖੀ ਵਿਚ ਸ਼ਹੀਦ, ਸਿੰਘ, ਸੂਰਮੇ, ਸੰਤ ਅਤੇ ਭਗਤ ਹੋਏ ਹਨ, ਉਨ੍ਹਾਂ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਨੂੰ ਪੜ੍ਹਦੇ ਹੋਏ, ਵਿਚਾਰਿਆ ਵੀ ਬਹੁਤ ਗੰਭੀਰਤਾ ਨਾਲ ਹੈ। ਪਿਆਰਿਓ,

**# ੨ ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੧। ਮੋ. ੯੮੧੫੧ ੪੩੫੨੬*

ਜਿਸ ਤਰ੍ਹਾਂ ਦੁੱਧ ਵਿਚ ਘਿਓ ਹੁੰਦਾ ਹੈ ਪਰ ਦੁੱਧ ਵਿੱਚੋਂ ਘਿਓ ਨੂੰ ਕੱਢਣ ਲਈ ਵਿਧੀ ਰਾਹੀਂ ਰਿੜਕਨਾ ਪੈਂਦਾ ਹੈ, ਫਿਰ ਘਿਓ ਦੁੱਧ ਵਿੱਚੋਂ ਪ੍ਰਗਟ ਹੋ ਜਾਂਦਾ ਹੈ। ਇਸੇ ਤਰ੍ਹਾਂ ਸਾਰੀ ਪਵਿੱਤਰ ਗੁਰਬਾਣੀ ਵਿਚ ਵਾਹਿਗੁਰੂ ਜੀ ਆਪ ਹੀ ਹਨ, ਸੋ ਗੁਰਬਾਣੀ ਨੂੰ ਪੜ੍ਹਦੇ ਹੋਏ ਇਸ ਨੂੰ ਵਿਚਾਰਨਾ ਅਤਿ-ਅਤਿ ਜ਼ਰੂਰੀ ਹੈ, ਸੋ ਪਾਵਨ ਗੁਰਬਾਣੀ ਨੂੰ ਵਿਚਾਰਨ ਨਾਲ ਹੀ ਵਾਹਿਗੁਰੂ ਜੀ ਇਕ ਗੁਰਮੁਖ ਸਿੱਖ 'ਤੇ ਦਇਆਲ ਹੋ ਕੇ, ਉਸ ਨੂੰ ਰੱਬੀ ਸਿਮਰਨ ਦੀ ਦਾਤ ਬਖਸ਼ ਦਿੰਦੇ ਹਨ, ਭਾਵ ਕਿ ਉਸ ਦੇ ਹਿਰਦੇ ਅੰਦਰ ਪ੍ਰਗਟ ਹੋ ਜਾਂਦੇ ਹਨ।

ਪਿਆਰਿਓ, ਸਿੱਖੀ ਵਿਚ ਆਮ ਹੀ ਧਾਰਨਾ ਹੈ ਕਿ ਜੋ ਵੀ ਸਿੱਖ ਦਿਨ ਵਿਚ ਇਕ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਬਹੁਤ ਹੀ ਪਿਆਰ ਨਾਲ ਕਰੇਗਾ, ਉਸ ਸਿੱਖ ਦੇ ੨੪ ਘੰਟਿਆਂ ਦੇ ੨੪੦੦੦ ਸਵਾਸ ਸਦਾ-ਸਦਾ ਲਈ ਸਫ਼ਲ ਹੋ ਜਾਂਦੇ ਹਨ, ਪਰ ਸਤਿਗੁਰੂ ਜੀ ਦੀ ਦਇਆ-ਦ੍ਰਿਸ਼ਟੀ ਸਦਕਾ, ਉਸ ਪਿਆਰੇ ਸਿੱਖ ਜਾਂ ਬੀਬੀ ਦੇ ਹੀ ੨੪ ਘੰਟਿਆਂ ਦੇ ਸਵਾਸ ਸਫਲ ਹੋ ਜਾਣਗੇ, ਜੋ ਸਿੱਖ ਇਸ ਪਵਿੱਤਰ ਬਾਣੀ ਦੇ ਪਾਠ ਨੂੰ ਬਹੁਤ ਹੀ ਸ਼ਰਧਾ, ਪ੍ਰੇਮ ਨਾਲ ਅਤੇ ਵਿਚਾਰ-ਵਿਚਾਰ ਕੇ ਪੜ੍ਹੇਗਾ ਅਤੇ ਪਾਵਨ ਬਾਣੀ ਦੇ ਆਸ਼ੇ ਮੁਤਾਬਿਕ ਹੀ ਆਪਣਾ ਜੀਵਨ ਢਾਲ ਲਵੇਗਾ, ਸੋ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਵਿੱਤਰ ਬਾਣੀ ਵਿਚ ਸਤਿਗੁਰੂ ਜੀ ਨੇ ੨੪ਵੀਂ ਅਸਟਪਦੀ ਦੀ ੬ਵੀਂ ਪਉੜੀ ਵਿਚ ਅੰਕਿਤ ਹੀ ਕਰ ਦਿੱਤਾ ਹੈ ਕਿ ਜਿਹੜਾ ਵੀ ਸਿੱਖ ਜਾਂ ਬੀਬੀ ਇਸ ਪਾਵਨ ਬਾਣੀ ਦੇ ਪਾਠ ਨੂੰ ਬਹੁਤ ਹੀ ਪ੍ਰੇਮ ਨਾਲ, ਹੌਲੀ-ਹੌਲੀ ਵਿਚਾਰ-ਵਿਚਾਰ ਕੇ ਪੜ੍ਹੇਗਾ ਜਾਂ ਸੁਣੇਗਾ, ਉਸ ਪਿਆਰੇ ਸਿੱਖ ਦੇ ਹਿਰਦੇ ਅੰਦਰ ੨੪ ਮਹਾਨ ਗੁਣ (ਫ਼ਲ) ਪ੍ਰਗਟ ਹੋ ਜਾਣਗੇ, ਸੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜੋ ਉਕਤ ਮਹਾਨ ਗੁਣ (ਫ਼ਲ) ਲਿਖੇ ਹਨ, ਇਨ੍ਹਾਂ ਨੂੰ ਜ਼ਰੂਰ ਹੀ ਪੜ੍ਹੋ ਜੀ। ਦਾਸ ਨੇ ਇਨ੍ਹਾਂ ੨੪ ਮਹਾਨ ਗੁਣਾਂ (ਫ਼ਲ) ਨੂੰ ਨੰਬਰਿੰਗ ਦੇ ਆਧਾਰ 'ਤੇ ਲਿਖਿਆ ਹੈ ਤਾਂ ਜੋ ਸੰਗਤ ਨੂੰ ਇਨ੍ਹਾਂ ਮਹਾਨ ਗੁਣਾਂ ਦੇ ਅਰਥਾਂ ਦਾ ਪਤਾ ਲੱਗ ਸਕੇ:-

ਖੇਮ ਸਾਂਤਿ ਰਿਧਿ ਨਵ ਨਿਧਿ॥ ਬੁਧਿ ਗਿਆਨੁ ਸਰਬ ਤਹ ਸਿਧਿ॥
੧ ੨ ੩ ੪ ੫ ੬

ਬਿਦਿਆ ਤਪੁ ਜੋਗੁ ਪ੍ਰਭ ਧਿਆਨੁ॥ ਗਿਆਨੁ ਸ੍ਰੇਸਟ ਊਤਮ ਇਸਨਾਨੁ॥
੭ ੮ ੯ ੧੦ ੧੧ ੧੨ ੧੩ ੧੪

ਚਾਰਿ ਪਦਾਰਥ ਕਮਲ ਪ੍ਰਗਾਸ॥ ਸਭ ਕੈ ਮਧਿ ਸਗਲ ਤੇ ਉਦਾਸ॥
੧੫,੧੬,੧੭,੧੮ ੧੯ ੨੦

ਸੁੰਦਰੁ ਚਤੁਰੁ ਤਤ ਕਾ ਬੇਤਾ॥ ਸਮਦਰਸੀ ਏਕ ਦ੍ਰਿਸਟੇਤਾ॥
੨੧ ੨੨ ੨੩ ੨੪

*ਇਹ ਫਲ ਤਿਸੁ ਜਨ ਕੈ ਮੁਖਿ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯੫)*

ਪਿਆਰਿਓ, ਇਹ ੨੪ ਮਹਾਨ ਫਲ ਉਸੇ ਸਿੱਖ ਦੇ ਹਿਰਦੇ ਅੰਦਰ ਹੀ ਪ੍ਰਗਟ ਹੋਣਗੇ ਜੋ ਸਿੱਖ ਸ੍ਰੀ ਸੁਖਮਨੀ ਸਾਹਿਬ ਦੀ ਪਾਵਨ ਬਾਣੀ ਨੂੰ ਵਿਚਾਰ ਵਿਚਾਰ ਕੇ ਅਤੇ ਅਤਿ ਸ਼ਰਧਾ ਭਾਵਨਾ ਨਾਲ ਪੜ੍ਹੇਗਾ। ਸੋ ਇਨ੍ਹਾਂ ੨੪ ਫ਼ਲਾਂ ਦੇ ਅਰਥ ਜ਼ਰੂਰ ਹੀ ਪੜ੍ਹੋ ਜੀ:-

(੧) **ਖੇਮ**... ਸ੍ਰੀ ਸੁਖਮਨੀ ਸਾਹਿਬ ਦੀ ਪਾਵਨ ਬਾਣੀ ਦੇ ਪਾਵਨ ਉਪਦੇਸ਼ਾਂ 'ਤੇ ਅਮਲ ਕਰਨ ਵਾਲੇ ਸਿੱਖ ਦੇ ਹਿਰਦੇ ਅੰਦਰ (ਖੇਮ) ਅਟੱਲ ਸਦੀਵੀ ਸੁਖ ਪ੍ਰਗਟ ਹੋ ਜਾਂਦਾ ਹੈ। (੨) **ਸਾਂਤਿ**... ਉਸ ਪਿਆਰੇ ਸਿੱਖ ਦੇ ਹਿਰਦੇ ਅੰਦਰ ਸਦਾ ਸੁਖ ਅਤੇ ਸ਼ਾਂਤੀ ਹੀ ਵਰਤਦੀ ਰਹਿੰਦੀ ਹੈ। (੩) **ਰਿਧਿ ਨਵ ਨਿਧਿ**... ਰਿਧੀਆਂ, ਸਿਧੀਆਂ ਅਤੇ ਨਵਨਿਧੀਆਂ ਉਸ ਸਿੱਖ ਦੇ ਮਗਰ-ਮਗਰ ਭੱਜੀਆਂ ਫਿਰਦੀਆਂ ਹਨ। (੪) **ਬੁਧਿ**... ਉਹ ਸਿੱਖ ਬੁਧੀਮਾਨ ਸਿੱਖ ਹੁੰਦਾ ਹੈ। (੫) **ਗਿਆਨੁ**... ਉਸ ਸਿੱਖ ਦੇ ਹਿਰਦੇ ਅੰਦਰ ਰੱਬੀ ਗਿਆਨ ਹੋਣਾ ਸ਼ੁਰੂ ਹੋ ਜਾਂਦਾ ਹੈ। (੬) **ਸਰਬ ਤਹ ਸਿਧਿ**... ਉਸ ਸਿੱਖ ਦੀਆਂ ਸੰਸਾਰ ਵਿਚ ਹਰ ਪਾਸੇ ਸਿੱਧੀਆਂ ਹੀ ਪੈਦੀਆਂ ਹਨ। (੭) **ਬਿਦਿਆ**... ਉਸ ਸਿੱਖ ਦੇ ਹਿਰਦੇ ਅੰਦਰ ਧਰਮ ਅਤੇ ਬਾਣੀ ਦੇ ਪਵਿੱਤਰ ਭਾਵ ਦੀ ਵੱਡੀ ਵਿੱਦਿਆ ਪ੍ਰਗਟ ਹੋ ਜਾਂਦੀ ਹੈ। (੮) **ਤਪੁ**... ਉਹ ਸਿੱਖ ਨਾਮ ਦਾ ਤਪੀ ਸਿੱਖ ਹੋ ਜਾਂਦਾ ਹੈ। (੯) **ਜੋਗੁ**... ਉਹ ਸਿੱਖ ਰਾਜ ਜੋਗੀ ਸਿੱਖ ਹੋ ਜਾਂਦਾ ਹੈ। (੧੦) **ਪ੍ਰਭ ਧਿਆਨੁ**... ਉਸ ਸਿੱਖ ਦਾ ਧਿਆਨ ਸਦਾ ਵਾਹਿਗੁਰੂ ਜੀ ਦੇ ਸਿਮਰਨ ਵਿਚ ਹੀ ਲੱਗਾ ਰਹਿੰਦਾ ਹੈ। (੧੧) **ਗਿਆਨੁ**... ਉਹ ਸਿੱਖ ਬਹੁਤ ਨਿਮਰਤਾ ਵਿਚ ਹੋਵੇਗਾ, ਜਿਸ ਸਦਕਾ ਸਤਿਗੁਰੂ ਜੀ ਉਸ ਨੂੰ ਰੱਬੀ ਗਿਆਨ ਬਖਸ਼ਿਸ਼ ਕਰ ਦਿੰਦੇ ਹਨ। (੧੨) **ਸ੍ਰੇਸਟ**... ਉਹ ਸਿੱਖ ਸ੍ਰੇਸਟ ਮਤ ਵਾਲਾ ਹੋ ਜਾਂਦਾ ਹੈ। (੧੩) **ਊਤਮ**... ਉਹ ਸਿੱਖ ਸਭ ਤੋਂ ਉੱਚਾ ਅਤੇ ਇੱਜ਼ਤ ਵਾਲਾ ਸਿੱਖ ਬਣ ਜਾਂਦਾ ਹੈ। (੧੪) **ਇਸਨਾਨੁ**... ਉਹ ਸਿੱਖ ਹਰ ਰੋਜ਼ ਦੋਨੋਂ ਇਸ਼ਨਾਨਾਂ ਦਾ ਧਨੀ ਹੋ ਜਾਂਦਾ ਹੈ, ਉਹ ਸਿੱਖ ਹਰਰੋਜ਼ ਆਪਣੇ ਹਿਰਦੇ ਅੰਦਰ ਬਾਣੀ ਦਾ ਇਸ਼ਨਾਨ ਕਰੇਗਾ ਅਤੇ ਬਾਹਰੀ ਅੰਮ੍ਰਿਤ ਵੇਲੇ ਉੱਠ ਕੇ ਪਾਣੀ ਦੇ ਇਸ਼ਨਾਨ ਕਰਨ ਦਾ ਧਨੀ ਹੋ ਜਾਂਦਾ ਹੈ। (੧੫,੧੬,੧੭,੧੮) **ਚਾਰਿ ਪਦਾਰਥ**... ਉਸ ਸਿੱਖ ਦੇ ਹਿਰਦੇ ਅੰਦਰ ਚਾਰੇ ਪਦਾਰਥ ਭਾਵ ਕਿ (ਧਰਮ, ਅਰਥ, ਕਾਮ, ਮੋਖ) ਉਸ ਦੇ ਹਿਰਦੇ ਅੰਦਰ ਪ੍ਰਗਟ ਹੋ ਜਾਣਗੇ (ਧਰਮ) ਉਹ ਸਿੱਖ ਧਰਮੀ ਹੋਵੇਗਾ। (ਅਰਥ) ਜਿਸ ਅਰਥਾਏ ਬਾਣੀ ਪੜ੍ਹੇਗਾ, ਉਸ ਨੂੰ ਉਸ ਦਾ ਪੂਰਾ ਲਾਭ ਮਿਲੇਗਾ। (ਕਾਮ) ਉਸ ਸਿੱਖ ਦੀ ਹਰ ਕਾਮਨਾ ਗੁਰੂ ਜੀ ਆਪ ਪੂਰੀ ਕਰਨਗੇ, (ਮੋਖ) ਉਹ ਸਿੱਖ ਜਿਊਂਦਾ ਹੀ ਮੁਕਤ ਹੋ ਜਾਵੇਗਾ। (੧੯) **ਕਮਲ ਪ੍ਰਗਾਸ**... ਉਸ ਸਿੱਖ ਦਾ ਹਿਰਦਾ ਕਮਲ ਦੇ ਫੁੱਲ ਵਾਂਗੂ ਸਦਾ ਖਿੜ੍ਹਿਆ ਹੀ ਰਹੇਗਾ। (੨੦) **ਸਭ ਕੈ ਮਧਿ ਸਗਲ ਤੇ ਉਦਾਸ**... ਉਹ ਪਿਆਰਾ ਸਿੱਖ ਸੰਸਾਰ ਵਿਚ ਰਹਿੰਦਾ ਹੋਇਆ ਸਦਾ ਵੈਰਾਗ ਵਿਚ ਭਾਵ ਕਿ ਉਦਾਸ ਚਿਤ ਹੀ ਰਹੇਗਾ, ਉਸ ਨੂੰ ਵੱਡੀ ਸਮਝ ਪੈ ਜਾਂਦੀ ਹੈ, ਕਿ ਇਹ ਫਾਨੀ ਸੰਸਾਰ ਇਕ-ਨ-ਇਕ ਦਿਨ ਸਦਾ ਲਈ ਛੱਡ ਜਾਣਾ ਹੈ। (੨੧) **ਸੁੰਦਰੁ**... ਉਹ ਸਿੱਖ ਹਿਰਦੇ ਅੰਦਰੋਂ ਬਹੁਤ ਹੀ ਸਾਫ ਅਤੇ ਸੁੰਦਰ ਹੋ ਜਾਵੇਗਾ।(੨੨)

**ਚਤੁਰੁ**... ਉਹ ਸਿੱਖ ਬਹੁਤ ਹੀ ਚਤੁਰ ਭਾਵ ਕਿ ਸਿਆਣਾ ਹੋ ਜਾਵੇਗਾ। (੨੩) **ਤਤ ਕਾ ਬੇਤਾ**... ਉਹ ਪਿਆਰਾ ਸਿੱਖ ਹਰ ਵਕਤ ਪਾਵਨ ਗੁਰੂ ਸ਼ਬਦ ਦੇ ਤਤ ਵਿਚਾਰ ਦਾ ਹਰ ਵਕਤ ਰਸ ਪੀਂਦਾ ਰਹੇਗਾ। (੨੪) **ਸਮਦਰਸੀ ਏਕ ਦ੍ਰਿਸਟੇਤਾ**... ਉਹ ਪਿਆਰਾ ਸਿੱਖ ਹਰ ਜੀਵ-ਜੰਤੂ, ਬਨਸਪਤੀ ਅਤੇ ਸਭ ਮਨੁੱਖਾਂ ਵਿੱਚੋਂ ਇੱਕ ਵਾਹਿਗੁਰੂ ਦੀ ਜੋਤ ਨੂੰ ਹੀ ਸਮਾਨਅੰਤਰ ਵੇਖੇਗਾ। ਸੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸ ਪਾਵਨ ਪਉੜੀ ਦੀਆਂ ਅਖੀਰਲੀਆਂ ਦੋ ਪਾਵਨ ਪੰਕਤੀਆਂ ਵਿਚ ਇਹ ਵੱਡਾ ਉਪਦੇਸ਼ ਦਿੱਤਾ ਹੈ ਕਿ:

*ਇਹ ਫਲ ਤਿਸੁ ਜਨ ਕੈ ਮੁਖਿ ਭਨੇ॥ ਗੁਰ ਨਾਨਕ ਨਾਮ ਬਚਨ ਮਨਿ ਸੁਨੇ॥*

ਸਤਿਗੁਰੂ ਜੀ ਸੰਗਤ ਨੂੰ ਬਹੁਤ ਹੀ ਪਿਆਰ ਨਾਲ ਫੁਰਮਾਉਂਦੇ ਹਨ ਕਿ ਪਿਆਰਿਓ, ਇਹ ਉੱਪਰ ਲਿਖੇ ੨੪ ਮਹਾਨ ਫਲ ਉਸੇ ਸਿੱਖ ਦੇ ਹਿਰਦੇ ਅੰਦਰ ਹੀ ਪ੍ਰਗਟ ਹੋਣਗੇ ਜੋ ਸਿੱਖ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਪਾਠ ਨੂੰ ਬਹੁਤ ਹੀ ਪਿਆਰ ਨਾਲ ਪੜ੍ਹੇਗਾ, ਸੁਣੇਗਾ, ਵਿਚਾਰੇਗਾ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਵਨ ਉਪਦੇਸ਼ਾਂ ਮੁਤਾਬਕ ਆਪਣੇ ਜੀਵਨ ਵਿਚ ਅਮਲ ਕਰਨ ਦਾ ਵੱਡਾ ਯਤਨ ਕਰਦਾ ਰਹੇਗਾ।

ਦਾਸ ਇੱਥੇ ਗੁਰੂ ਕੀ ਪਿਆਰੀ ਸਿੱਖ ਸੰਗਤ ਨੂੰ ਬਹੁਤ ਹੀ ਨਿਮਰਤਾ ਸਹਿਤ ਬੇਨਤੀ ਕਰ ਰਿਹਾ ਹੈ ਕਿ ਜੋ ਵੀ ਗੁਰੂ ਕਾ ਸਿੱਖ ਜਾਂ ਬੀਬੀ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਦੀ ਇਕ ਅਸਟਪਦੀ 'ਤੇ ਘੱਟੋ-ਘੱਟ ੫ ਮਿੰਟ ਜ਼ਰੂਰ ਹੀ ਲਾਵੇਗਾ, ਉਸ ਪਿਆਰੇ ਗੁਰਸਿੱਖ ਅਤੇ ਗੁਰਸਿੱਖ ਬੀਬੀ ਨੂੰ ਸਤਿਗੁਰੂ ਜੀ ਅਤਿ ਪ੍ਰਸੰਨ ਹੋ ਕੇ ਉਸ ਨੂੰ ਇਹ ੨੪ ਮਹਾਨ ਫ਼ਲ ਅਤੇ ੮ ਵਰ ਆਪਣੇ ਦਰੋਂ-ਘਰੋਂ ਜ਼ਰੂਰ ਹੀ ਬਖਸ਼ ਦੇਣਗੇ।

ਸੋ ਪਿਆਰਿਓ, ਅੱਗੇ ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ੨੪ਵੀਂ ਅਸਟਪਦੀ ਦੀ ਅਖੀਰਲੀ ਪਉੜੀ ਵਿਚ ਆਪਣੇ ਸਿਖਾਂ ਨੂੰ ੮ ਮਹਾਨ (ਵਰ) ਬਖਸ਼ਿਸ਼ਾਂ ਅਸੀਸ਼ਾਂ ਦਿੱਤੀਆਂ ਹਨ, ਇਨ੍ਹਾਂ ਨੂੰ ਵੀ ਜ਼ਰੂਰ ਹੀ ਪੜ੍ਹੋ ਜੀ:

*ਜਿਸੁ ਮਨਿ ਬਸੈ ਸੁਨੈ ਲਾਇ ਪ੍ਰੀਤਿ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ॥* ***(ਪਹਿਲੀ ਬਖਸ਼ਿਸ਼)***

ਸਤਿਗੁਰੂ ਜੀ ਫੁਰਮਾਅ ਰਹੇ ਹਨ ਕਿ ਪਿਆਰਿਓ, ਜਿਸ ਸਿੱਖ ਦਾ ਵੀ ਸਤਿਗੁਰੂ ਜੀ ਦੀ ਮਹਾਨ ਬਖ਼ਸ਼ਿਸ਼ ਸਦਕਾ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਨਾਲ ਦਿਲੋਂ ਪਿਆਰ ਪੈ ਜਾਂਦਾ ਹੈ, ਉਸ ਸਿੱਖ ਨੂੰ ਪਹਿਲਾ ਵਰ ਦਿੱਤਾ ਕਿ ਉਸ ਸਿੱਖ ਦੇ ਹਿਰਦੇ ਅੰਦਰ ਵਾਹਿਗੁਰੂ ਜੀ ਦਾ ਵਾਸਾ ਅਵੱਸ਼ ਹੋਵੇਗਾ ਅਤੇ ਐਸਾ ਗੁਰਮੁਖ ਸਿੱਖ ਹਰ ਵਕਤ ਪਵਿੱਤਰ ਸਿਮਰਨ ਨਾਲ ਹੀ ਸਦਾ-ਸਦਾ ਲਈ ਜੁੜਿਆ ਰਹੇਗਾ।

*ਜਨਮ ਮਰਨ ਤਾ ਕਾ ਦੂਖੁ ਨਿਵਾਰੈ॥* ***(ਦੂਜੀ ਬਖਸ਼ਿਸ਼)***

ਐਸੇ ਪਿਆਰੇ ਗੁਰਸਿੱਖ ਅਤੇ ਗੁਰਸਿੱਖ ਬੀਬੀ ਦੇ ਸਤਿਗੁਰੂ ਜੀ ਜਨਮ-ਮਰਨ ਦੇ ਗੇੜੇ ਵੀ ਸਦਾ-ਸਦਾ ਲਈ ਕੱਟ ਦਿੰਦੇ ਹਨ।

*ਦੁਲਭ ਦੇਹ ਤਤਕਾਲ ਉਧਾਰੈ॥* ***(ਤੀਜੀ ਬਖਸ਼ਿਸ਼)***

ਉਸ ਸਿੱਖ ਦੀ ਅਣਮੁੱਲੀ (ਦੇਹ) ਕਾਇਆ ਦਾ ਮਹਾਨ ਸਤਿਗੁਰੂ ਜੀ ਉਸ ਦੇ ਜਿਉਂਦੇ ਜੀਅ ਹੀ ਉੱਧਾਰ ਕਰ ਦਿੰਦੇ ਹਨ।

*ਨਿਰਮਲ ਸੋਭਾ ਅੰਮ੍ਰਿਤ ਤਾ ਕੀ ਬਾਨੀ॥* ***(ਚੌਥੀ ਬਖਸ਼ਿਸ਼)***

ਐਸੇ ਪਿਆਰੇ ਗੁਰਸਿੱਖ ਸਿੱਖ ਜਾਂ ਗੁਰਸਿੱਖ ਬੀਬੀ ਦੀ ਇਸ ਦੁਨੀਆ ਵਿਚ ਸੋਭਾ ਅਤਿ ਨਿਰਮਲ ਹੋ ਜਾਂਦੀ ਹੈ, ਕਿਉਂਕਿ ਉਹ ਗੁਰਮੁਖ ਰੂਹ ਸ੍ਰੀ ਸੁਖਮਨੀ ਸਾਹਿਬ ਦੀ ਪਾਵਨ ਬਾਣੀ ਨੂੰ ਬਹੁਤ ਹੀ ਪਿਆਰ ਨਾਲ ਸ਼ੁੱਧ ਪੜ੍ਹਨ ਲੱਗ ਪਿਆ ਹੈ।

*ਏਕੁ ਨਾਮੁ ਮਨ ਮਾਹਿ ਸਮਾਨੀ॥* ***(ਪੰਜਵੀਂ ਬਖਸ਼ਿਸ਼)***

ਉਸ ਪਿਆਰੇ ਗੁਰਸਿੱਖ ਜਾਂ ਗੁਰਸਿੱਖ ਬੀਬੀ ਦੇ ਹਿਰਦੇ ਅੰਦਰ ਸਿਰਫ ਇੱਕ ਨਾਮ ਸਿਮਰਨ ਦਾ ਹੀ ਪਹਿਰਾ ਹੋਵੇਗਾ।

*ਦੂਖ ਰੋਗ ਬਿਨਸੈ ਭੈ ਭਰਮ॥* ***(ਛੇਵੀਂ ਬਖਸ਼ਿਸ਼)***

ਐਸੇ ਪਿਆਰੇ ਗੁਰਸਿੱਖਾਂ ਅਤੇ ਗੁਰਸਿੱਖ ਬੀਬੀਆਂ ਦੇ ਸਭ ਅੰਦਰਲੇ ਅਤੇ ਬਾਹਰਲੇ ਦੁਖ, ਰੋਗ, ਭਰਮ ਅਤੇ ਡਰ, ਸਤਿਗੁਰੂ ਜੀ ਆਪਣੀ ਦਇਆ-ਦ੍ਰਿਸ਼ਟੀ ਸਦਕਾ ਆਪ ਹੀ ਨਾਸ਼ ਕਰ ਦਿੰਦੇ ਹਨ।

*ਸਾਧ ਨਾਮ ਨਿਰਮਲ ਤਾ ਕੇ ਕਰਮ॥* ***(ਸਤਵੀਂ ਬਖਸ਼ਿਸ਼)***

ਐਸੇ ਪਿਆਰੇ ਗੁਰਮੁਖ ਸਿੱਖ ਅਤੇ ਗੁਰਸਿੱਖ ਪਿਆਰੀ ਧੀ, ਭੈਣ ਅਤੇ ਬੀਬੀ ਨੂੰ ਇਸ ਦੁਨੀਆ ਵਿਚ ਗੁਰਮੁਖ, ਸੰਤ, ਸਾਧੂ ਦੇ ਨਾਮ ਨਾਲ ਸੰਗਤ ਪੁਕਾਰਨ ਲੱਗ ਪੈਂਦੀ ਹੈ, ਐਸੀਆਂ ਪਿਆਰੀਆਂ ਰੂਹਾਂ ਦੇ ਇਸ ਦੁਨੀਆ ਵਿਚ ਸਾਰੇ ਕੰਮ ਵੀ ਅਤਿ ਨਿਰਮਲ ਹੋ ਜਾਂਦੇ ਹਨ।

*ਸਭ ਤੇ ਊਚ ਤਾ ਕੀ ਸੋਭਾ ਬਨੀ॥*
*ਨਾਨਕ ਇਹ ਗੁਣਿ ਨਾਮੁ ਸੁਖਮਨੀ॥* ***(ਅਠਵੀਂ ਬਖਸ਼ਿਸ਼)***

ਧੰਨ ਧੰਨ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਪਉੜੀ ਦੇ ਅਖੀਰ ਵਿਚ ਫੁਰਮਾਉਂਦੇ ਹਨ ਕਿ ਪਿਆਰਿਓ, ਉਸ ਗੁਰਸਿੱਖ ਜਾਂ ਗੁਰਮੁਖ ਬੀਬੀ ਦੀ ਸੰਸਾਰ ਵਿਚ ਇੱਜ਼ਤ ਅਤੇ ਸੋਭਾ ਬਹੁਤ ਹੀ ਪਿਆਰੀ ਅਤੇ ਨਿਆਰੀ ਹੋ ਜਾਂਦੀ ਹੈ, ਸੋ ਸਤਿਗੁਰੂ ਜੀ ਅਖੀਰਲੀ ਪਾਵਨ ਪੰਕਤੀ ਵਿਚ ਫੁਰਮਾਉਂਦੇ ਹਨ ਕਿ ਪਿਆਰਿਓ, ਇਹ ਹਨ ਸ੍ਰੀ ਸੁਖਮਨੀ ਸਾਹਿਬ ਜੀ ਦੀ ਮਹਾਨ ਪਾਵਨ ਬਾਣੀ ਦੇ ਮਹਾਨ ਗੁਣ (ਫ਼ਲ) ਅਤੇ ਮਹਾਨ ਬਖਸ਼ਿਸ਼ਾਂ।

ਸੋ ਦਾਸ ਨੇ ਸਤਿਗੁਰੂ ਜੀ ਵੱਲੋਂ ਦਿੱਤੀ ਹੋਈ ਤੁਛ ਜਿਹੀ ਬੁੱਧੀ ਮੁਤਾਬਕ ਇਹ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਾਵਨ ਬਾਣੀ ਦੇ ੨੪ ਮਹਾਨ ਫ਼ਲ ਅਤੇ ੮ ਬਖਸ਼ਿਸ਼ਾਂ ਬਾਰੇ ਲਿਖਣ ਦਾ ਕੁਝ ਉਪਰਾਲਾ ਕੀਤਾ ਹੈ, ਇਸ ਪਿਆਰੇ ਅਰਥਾਂ ਨੂੰ ਲਿਖਦਿਆਂ ਜੇ ਇਸ ਵਿਚ ਕੋਈ ਵਾਧ-ਘਾਟ ਹੋ ਗਈ ਹੋਵੇ, ਕੋਈ ਗ਼ਲਤੀ ਜਾਂ ਤਰੁੱਟੀ ਰਹਿ ਗਈ ਹੋਵੇ ਤਾਂ ਦਾਸ ਨੂੰ ਗੁਰੂ-ਘਰ ਦਾ ਕੂਕਰ ਜਾਣ ਕੇ ਬਖ਼ਸ਼ ਜ਼ਰੂਰ ਦਿਓ ਜੀ।

# ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ : ਸਾਂਝੀਵਾਲਤਾ ਦੇ ਸੰਦਰਭ ਵਿਚ

*-ਡਾ. ਰਜਿੰਦਰ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰਬ-ਦੇਸੀ, ਸਰਬ-ਕਾਲੀ, ਸਰਬ-ਸਾਂਝਾ ਅਤੇ ਸਰਬ-ਹਿਤਕਾਰੀ ਸੰਦੇਸ਼ ਸਮੁੱਚੀ ਮਾਨਵ ਜਾਤੀ ਨੂੰ ਆਪਣੇ ਕਲਾਵੇ ਵਿਚ ਲੈਣ ਵਾਲਾ ਹੈ। ਇਹ ਸੰਦੇਸ਼ ਮਨੁੱਖੀ ਭਾਈਚਾਰੇ ਵਿਚ ਆਪਸੀ ਬਰਾਬਰੀ ਤੋਂ ਜਾਣੂ ਕਰਵਾਉਂਦੇ ਹੋਏ ਜੀਵਨ ਦੇ ਅੰਤਮ ਉਦੇਸ਼ ਦੀ ਪੂਰਤੀ ਹਿੱਤ ਉੱਦਮ ਕਰਨ ਲਈ ਪ੍ਰੇਰਿਤ ਕਰਦਾ ਹੈ। ਇਸ 'ਸਾਂਝੀਵਾਲਤਾ' ਦੇ ਸੰਦੇਸ਼ ਕਿ *ਏਕੁ ਪਿਤਾ ਏਕਸ ਕੇ ਹਮ ਬਾਰਿਕ* ਦੇ ਸਾਹਮਣੇ ਜਾਤ, ਜਨਮ, ਰੰਗ-ਭੇਦ, ਧਰਮਿਕ ਅਤੇ ਭੂਗੋਲਿਕ ਆਦਿ ਸਭ ਤਰ੍ਹਾਂ ਦੀਆਂ ਸੀਮਾਵਾਂ ਅਰਥਹੀਣ ਹੋ ਜਾਂਦੀਆਂ ਹਨ। *ਕਿਵ ਸਚਿਆਰਾ ਹੋਈਐ* ਪ੍ਰਸ਼ਨ ਕੇਵਲ ਕਿਸੇ ਇਕ ਜਾਤ, ਧਰਮ ਜਾਂ ਸਮਾਜ ਨਾਲ ਜੁੜਿਆ ਹੋਇਆ ਨਹੀਂ, ਸਗੋਂ ਹਰ ਮਨੁੱਖ-ਮਾਤਰ ਦੇ ਜੀਵਨ ਦਾ ਸਰੋਕਾਰ ਹੈ । ਅਜਿਹੇ ਹਰ ਜਗਿਆਸੂ ਲਈ ਜੋ ਆਪਣੇ ਜੀਵਨ ਦੇ ਪ੍ਰਮੁੱਖ ਸਰੋਕਾਰ *ਕਿਵ ਸਚਿਆਰਾ ਹੋਈਐ* ਪ੍ਰਤੀ ਜਾਗਰੂਕ ਹੋ ਚੁੱਕਾ ਹੈ, ਸਚਿਆਰ ਪਦ ਤਕ ਪਹੁੰਚਣ ਲਈ ਅਧਿਆਤਮਿਕ ਰਹਿਨੁਮਾਈ ਵੀ ਬਿਨਾਂ ਕਿਸੇ ਜਾਤ/ਰੰਗ/ਨਸਲ ਦੇ ਭੇਦ-ਭਾਵ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਮੌਜੂਦ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਆਪਣੀ ਰਚਨਾ ਦੇ ਪੱਖ ਤੋਂ ਅਤੇ ਸੰਦੇਸ਼ ਦੇ ਪੱਖ ਤੋਂ ਕਿਸੇ ਇਕ ਧਰਮ ਨਾਲ ਨਹੀਂ ਸਗੋਂ ਸਮੁੱਚੇ ਵਿਸ਼ਵ ਭਾਈਚਾਰੇ ਨਾਲ ਸੰਬੰਧਿਤ ਹੈ। ਇਸ ਦਾ ਸੰਦੇਸ਼ ਕੇਵਲ ਸਿੱਖ ਧਰਮ ਲਈ ਹੀ ਸੀਮਤ ਨਹੀਂ, ਬਲਕਿ ਸਹੀ ਅਰਥਾਂ ਵਿਚ ਇਹ ਸਮੁੱਚੀ ਮਾਨਵਤਾ ਦੇ ਸਰਬ-ਸਾਂਝੇ ਹਿੱਤ, ਉੱਨਤੀ ਅਤੇ ਕਲਿਆਣ ਨਾਲ ਸੰਬੰਧ ਰੱਖਦੀ ਹੈ।

**ਸਾਂਝੀਵਾਲਤਾ:** ਸਾਂਝੀਵਾਲਤਾ ਤੋਂ ਭਾਵ ਇੱਕ ਐਸੇ ਮੂਲ ਮਨੁੱਖੀ ਸੁਭਾਅ ਤੋਂ ਹੈ ਜੋ ਸਮਾਜਿਕ ਏਕਤਾ, ਭਾਈਚਾਰੇ ਅਤੇ ਪਿਆਰ ਦੀ ਭਾਵਨਾ ਨੂੰ ਉਤਸ਼ਾਹਿਤ ਕਰਨ ਵਾਲਾ ਹੈ। ਇਹ ਸ਼ਬਦ "ਸਾਂਝ" ਤੋਂ ਆਇਆ ਹੈ, ਜਿਸਦਾ ਅਰਥ ਹੈ ਕਿਸੇ ਚੀਜ਼ ਨੂੰ ਇਕੱਠੇ ਮਿਲ ਕੇ ਵਰਤਣਾ ਜਾਂ ਅਨੁਭਵ ਕਰਨਾ। ਜਦੋਂ ਅਸੀਂ ਸਾਂਝੀਵਾਲਤਾ ਦੀ ਗੱਲ ਕਰਦੇ ਹਾਂ, ਤਾਂ ਅਸੀਂ ਇਕ-ਦੂਜੇ ਦੀਆਂ ਭਾਵਨਾਵਾਂ, ਦਰਦ, ਖੁਸ਼ੀਆਂ ਅਤੇ ਸਰੋਤਾਂ ਨੂੰ ਸਾਂਝਾ ਕਰਨ ਦੀ ਸੋਚ ਬਾਰੇ ਗੱਲ ਕਰ ਰਹੇ ਹੁੰਦੇ ਹਾਂ। ਸਾਂਝੀਵਾਲਤਾ ਸਿਰਫ਼ ਕਿਸੇ ਇੱਕ ਵਰਗ ਜਾਂ ਧਰਮ ਤਕ ਸੀਮਤ ਨਹੀਂ ਹੁੰਦੀ ਸਗੋਂ ਇਹ ਤਾਂ ਮਨੁੱਖਤਾ ਦੇ

** ਅਸਿਸਟੈਂਟ ਪ੍ਰੋ., ਧਰਮ ਅਧਿਐਨ ਵਿਭਾਗ, ਗੁਰੂ ਨਾਨਕ ਕਾਲਜ, ਬੁਢਲਾਡਾ-੧੫੧੫੦੨; ਮੋ. ੯੪੨੭੩੩੦੫੨੫*

ਅਸਲੀ ਅਰਥ ਨੂੰ ਦਰਸਾਉਂਦੀ ਹੈ। ਪੰਜਾਬੀ ਸਭਿਆਚਾਰ ਵਿਚ ਸਾਂਝੀਵਾਲਤਾ ਦੀਆਂ ਅਨੇਕ ਝਲਕੀਆਂ ਮਿਲਦੀਆਂ ਹਨ। ਲੰਗਰ, ਪੰਗਤ, ਗੁਰਦੁਆਰਾ ਸਾਹਿਬਾਨ ਦੀ ਸੇਵਾ, ਜਾਂ ਕਿਸੇ ਪਿੰਡ ਦਾ ਸਮੂਹਿਕ ਕਾਰਜ - ਇਹ ਸਾਰੇ ਇਸ ਦੇ ਉਦਾਹਰਨ ਹਨ ਕਿ ਕਿਵੇਂ ਲੋਕ ਇਕੱਠੇ ਹੋ ਕੇ ਸਾਂਝ ਪੈਦਾ ਕਰਦੇ ਹਨ। ਆਧੁਨਿਕ ਯੁੱਗ ਵਿਚ ਜਦੋਂ ਏਕਾਂਤਵਾਦ ਵਧ ਰਿਹਾ ਹੈ ਤਾਂ ਸਾਂਝੀਵਾਲਤਾ ਦੀ ਲੋੜ ਹੋਰ ਵੀ ਵੱਧ ਗਈ ਹੈ। ਸਮਾਜਿਕ ਮੀਡੀਆ, ਪਦਾਰਥਵਾਦ ਅਤੇ ਦੌੜ-ਭੱਜ ਨੇ ਲੋਕਾਂ ਨੂੰ ਵੱਖਰੇ-ਵੱਖਰੇ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿਚ ਸਾਂਝੀਵਾਲਤਾ ਦੁਬਾਰਾ ਮਨੁੱਖੀ ਸੰਬੰਧਾਂ ਨੂੰ ਮਜ਼ਬੂਤ ਕਰ ਸਕਦੀ ਹੈ। ਸਾਂਝੀਵਾਲਤਾ ਨਾਲ ਸਿੱਖਣ ਦੀ ਲਗਨ, ਸਹਿਯੋਗ ਦੀ ਭਾਵਨਾ ਤੇ ਦੂਜਿਆਂ ਦੀ ਇੱਜ਼ਤ ਕਰਨ ਵਾਲਾ ਵਿਅਕਤਿਤਵ ਵਿਕਸਿਤ ਹੁੰਦਾ ਹੈ। ਵਿਦਿਆਰਥੀਆਂ, ਅਧਿਆਪਕਾਂ, ਪਰਵਾਰਾਂ ਅਤੇ ਇਕ ਸੁਚੱਜੇ ਸਮਾਜ ਦੀ ਉਸਾਰੀ ਲਈ ਇਹ ਗੁਣ ਬਹੁਤ ਜ਼ਰੂਰੀ ਹੈ। ਜਿੱਥੇ ਸਾਂਝੀਵਾਲਤਾ ਹੁੰਦੀ ਹੈ, ਉੱਥੇ ਵੱਖੋ-ਵੱਖਰੇ ਹੋਣ ਦੀ ਭਾਵਨਾ ਖਤਮ ਹੋ ਜਾਂਦੀ ਹੈ ਅਤੇ ਸਮਾਜ ਵਿਚ ਏਕਤਾ ਬਣੀ ਰਹਿੰਦੀ ਹੈ। ਸਾਂਝੀਵਾਲਤਾ ਮਨੁੱਖੀ ਜੀਵਨ ਦਾ ਅਟੁੱਟ ਅੰਗ ਹੈ। ਇਹ ਸਿਰਫ਼ ਇਕ ਗੁਣ ਨਹੀਂ, ਸਗੋਂ ਇਕ ਜੀਵਨ-ਸ਼ੈਲੀ ਹੈ। ਜੇਕਰ ਇਸ ਨੂੰ ਅਪਣਾਇਆ ਜਾਵੇ ਤਾਂ ਨਿਸ਼ਚਿਤ ਤੌਰ 'ਤੇ ਇੱਕ ਸ਼ਾਂਤਮਈ, ਭਰਪੂਰ ਅਤੇ ਸਦਭਾਵਨਾਵਾਂ ਵਾਲਾ ਸਮਾਜ ਬਣਾਇਆ ਜਾ ਸਕਦਾ ਹੈ।

**ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਮੁੱਖ ਸੁਰ ਅਕਾਲ ਪੁਰਖੁ (ਸਰਵ-ਉੱਚ ਸੱਤਾ/ਪਰਮ-ਸਤਿ/ ਪਰਮਾਤਮਾ) ਨਾਲ ਸੰਬੰਧਿਤ ਹੈ ਜਿਸ ਨੂੰ ੴ ਦੁਆਰਾ ਰੂਪਮਾਨ ਕੀਤਾ ਗਿਆ ਹੈ। ਭਾਵ ਕਿ ਪਰਮਾਤਮਾ ਇੱਕ ਹੈ ਅਤੇ ਉਸ ਦੀ ਹੋਂਦ/ਹਸਤੀ ਆਦਿ-ਅੰਤ ਤੋਂ ਰਹਿਤ, ਸਭ ਕਾਲਾਂ ਅਤੇ ਸਭ ਸਥਾਨਾਂ ਲਈ ਇੱਕਸਾਰ ਕਾਇਮ ਹੈ। ਉਹ ਹੀ ਸਭ ਕੁਝ ਦਾ ਕਰਤਾ ਹੈ:

*ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੯)*

ਸਾਰੀ ਕਿਰਤ ਉਸ ਕਰਤਾ ਪੁਰਖੁ ਦੀ ਪੈਦਾ ਕੀਤੀ ਹੋਈ ਹੈ। ਜਦੋਂ ਇਹ ਸਮਝ ਆ ਜਾਵੇ ਕਿ ਸਾਰੀ ਕਿਰਤ ਨੂੰ ਕਰਨ ਵਾਲਾ ਕਰਤਾ ਇੱਕ ਹੀ ਹੈ ਤਾਂ ਦੂਈ-ਦ੍ਵੈਤ ਖ਼ਤਮ ਹੋ ਕੇ ਸਭ ਪਾਸੇ ਵਾਹਿਗੁਰੂ ਦਾ ਭਰਪੂਰ ਪਸਾਰਾ ਨਜ਼ਰ ਆਉਣ ਲਗਦਾ ਹੈ। ਧਾਰਮਿਕ ਫਿਰਕੇ, ਸਮਾਜਿਕ ਬੰਦਸ਼ਾਂ ਅਤੇ ਰਾਸ਼ਟਰੀ ਹੱਦਬੰਦੀਆਂ ਬੇਅਰਥ ਹੋ ਜਾਂਦੀਆਂ ਹਨ। ਫਿਰ ਸਮੁੱਚਾ ਬ੍ਰਹਿਮੰਡ ਉਸ ਕਰਤੇ ਦੀ ਆਰਤੀ ਵਿਚ ਲੀਨ ਹੋਇਆ ਜਾਪਦਾ ਹੈ ਜਿਸ ਦਾ ਵਰਣਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੇ ਸ਼ਬਦਾਂ ਵਿਚ ਇਸ ਪ੍ਰਕਾਰ ਕੀਤਾ ਹੈ:

*ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥*

*ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥...*
*ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੁੋਹੀ॥*
*ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ*
*ਸਹਸ ਤਵ ਗੰਧ ਇਵ ਚਲਤ ਮੋਹੀ॥੨॥*
*ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩)*

**ਸਰਬੱਤ ਦੇ ਭਲੇ ਲਈ ਕਾਮਨਾ:** ਅਜਿਹੇ ਰੱਬੀ ਗਿਆਨ ਨਾਲ ਭਰਪੂਰ ਹਿਰਦੇ ਵਿੱਚੋਂ ਸਵਾਰਥ ਦੀਆਂ ਸਭ ਹੱਦ-ਬੰਦੀਆਂ ਖ਼ਤਮ ਹੋ ਜਾਂਦੀਆਂ ਹਨ ਅਤੇ ਉਹ 'ਸਰਬੱਤ ਦੇ ਭਲੇ ਲਈ ਸਮਰਪਿਤ ਹੋ ਜਾਂਦਾ ਹੈ। ਉਹ ਪ੍ਰਭੂ ਚਰਨਾਂ ਵਿਚ ਅਰਦਾਸ ਕਰਦਿਆਂ ਹੋਇਆਂ ਵੀ ਸਿਰਫ਼ ਆਪਣੀ ਜਾਂ ਆਪਣੇ ਭਾਈਚਾਰੇ ਦੀ ਭਲਾਈ ਨਹੀਂ ਮੰਗਦਾ, ਸਗੋਂ ਸਰਬੱਤ ਦੇ ਭਲੇ ਲਈ ਕਾਮਨਾ ਕਰਦਾ ਹੈ। ਫਿਰ ਜਿਸ ਗੁਰੂ ਨੇ ਉਸ ਨੂੰ *'ਨਾ ਕੋ ਬੈਰੀ ਨਹੀਂ ਬਿਗਾਨਾ'* ਦੀ ਮੱਤ ਦਿੱਤੀ ਹੈ, ਉਸ ਦੇ ਚਰਨਾਂ ਵਿਚ ਅਰਦਾਸ ਕਰਦਿਆਂ ਹੋਇਆਂ ਉਹ ਆਪ ਮੁਹਾਰੇ ਕਹਿ ਉੱਠਦਾ ਹੈ:

*ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੩)*

ਅਥਵਾ

*ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੧)*

ਗੁਰਬਾਣੀ ਦੀ ਸਮਝ ਅਨੁਸਾਰ ਚੱਲਣ ਵਾਲੇ ਜੀਵ ਨੂੰ ਗੁਰਮਤਿ ਅਨੁਸਾਰ ਗੁਰਮੁਖ ਕਿਹਾ ਜਾਂਦਾ ਹੈ। ਗੁਰਬਾਣੀ ਦੀ ਸਮਝ ਹੋਣ ਕਾਰਨ ਗੁਰਮੁਖ ਲਈ ਕੁਝ ਵੀ ਪਰਾਇਆ ਜਾਂ ਬਿਗਾਨਾ ਨਹੀਂ ਹੁੰਦਾ ਸਗੋਂ ਉਸ ਨੂੰ ਸਭ ਕੁਝ ਆਪਣਾ ਪ੍ਰਤੀਤ ਹੁੰਦਾ ਹੈ। ਅੰਤ੍ਰੀਵ ਵਿੱਚੋਂ ਦ੍ਵੈਤ ਭਾਵਨਾ ਖਤਮ ਹੋ ਜਾਣ ਕਰਕੇ ਉਸ ਦੇ ਮਨ ਵਿਚ ਕਿਸੇ ਪ੍ਰਤੀ ਈਰਖਾ ਜਾਂ ਸਾੜਾ ਨਹੀਂ ਹੁੰਦਾ ਸਗੋਂ ਦਇਆ ਅਤੇ ਪ੍ਰੇਮਭਾਵ ਹੁੰਦਾ ਹੈ। ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਫੁਰਮਾਨ ਹੈ:

*ਬਿਸਰਿ ਗਈ ਸਭ ਤਾਤਿ ਪਰਾਈ॥*
*ਜਬ ਤੇ ਸਾਧਸੰਗਤਿ ਮੋਹਿ ਪਾਈ॥੧॥ਰਹਾਉ॥*
*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)*

**ਸਮ-ਦ੍ਰਿਸ਼ਟੀ:** ਜਿਸ ਸਮੇਂ ਕਣ-ਕਣ ਵਿਚ ਵਿਆਪਕ ਅਜਿਹੀ ਇਕਸੁਰਤਾ ਅਤੇ ਇਕਸਾਰਤਾ ਦੀ ਸੋਝੀ ਮਨੁੱਖੀ ਹਿਰਦੇ ਵਿਚ ਹੋ ਜਾਂਦੀ ਹੈ ਤਾਂ ਜਾਤ-ਪਾਤ ਅਤੇ ਊਚ-ਨੀਚ ਦੀਆਂ ਸਭ ਵੰਡੀਆਂ ਬੇਅਰਥ ਹੋ ਜਾਂਦੀਆਂ ਹਨ। ਜਾਤ ਜਾਂ ਜਨਮ ਭਾਵ ਖ਼ਾਨਦਾਨ 'ਤੇ ਆਧਾਰਿਤ ਬਣਨ ਵਾਲੀ ਪਹਿਚਾਣ ਨੂੰ ਗੁਰਮਤਿ ਵਿਚ ਨਕਾਰਿਆ ਗਿਆ ਹੈ। ਗੁਰਬਾਣੀ ਅਨੁਸਾਰ ਮਨੁੱਖ ਦੀ ਪਹਿਚਾਣ ਦਾ ਆਧਾਰ ਉਸ ਦੇ ਕਰਮ

ਹਨ। ਆਤਮ ਤੱਤ ਨੂੰ ਉਸ ਦੇ ਕਰਮਾਂ ਅਨੁਸਾਰ ਜੀਵਨ ਪ੍ਰਾਪਤ ਹੋਣਾ ਹੈ ਅਤੇ ਜੀਵਨ ਤੋਂ ਬਾਅਦ ਕਰਮਾਂ ਅਨੁਸਾਰ ਹੀ ਲੇਖਾ ਹੋਣਾ ਹੈ। ਇਸ ਲਈ ਮਨੁੱਖ ਨੂੰ ਕਦੇ ਵੀ ਆਪਣੀ ਜਾਤ/ਵਰਨ ਦਾ ਮਾਣ ਨਹੀਂ ਕਰਨਾ ਚਾਹੀਦਾ। ਬ੍ਰਾਹਮਣ ਉਹ ਹੀ ਹੈ ਜਿਸ ਨੇ ਬ੍ਰਹਮ ਨੂੰ ਪਹਿਚਾਣ ਲਿਆ। ਇਸ ਲਈ ਜਨਮ 'ਤੇ ਆਧਾਰਿਤ ਕੋਈ ਮਨੁੱਖ ਬ੍ਰਾਹਮਣ ਜਾਂ ਸ਼ੂਦਰ ਨਹੀਂ ਹੋ ਸਕਦਾ। ਜਿਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਇਹ ਬ੍ਰਹਿਮੰਡੀ ਏਕਤਾ ਅਤੇ ਇਕਸੁਰਤਾ ਵਾਲੀਆਂ ਸਿੱਖਿਆਵਾਂ ਸਮਝ ਵਿਚ ਆ ਜਾਣ ਤਾਂ ਹਉਮੈਂ, ਅਹੰਕਾਰ, ਈਰਖਾ ਆਦਿ ਅਵਗੁਣ ਆਪਣੇ ਆਪ ਦੂਰ ਹੋ ਜਾਂਦੇ ਹਨ। ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਮਨੁੱਖ ਨੂੰ ਸੀਮਤ ਹੱਦ-ਬੰਦੀਆਂ ਵਿੱਚੋਂ ਬਾਹਰ ਕੱਢ ਕੇ, ਬ੍ਰਹਿਮੰਡੀ ਸੱਚਾਈ ਤੋਂ ਜਾਣੂ ਕਰਵਾਉਂਦਾ ਹੋਇਆ ਹਉਮੈਂ, ਹੰਕਾਰ, ਈਰਖਾ ਆਦਿ ਵਿਕਾਰਾਂ ਤੋਂ ਮੁਕਤੀ ਪ੍ਰਦਾਨ ਕਰਦਾ ਹੈ ਅਤੇ ਕੁਦਰਤ ਵਿਚ ਪਸਰੀ ਹੋਈ ਇਕਸੁਰਤਾ ਤੋਂ ਜਾਣੂ ਕਰਵਾਉਂਦਿਆਂ ਹੋਇਆਂ ਭਾਈਚਾਰਕ ਸਾਂਝ ਨੂੰ ਦ੍ਰਿੜ੍ਹ ਕਰਵਾਉਂਦਾ ਹੈ। ਉਪਦੇਸ਼ ਹੈ:

- *ਸਭ ਮਹਿ ਜੋਤਿ ਜੋਤਿ ਹੈ ਸੋਇ॥*
*ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੩)*
- *ਸਭੁ ਕੋ ਊਚਾ ਆਖੀਐ ਨੀਚੁ ਨ ਦੀਸੈ ਕੋਇ॥*
*ਇਕਨੈ ਭਾਂਡੇ ਸਾਜਿਐ ਇਕੁ ਚਾਨਣੁ ਤਿਹੁ ਲੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੨)*

**ਸਰਬ-ਹਿਤਕਾਰੀ ਸੰਦੇਸ਼:** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਦਾ ਸੰਬੰਧ ਕਿਸੇ ਇੱਕ ਧਰਮ ਜਾਂ ਭਾਈਚਾਰੇ ਨਾਲ ਨਹੀਂ ਬਲਕਿ ਸਹੀ ਅਰਥਾਂ ਵਿਚ ਗੁਰੂ ਸਾਹਿਬ ਦੀ ਸਿੱਖਿਆ ਸਮੁੱਚੀ ਮਾਨਵਤਾ ਦੇ ਸਰਬ-ਸਾਂਝੇ ਹਿੱਤ, ਉੱਨਤੀ ਅਤੇ ਕਲਿਆਣ ਨਾਲ ਸੰਬੰਧ ਰੱਖਦੀ ਹੈ। ਇਸ ਦਾ ਸਰਬ-ਦੇਸੀ (ਭੂਗੋਲਿਕ ਹੱਦਬੰਦੀਆਂ ਤੋਂ ਮੁਕਤ) ਸਰਬ-ਕਾਲੀ (ਕਾਲ/ਸਮੇਂ ਦੇ ਬੰਧਨ ਤੋਂ ਮੁਕਤ) ਸਰਬ-ਸਾਂਝਾ ਅਤੇ ਸਰਬ-ਹਿਤਕਾਰੀ ਸੰਦੇਸ਼ ਸਮੁੱਚੀ ਮਾਨਵ ਜਾਤੀ ਨੂੰ ਆਪਣੇ ਕਲਾਵੇ ਵਿਚ ਲੈਣ ਵਾਲਾ ਹੈ। ਫੁਰਮਾਨ ਹੈ:

- *ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ॥*
*ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੧)*
- *ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥*
*ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੪੯)*

**ਇੱਕ-ਸੁਰਤਾ ਦੀ ਉਦਾਹਰਨ:** ਅਜਿਹੀ ਸਰਬ-ਸਾਂਝੀ ਵਿਚਾਰਧਾਰਕ ਸਾਂਝ ਦਾ ਜਾਹਰਾ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਬਣਤਰ ਦੇ ਪੱਖ ਤੋਂ ਵੀ ਧਰਮ ਗ੍ਰੰਥਾਂ ਦੇ ਖੇਤਰ

ਵਿਚ ਆਪਣੀ ਮਿਸਾਲ ਆਪ ਹੈ। ਜਿੱਥੇ ਇਸ ਦੇ ਸੰਦੇਸ਼ਾਂ ਵਿੱਚੋਂ ਬ੍ਰਹਿਮੰਡੀ ਏਕਤਾ ਦੀ ਸੁਰ ਪਰਗਟ (ਉਜਾਗਰ) ਹੁੰਦੀ ਹੈ, ਉੱਥੇ ਇਸ ਦਾ ਸੰਪਾਦਨ ਕਰਦੇ ਸਮੇਂ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਚ-ਨੀਚ, ਜਾਤ-ਪਾਤ, ਅਮੀਰ-ਗ਼ਰੀਬ ਆਦਿ ਸਾਰੇ ਭਿੰਨ ਭੇਦਾਂ ਨੂੰ ਮਿਟਾ ਦਿੱਤਾ ਹੈ। ਇਸ ਵਿਚ ਛੇ ਗੁਰੂ ਸਾਹਿਬਾਨ, ਪੰਦਰ੍ਹਾਂ ਭਗਤ ਸਾਹਿਬਾਨ, ਗਿਆਰ੍ਹਾਂ ਭੱਟ ਸਾਹਿਬਾਨ ਅਤੇ ਗੁਰਸਿੱਖਾਂ ਦੀ ਬਾਣੀ ਸ਼ਾਮਲ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਸ਼ਾਮਿਲ ਕਰਦੇ ਸਮੇਂ ਸਿਰਫ਼ ਵਿਚਾਰਧਾਰਕ ਸਾਂਝ ਨੂੰ ਹੀ ਧਿਆਨ ਵਿਚ ਰੱਖਿਆ ਗਿਆ ਹੈ। ਇਸ ਵਿਚ ਬਾਣੀ ਸ਼ਾਮਿਲ ਕਰਦੇ ਸਮੇਂ ਗੁਰੂ ਸਾਹਿਬ ਦਾ ਮੁੱਖ ਮਕਸਦ ਸਿਰਫ਼ ਇਹ ਸੀ ਕਿ ਬਾਕੀ ਬਾਣੀਕਾਰਾਂ ਦੀ ਵਿਚਾਰਧਾਰਾ, ਗੁਰੂ ਸਾਹਿਬਾਨ ਦੀ ਬਾਣੀ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੋਵੇ। ਫਿਰ ਉਹ ਬਾਣੀ ਭਾਵੇਂ ਭਗਤ ਸਧਨਾ ਜੀ ਦੀ ਹੋਵੇ, ਭਗਤ ਰਵਿਦਾਸ ਜੀ ਦੀ ਹੋਵੇ, ਭਗਤ ਨਾਮਦੇਵ ਜੀ ਦੀ ਹੋਵੇ ਜਾਂ ਇਸਲਾਮੀ ਸ਼ਰ੍ਹਾ-ਸ਼ਰੀਅਤ ਦੀ ਪਾਲਨਾ ਕਰਨ ਵਾਲੇ ਭਗਤ ਸੇਖ ਫ਼ਰੀਦ ਜੀ ਦੀ ਹੋਵੇ। ਬਾਣੀ ਸ਼ਾਮਿਲ ਕਰਦੇ ਸਮੇਂ ਇਹ ਨਹੀਂ ਦੇਖਿਆ ਗਿਆ ਕਿ ਸੰਬੰਧਿਤ ਮਹਾਂਪੁਰਸ਼ ਕਿਸ ਜਾਤ, ਧਰਮ ਜਾਂ ਪ੍ਰਾਂਤ ਨਾਲ ਸੰਬੰਧਿਤ ਹੈ ਅਤੇ ਨਾ ਹੀ ਉਸ ਦੀ ਅਮੀਰੀ ਜਾਂ ਗ਼ਰੀਬੀ ਨੂੰ ਕੋਈ ਮਹੱਤਵ ਦਿੱਤਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਸ਼ਾਮਲ ਕਰਨ ਦੀ ਕਸਵੱਟੀ ਸਿਰਫ਼ ਰੂਹਾਨੀ ਗਿਆਨ ਅਤੇ ਬਾਣੀ ਦੀ ਉੱਚਤਤਾ ਸੀ। ਇਸ ਪ੍ਰਕਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਨ੍ਹਾਂ ਸਭ ਮਹਾਂਪੁਰਸ਼ਾਂ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਿਨਾਂ ਕਿਸੇ ਭਿੰਨ-ਭੇਦ ਦੇ ਸ਼ਾਮਿਲ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਪਰਗਟ ਕਰਨ ਵਾਲਾ ਇਕ ਤੱਥ ਹੋਰ ਵੀ ਇਤਿਹਾਸ ਵਿੱਚੋਂ ਮੌਜੂਦ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਾਰਜ ਤੋਂ ਪਹਿਲਾਂ ਇਸ ਦੇ ਪ੍ਰਕਾਸ਼ ਲਈ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਕਰਵਾ ਲਈ ਸੀ। ਜਿਸ ਸਾਂਝੀਵਾਲਤਾ ਦੇ ਸੰਦੇਸ਼ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਗਟ ਹੋਣਾ ਸੀ ਉਸ 'ਤੇ ਆਧਾਰਿਤ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਵਾਈ ਗਈ। ਧਾਰਮਿਕ ਭਿੰਨ ਭੇਦਾਂ ਤੋਂ ਉੱਪਰ ਉੱਠ ਕੇ ਇਸ ਦੀ ਨੀਂਹ ਸਾਈਂ ਮੀਆਂ ਮੀਰ ਤੋਂ ਰਖਵਾਈ ਗਈ। ਮਨੁੱਖਤਾ ਦੀਆਂ ਸਭ ਅਸਮਾਨਤਾਵਾਂ ਅਤੇ ਭਿੰਨ-ਭੇਦਾਂ ਨੂੰ ਦੂਰ ਕਰ ਕੇ ਸਭ ਲਈ ਇਸ ਇਲਾਹੀ ਫੁਰਮਾਨ ਦੀ ਜ਼ਰੂਰਤ ਨੂੰ ਮੁੱਖ ਰੱਖਦਿਆਂ ਹੋਇਆਂ, ਚਾਰੇ ਦਿਸ਼ਾਵਾਂ ਵਿਚ ਚਾਰ ਦਰਵਾਜ਼ੇ ਰੱਖੇ ਗਏ। ਭਾਵ ਇਹ ਸੀ ਕਿ ਇਸ ਧੁਰ ਕੀ ਬਾਣੀ ਦਾ ਇਲਾਹੀ ਉਪਦੇਸ਼ ਕਿਸੇ ਇਕ ਜਾਤੀ, ਧਰਮ ਜਾਂ ਸਮਾਜ ਲਈ ਨਹੀਂ ਸਗੋਂ ਸਭ ਲਈ ਅਤੇ ਸਭ ਦਾ ਸਾਂਝਾ ਹੈ।

ਇਸ ਪ੍ਰਕਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਬ੍ਰਹਿਮੰਡੀ ਏਕਤਾ 'ਤੇ ਆਧਾਰਿਤ ਹੈ ਅਤੇ ਵਿਸ਼ਵ ਭਾਈਚਾਰੇ ਨੂੰ ਏਕਤਾ ਦੀ ਲੜੀ ਵਿਚ ਪਰੋਣ ਵਾਲਾ ਹੈ। ਇਸ ਦੀ ਬਾਣੀ ਵਿਚ ਦੁਨਿਆਵੀ ਵਿਤਕਰਿਆਂ ਦੀਆਂ ਸਭ ਪ੍ਰਕਾਰ ਦੀਆਂ ਹੱਦਬੰਦੀਆਂ ਨੂੰ ਨਕਾਰਿਆ ਗਿਆ ਹੈ ਅਤੇ ਇਕ *'ਏਕੁ ਪਿਤਾ ਏਕਸ ਕੇ ਹਮ ਬਾਰਿਕ'* ਦੀ ਸਮਝ ਬਖ਼ਸ਼ਿਸ਼ ਕੀਤੀ ਗਈ ਹੈ। ਇਹ ਸਮਝ ਸਭ ਪ੍ਰਕਾਰ ਦੀਆਂ ਹੱਦਬੰਦੀਆਂ ਨੂੰ ਖ਼ਤਮ

ਕਰ ਕੇ ਸਮੂਹ ਮਾਨਵਤਾ ਨੂੰ ਏਕਤਾ ਦੀ ਲੜੀ ਵਿਚ ਪਰੋਣ ਵਾਲੀ ਹੈ। ਇਸ ਲੇਖ ਦੇ ਅੰਤ ਵਿਚ ਅਸੀਂ ਇਸ ਧੁਰ ਕੀ ਬਾਣੀ ਸਾਹਮਣੇ ਨਤਮਸਤਕ ਹੁੰਦਿਆਂ ਹੋਇਆਂ ਇਸ ਜ਼ਾਹਰਾ-ਜ਼ਹੂਰ ਅਤੇ ਹਾਜ਼ਰਾ-ਹਜ਼ੂਰ ਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ:

- *ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੩)*

- *ਸਭੇ ਜੀਅ ਸਮਾਲਿ ਅਪਣੀ ਮਿਹਰ ਕਰੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੧)*

## ਜੁਲਾਈ ਅਤੇ ਅਗਸਤ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਮੀਰੀ-ਪੀਰੀ ਦਿਵਸ ਪਾਤਸ਼ਾਹੀ ਛੇਵੀਂ | ੨੧ ਹਾੜ ੦੫ ਜੁਲਾਈ |
| ਸ਼ਹੀਦੀ ਦਿਹਾੜਾ ਭਾਈ ਮਨੀ ਸਿੰਘ ਜੀ | ੨੫ ਹਾੜ ੦੯ ਜੁਲਾਈ |
| ਸ਼ਹੀਦੀ ਦਿਹਾੜਾ ਭਾਈ ਤਾਰੂ ਸਿੰਘ ਜੀ | ੦੧ ਸਾਵਣ ੧੬ ਜੁਲਾਈ |
| ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ | ੦੪ ਸਾਵਣ ੧੯ ਜੁਲਾਈ |
| ਸ਼ਹੀਦੀ ਦਿਹਾੜਾ ਸ. ਊਧਮ ਸਿੰਘ | ੧੬ ਸਾਵਣ ੩੧ ਜੁਲਾਈ |
| ਮੋਰਚਾ ਗੁਰੂ ਕਾ ਬਾਗ (ਸ੍ਰੀ ਅੰਮ੍ਰਿਤਸਰ) | ੨੪ ਸਾਵਣ ੦੮ ਅਗਸਤ |
| ਜੋੜ ਮੇਲਾ ਬਾਬਾ ਬਕਾਲਾ (ਗੁਰੂ ਲਾਧੋ ਰੇ ਦਿਵਸ) | ੨੫ ਸਾਵਣ ੦੯ ਅਗਸਤ |
| ਭਾਰਤ ਦਾ ਅਜ਼ਾਦੀ ਦਿਵਸ | ੩੧ ਸਾਵਣ ੧੫ ਅਗਸਤ |
| ਸ਼ਹੀਦੀ ਦਿਹਾੜਾ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ | ੦੫ ਭਾਦੋਂ ੨੦ ਅਗਸਤ |
| ਪਹਿਲਾ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੦੯ ਭਾਦੋਂ ੨੪ ਅਗਸਤ |
| ਗੁਰਿਆਈ ਦਿਵਸ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ | ੧੦ ਭਾਦੋਂ ੨੫ ਅਗਸਤ |
| ਜੋਤੀ-ਜੋਤਿ ਦਿਵਸ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ | ੧੧ ਭਾਦੋਂ ੨੬ ਅਗਸਤ |
| ਸੰਪੂਰਨਤਾ ਦਿਵਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੧੪ ਭਾਦੋਂ ੨੯ ਅਗਸਤ |
| ਜੋੜ-ਮੇਲਾ ਗੁਰਦੁਆਰਾ ਕੰਧ ਸਾਹਿਬ ਤੇ ਗੁ: ਡੇਹਰਾ ਸਾਹਿਬ | |
| ਵਿਆਹ ਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ (ਬਟਾਲਾ) | ੧੫ ਭਾਦੋਂ ੩੦ ਅਗਸਤ |
| **ਪੂਰਨਮਾਸੀ** | ੨੬ ਹਾੜ ੧੦ ਜੁਲਾਈ |
| **ਸੰਗਰਾਂਦ** | ੦੧ ਸਾਵਣ ੧੬ ਜੁਲਾਈ |
| **ਮੱਸਿਆ** | ੦੯ ਸਾਵਣ ੨੪ ਜੁਲਾਈ |
| **ਪੂਰਨਮਾਸੀ** | ੨੫ ਸਾਵਣ ੦੯ ਅਗਸਤ |
| **ਸੰਗਰਾਂਦ** | ੦੧ ਭਾਦੋਂ ੧੬ ਅਗਸਤ |
| **ਮੱਸਿਆ** | ੦੮ ਭਾਦੋਂ ੨੩ ਅਗਸਤ |

ਜੂਨ ੨੦੨੫ ਦਾ ਬਾਕੀ:

# ਗੁਰਬਾਣੀ ਕਥਾ: ਇਕ ਅਧਿਐਨ

*-ਡਾ. ਤੇਜਿੰਦਰ ਪਾਲ ਸਿੰਘ**

ਇਤਿਹਾਸਿਕ ਤੌਰ 'ਤੇ ਕਥਾ-ਪਰੰਪਰਾ ਦਾ ਆਗਾਜ਼ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਹੋਇਆ। ਭਾਈ ਸੰਤੋਖ ਸਿੰਘ ਅਨੁਸਾਰ ਗੁਰੂ ਸਾਹਿਬ ਨੇ ਸ੍ਰੀ ਹਰਿਗੋਬਿੰਦਪੁਰ ਨਿਵਾਸ ਸਮੇਂ ਬਟਾਲੇ ਤੋਂ ਕਥਾ ਕਰਨ ਲਈ ਪੰਡਿਤ ਨਿਤਾ ਨੰਦ ਨੂੰ ਬੁਲਾਇਆ ਅਤੇ ਉਸ ਨੂੰ ਕਥਾ ਕਰਨ ਲਈ ਹੁਕਮ ਕੀਤਾ:

*ਇਕ ਦਿਨ ਸ੍ਰੀ ਸਤਿਗੁਰ ਕਹਯੋ ਕਥਾ ਸੁਨਹਿਂ ਅਬਿ ਕੋਇ।*
*ਪਠਯੋ ਵਟਾਲੇ ਨਗਰ ਕੋ ਏਕ ਸਿੱਖ ਛਿਨ ਸੋਇ॥੧॥*
*ਨਿਤਾਨੰਦ ਦਿਜ ਪੰਡਤਿ ਮਹਾਂ। ਆਨ ਹਕਾਰਿ ਬਸਹਿ ਪੁਰਿ ਤਹਾਂ।*
*ਸੁਨਤਿ ਸਿੱਖ ਤੂਰਨ ਚਲਿ ਗਯੋ। ਪੰਡਤ ਸੰਗ ਕਹਤਿ ਇਮ ਭਯੋ॥੨॥*
*ਤੁਮ ਤੇ ਕਥਾ ਸੁਨੀ ਗੁਰ ਚਾਹੈਂ। ਪੁਸਤਕ ਲੇਹੁ ਚਲਹੁ ਤਿਨ ਪਾਹੈ।...*
*ਅਗਲੇ ਦਿਵਸ ਕਥਾ ਕਰਿਵਾਈ। ਬਹੁ ਰਾਜਨਿ ਕੀ ਗਾਥ ਸੁਨਾਈ।...*

ਨਿਤਾ ਨੰਦ ਨੇ ਗੁਰੂ ਸਾਹਿਬ ਦੇ ਪਾਸ ਰਹਿ ਕੇ ਸਿੱਖ ਸੰਗਤ ਨੂੰ ਕਥਾ ਸੁਣਾਉਣੀ ਅਰੰਭ ਕੀਤੀ:

*ਸੁਨਿ ਪੰਡਿਤ ਚਿਤਵਤਿ ਚਿਤ ਮਾਂਹੀ। ਕਹਾ ਕਥਾ ਉਚਰੌਂ ਗੁਰ ਪਾਹੀ॥੨੩॥*
*ਭੂਤ ਭਵਿੱਖਤਿ ਕੇ ਇਹ ਗਯਾਤਾ। ਸਗਰੇ ਜਗਤ ਪੂਜ ਬੱਖਯਾਤਾ।...*
*ਪੁਨ ਗੁਰ ਆਇਸੁ ਕਰਿ ਬਹੁ ਬਾਰੀ। ਸਭਿ ਪੁਰਾਨ ਕੀ ਕਥਾ ਉਚਾਰੀ।*
*ਸਿੱਖ ਸੁਭਟ ਸਭਿ ਸੁਨਹਿਂ ਬਿਚਾਰਹਿਂ। ਸਤਿਗੁਰ ਮਹਿਮਾਂ ਮਹਾਂ ਉਚਾਰਹਿਂ।...*[੫]

ਉਕਤ ਤੋਂ ਬਿਨਾਂ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਵੀ ਸ੍ਰੀ ਹਰਿਗੋਬਿੰਦ ਸਾਹਿਬ ਜੀ ਸਮੇਂ ਕਥਾ ਕਰਨ ਵਾਲੇ ਦੋ ਸਿੱਖਾਂ ਦਾ ਜ਼ਿਕਰ ਮਿਲਦਾ ਹੈ:

*...ਇਟਾ ਰੋੜਾ ਜਾਣੀਐ ਨਵਲ ਨਿਹਾਲੂ ਸਬਦ ਵੀਚਾਰਾ।... (ਵਾਰ ੧੧:੨੯)*

ਪੰਡਿਤ ਨਿਤਾ ਨੰਦ ਨੇ ਇਕ ਵਾਰ ਕਥਾ ਕਰਦਿਆਂ ਦੱਸਿਆ ਕਿ ਜਮਪੁਰੀ ਜਾਣ ਲਈ ਇਕ ਸਾਲ ਦਾ ਸਮਾਂ ਲਗਦਾ ਹੈ ਪਰ ਭਾਈ ਸੁੰਦਰ ਜੀ ਨੇ ਕਿਹਾ ਕਿ ਗੁਰੂ ਸਾਹਿਬ ਦੀ ਕਿਰਪਾ ਨਾਲ ਇਸ ਰਸਤੇ ਨੂੰ ਚਾਰ ਪਹਿਰ ਵਿਚ ਤੈਅ ਕੀਤਾ ਜਾ ਸਕਦਾ ਹੈ:

*ਸੁੰਦਰ ਨਾਮ ਸਿੱਖ ਤਬਿ ਲਹਯੋ। ਪੰਥ ਬਰਖ ਕੋ ਪੰਡਿਤ ਕਹਯੋ।*
*ਮੈਂ ਗੁਰ ਕਰੁਨਾ ਤੇ ਚਲਿ ਜੈ ਹੌਂ। ਚਾਰ ਪਹਿਰ ਕੇ ਬਿਖੈ ਸਿਧੈ ਹੌਂ।...*

ਇਸੇ ਤਰ੍ਹਾਂ ਭਾਈ ਲਾਲਾ ਜੀ ਨੇ ਗੁਰੂ ਸਾਹਿਬ ਦੀ ਕਿਰਪਾ ਨਾਲ ਇਹ ਪੈਂਡਾ ਦੋ ਪਹਿਰ, ਭਾਈ ਮੱਯਾ ਨੇ ਇਹ ਮਾਰਗ ਇਕ ਪਹਿਰ ਅਤੇ ਭਾਈ ਨਿਹਾਲਾ ਜੀ ਨੇ

** ਯੂਨੀਵਰਸਿਟੀ ਕਾਲਜ ਮੀਰਾਂਪੁਰ, ਪਟਿਆਲਾ-੧੪੭੧੧੧; ਮੋ. ੯੯੮੮੦੦੪੭੩੩*

ਇਹੀ ਪੰਧ ਇਕ ਨਿਮਖ ਵਿਚ ਤੈਅ ਕਰਨ ਲਈ ਕਿਹਾ। ਇਹ ਗੱਲ ਸੁਣ ਕੇ ਨਿਤਾ ਨੰਦ ਨੇ ਸ਼ੰਕਾ ਕੀਤੀ ਅਤੇ ਗੁਰੂ ਸਾਹਿਬ ਦੇ ਕਹਿਣ ਨਾਲ ਭਾਈ ਗੁਰਦਾਸ ਜੀ ਨੇ ਗੁਰਮਤਿ ਦ੍ਰਿਸ਼ਟੀਕੋਣ ਦੁਆਰਾ ਪੰਡਿਤ ਜੀ ਦਾ ਇਹ ਭਰਮ ਦੂਰ ਕੀਤਾ, ਜਿਸ ਨੂੰ ਸੁਣ ਕੇ ਨਿਤਾ ਨੰਦ ਨੂੰ ਸ਼ਾਂਤੀ ਪ੍ਰਾਪਤ ਹੋਈ:

*ਤਬਿ ਸਤਿਗੁਰ ਗੁਰਦਾਸ ਨਿਹਾਰਾ। ਦਿਹੁ ਪੰਡਿਤ ਕੋ ਸੰਸੈ ਟਾਰਾ।*
*ਜਥਾ ਜੋਗ ਉੱਤਰ ਕੋ ਦੀਜੈ। ਦਿਜਬਰ ਕੋ ਸ਼ਾਂਤੀ ਉਰ ਕੀਜੈ।...*

ਉਪਰੰਤ ਇਹ ਵਿਦਵਾਨ ਗੁਰੂ ਸਾਹਿਬ ਨੂੰ ਤਿੰਨ ਕਾਲਾਂ ਦਾ ਗਿਆਤਾ ਜਾਣ ਕੇ ਇੱਥੇ ਹੀ ਰਹਿ ਕੇ ਕਥਾ ਕਰਨ ਲੱਗਾ ਅਤੇ ਗੁਰਮਤਿ ਨੂੰ ਧਾਰਨ ਕਰ ਕੇ ਗੁਰਸਿੱਖ ਬਣ ਗਿਆ।

**ਕਥਾਕਾਰ ਦੇ ਗੁਣ**

ਕਥਾ ਆਪਣੇ ਆਪ ਵਿਚ ਇਕ ਅਜਿਹੀ ਪ੍ਰਕ੍ਰਿਆ ਹੈ, ਜਿਹੜੀ ਸਰੋਤੇ ਦਾ ਮਨੋਬਲ ਉੱਚਾ ਚੁੱਕ ਕੇ ਉਸ ਨੂੰ ਅਧਿਆਤਮਿਕ ਰਸਤੇ 'ਤੇ ਤੋਰਦੀ ਹੈ। ਇਸ ਮਾਰਗ ਉੱਤੇ ਚੱਲਣ ਲਈ ਕਥਾਕਾਰ ਦਾ ਆਪਣਾ ਨਿੱਜੀ ਜੀਵਨ ਵੀ ਸਹਾਈ ਹੁੰਦਾ ਹੈ। ਕਥਾ ਕਰਨ ਵਾਲੇ ਅੰਦਰ ਕੁਝ ਗੁਣ ਹੋਣੇ ਲਾਜ਼ਮੀ ਹਨ, ਜਿਨ੍ਹਾਂ ਦਾ ਸਰੋਤਿਆਂ ਉੱਤੇ ਅਸਰ ਹੁੰਦਾ ਹੈ। ਇਸ ਪ੍ਰਥਾਇ ਇਤਿਹਾਸ ਵਿੱਚੋਂ ਸਾਨੂੰ ਭਾਈ ਤਖਤੂ ਧੀਰ, ਭਾਈ ਦਰਗਾਹ ਤੁਲੀ, ਭਾਈ ਮਨਸਾ ਧਾਰ, ਭਾਈ ਤੀਰਥ ਉਪਲ ਆਦਿ ਦੇ ਦ੍ਰਿਸ਼ਟਾਂਤ ਮਿਲਦੇ ਹਨ, ਜਿਨ੍ਹਾਂ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਪਾਸ ਬੇਨਤੀ ਕੀਤੀ ਕਿ ਭਾਈ ਨਿਵਲਾ ਅਤੇ ਨਿਹਾਲੂ ਜੀ ਕਥਾ ਸੁਣ ਕੇ ਮਨ ਵਿਚ ਟਿਕਾਅ, ਨਿਰਮਲ ਭੈਅ ਅਤੇ ਗੁਰਮਤਿ ਦੀ ਭਾਵਨਾ ਪੈਦਾ ਹੁੰਦੀ ਹੈ। ਇਸ ਦਾ ਕਾਰਨ ਪੁੱਛਣ ਉੱਤੇ ਗੁਰੂ ਸਾਹਿਬ ਨੇ ਦੱਸਿਆ ਕੇ ਭਾਈ ਨਿਵਲਾ ਅਤੇ ਨਿਹਾਲੂ ਜੀ ਦੋਵੇਂ ਗੁਣੀ ਹਨ।

ਗੁਰੂ ਸਾਹਿਬ ਨੇ ਉਸ ਸਮੇਂ ਸਿੱਖ ਸੰਗਤ ਨੂੰ ਵਕਤਾ (ਕਥਾ ਕਰਨ ਵਾਲੇ) ਅਤੇ ਸ਼੍ਰੋਤਾ (ਕਥਾ ਸੁਣਨ ਵਾਲੇ) ਦੇ ੧੪-੧੪ ਗੁਣ ਦ੍ਰਿੜ੍ਹ ਕਰਵਾਏ। ਵਕਤਾ ਦੇ ਗੁਣ ਹਨ: ਵਾਗਮੀ, ਵਿਵਆਸਾ, ਸਮਾਸਵਿਤ, ਪ੍ਰਿਆ ਕਥਾ ਪ੍ਰਸਥਾਵਵਿਸਤ, ਵਾਕ, ਸੰਹਦੇ ਹਛਿ, ਕੁਸ਼ਲ ਸਕਲ ਮਤ ਕੇਰੋ, ਖਯਾਤ ਵਿਖੇਪ ਕ੍ਰਿਤੌਨਿ, ਅਵਿੰਗ, ਜਨ ਰੰਚਕ, ਚਿਤੈ ਸਭੋ, ਨਾ ਹੰਕ੍ਰਿਤ, ਧਾਰਮਿਕ ਅਤੇ ਸੰਤੋਖੀ।[੬]

ਭਾਈ ਸੰਤੋਖ ਸਿੰਘ ਨੇ ਵਕਤਾ ਦੇ ਇਨ੍ਹਾਂ ੧੪ ਗੁਣਾਂ ਨੂੰ ਅਰਥਾਂ ਸਮੇਤ ਇਸ ਤਰ੍ਹਾਂ ਦਰਸਾਇਆ ਹੈ:

*ਪ੍ਰਥਮ ਵਾਗਮੀ ਸੁੰਦਰ ਬਾਨੀ। ਬ੍ਰਿੰਦ ਸ਼ਬਦ ਕੇ ਪਦ ਲੌ ਜਾਨੀ।...*
*ਅਧਿਕ ਪਦਾਰਥ ਚਾਹ ਨ ਧਰੈ। ਢਿਗ ਜੋ ਹੋਇ ਬਰਤਬੋ ਕਰੈ।...*[੭]

'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਕਰਤਾ ਦੁਆਰਾ ਉਕਤ ਦਰਸਾਏ ਗਏ ਗੁਣਾਂ ਵਿੱਚੋਂ ਸੁਚੱਜੇ ਕਥਾਕਾਰ ਦਾ ਪਹਿਲਾ ਗੁਣ ਇਹ ਹੈ ਕਿ ਵਕਤਾ ਸ਼ਬਦਾਂ ਦੇ ਅਰਥ

ਚੰਗੀ ਤਰ੍ਹਾਂ ਜਾਣਦਾ ਹੋਵੇ। ਦੂਜਾ, ਕਥਾਕਾਰ ਸੁਣਨ ਵਾਲਿਆਂ ਦੀ ਬਿਰਤੀ ਅਨੁਸਾਰ ਪ੍ਰਸੰਗ ਦਾ ਵਿਸਥਾਰ ਤੇ ਸੰਖੇਪ ਕਰਨ ਦੀ ਵਿਧੀ ਦਾ ਗਿਆਤਾ ਹੋਵੇ। ਤੀਜਾ, ਕਥਾ ਦੇ ਪ੍ਰਸੰਗ ਚੰਗੀ ਜੁਗਤੀ ਨਾਲ ਸੁਣਾਉਣੇ ਜਾਣਦਾ ਹੋਵੇ। ਚੌਥਾ, ਬੋਲੀ ਵਿਚ ਮਿਠਾਸ ਹੋਵੇ। ਪੰਜਵਾਂ, ਸ਼ਬਦ ਦੇ ਸਿਧਾਂਤ ਅਨੁਸਾਰ ਸੱਚ ਹੀ ਬੋਲੇ, ਸਿਧਾਂਤ ਤੋਂ ਉਲਟ ਨਾ ਜਾਵੇ। ਛੇਵਾਂ, ਸੁਣਨ ਵਾਲਿਆਂ ਦੇ ਮਨ ਦੇ ਭਰਮਾਂ ਦੀ ਨਿਵਿਰਤੀ ਕਰ ਸਕਦਾ ਹੋਵੇ। ਸਤਵਾਂ, ਸਭ ਧਰਮਾਂ ਦਾ ਗਿਆਤਾ ਹੋਵੇ (ਵਕਤਾ ਨੇ ਸਭ ਧਰਮ ਗ੍ਰੰਥ ਪੜ੍ਹੇ ਜਾਂ ਸੁਣੇ ਹੋਣ)। ਅਠਵਾਂ, ਕਥਾ ਕਰਨ ਸਮੇਂ ਸਾਖੀ ਢੁਕਵੀਂ ਸੁਣਾਵੇ, ਭਾਵ ਸਾਖੀ ਦਾ ਭਾਵ ਪ੍ਰਸੰਗਾਨੁਸਾਰ ਹੋਵੇ। ਨੌਵਾਂ, ਤਨ ਤੇ ਮਨ ਕਰ ਕੇ ਸੁਚੇਤ ਬੈਠੇ। ਦਸਵਾਂ, ਸ੍ਰੋਤਿਆਂ ਨੂੰ ਖੁਸ਼ ਰੱਖਣ ਵਾਲਾ ਹੋਵੇ। ਗਿਆਰ੍ਹਵਾਂ, ਸਭ ਸੁਣਨ ਵਾਲਿਆਂ ਦੇ ਕੰਨ ਅਤੇ ਅੱਖਾਂ ਆਪਣੇ ਵੱਲ ਆਕਰਸ਼ਿਤ ਕਰਨ ਵਾਲਾ ਹੋਵੇ, ਭਾਵ ਸ੍ਰੋਤਿਆਂ ਵਿਚ ਅੱਗੇ ਪ੍ਰਸੰਗ ਸੁਣਨ ਦੀ ਉਤਸੁਕਤਾ ਬਣਾਉਣ ਵਾਲਾ ਹੋਵੇ। ਬਾਰ੍ਹਵਾਂ, ਨਿਮਰਤਾ ਵਾਲਾ ਹੋਵੇ। ਤੇਰ੍ਹਵਾਂ, ਧਾਰਮਿਕ ਪ੍ਰਵਿਰਤੀ ਵਾਲਾ ਹੋਵੇ। ਚੋਦਵਾਂ ਗੁਣ, ਬਹੁਤਾ ਲੋਭੀ ਨਾ ਹੋਵੇ, ਗੁਰੂ ਦੁਆਰਾ ਦਿੱਤੇ ਪਦਾਰਥਾਂ 'ਤੇ ਭਰੋਸਾ ਰੱਖਣ ਵਾਲਾ ਹੋਵੇ।

**ਸਰੋਤਾ ਦੇ ਗੁਣ**

'ਸਿੱਖਾਂ ਦੀ ਭਗਤ ਮਾਲਾ' ਵਿਚ ਸਰੋਤੇ ਦੇ ਗੁਣ ਹੇਠ ਲਿਖੇ ਸਲੋਕ ਰਾਹੀਂ ਦਰਸਾਏ ਗਏ ਹਨ:

*ਭਗਤੋ ਬਹੁਸ੍ਰਤੋ ਅਨਾਲਸੋ ਨਿੰਦ੍ਰਾ ਜਿਤੀ ਸੁਤਹ॥*
*ਦਾਤਾਤਿ ਪਕਤ ਕਥੰਕਰਾ ਸੁਚੈਵ ਪਰ ਦੰਭੋ ਜਿਤਾ ਸ੍ਰਬਦਾ॥*
*ਏਤੇ ਯਸਵ ਸੰਤ ਨਿਰਮਲ ਗੁਣਾ ਵੈਕੁੰਠੇ ਪ੍ਰਸਸਤਾ ਸਦਾ॥*[੮]

ਭਾਈ ਸੰਤੋਖ ਸਿੰਘ ਨੇ ਕਥਾ ਸੁਣਨ ਵਾਲੇ ਗੁਣਾਂ ਨੂੰ ਵਿਸਥਾਰ ਸਹਿਤ ਇਸ ਤਰ੍ਹਾਂ ਦਰਸਾਇਆ ਹੈ:

*ਬਕਤਾ ਕੀ ਕਰਨੀ ਨਿਜ ਭਗਤਿ।*
*ਮਨ ਬਚ ਕਰਮਨ ਕੇ ਸੰਜੁਗਤਿ॥੨੨॥*
*ਦੂਜੇ ਹੋਇ ਨ ਮਨ ਹੰਕਾਰੀ।*
*ਜਾਨਹਿ ਮੈਂ ਬਡ ਸੇਵਾ ਧਾਰੀ।...*
*ਚੌਦਸ਼ਮੋ ਨਹਿੰ ਕਰੈ ਪਖੰਡ।*
*ਮਨ ਕੋ ਲਾਵਹਿ ਸੁਨਹਿੰ ਅਖੰਡ॥੨੭॥*[੯]

ਕਥਾ ਸੁਣਨ ਵਾਲੇ ਦਾ ਪਹਿਲਾ ਗੁਣ ਹੈ ਕਿ ਉਹ ਮਨ, ਬਚਨ ਅਤੇ ਕਰਮ ਕਰਕੇ ਵਕਤੇ ਪ੍ਰਤਿ ਸ਼ਰਧਾਲੂ ਹੋਣਾ ਚਾਹੀਦਾ ਹੈ। ਦੂਜਾ, ਅਹੰਕਾਰ ਰਹਿਤ ਹੋਵੇ। ਤੀਜਾ, ਕਥਾ ਸੁਣਨ ਪ੍ਰਤਿ ਸ਼ਰਧਾਵਾਨ ਹੋਵੇ। ਚੌਥਾ, ਸ੍ਰੋਤਾ ਆਪਣੀ ਚਾਤੁਰਤਾ ਵਕਤਾ ਉਤੇ ਨਾ ਵਰਤਾਵੇ। ਪੰਜਵਾਂ, ਕਥਾਕਾਰ ਦੁਆਰਾ ਸੁਣਾਏ ਗਏ ਅਰਥਾਂ ਨੂੰ

ਸਮਝਣ ਦੀ ਸਮਰੱਥਾ ਰੱਖਦਾ ਹੋਵੇ। ਛੇਵਾਂ, ਕਥਾ ਸੁਣਨ ਵਾਲਾ ਪ੍ਰਸ਼ਨ ਕਰਨ ਵਿਚ ਚਤੁਰ ਹੋਵੇ। ਸਤਵਾਂ, ਸ੍ਰੋਤੇ ਨੇ ਪਹਿਲਾਂ ਬਹੁਤੇ ਗ੍ਰੰਥਾਂ ਦੀ ਕਥਾ ਸੁਣੀ ਹੋਵੇ। ਅਠਵਾਂ, ਆਲਸੀ ਨਾ ਹੋਵੇ। ਨੌਵਾਂ, ਸ਼੍ਰੋਤੇ ਨੇ ਨੀਂਦ ਨੂੰ ਵੱਸ ਕੀਤਾ ਹੋਵੇ। ਦਸਵਾਂ, ਗੁਰਬਾਣੀ ਅਨੁਸਾਰ ਵੰਡ ਛਕਦਾ ਹੋਵੇ। ਗਿਆਰ੍ਹਵਾਂ, ਕਥਾ ਸੁਣ ਕੇ ਕਥਾ ਦੇ ਸਿਧਾਂਤ ਨੂੰ ਮਨ ਵਿਚ ਧਾਰਨ ਕਰਨ ਵਾਲਾ ਹੋਵੇ। ਬਾਰ੍ਹਵਾਂ, ਗੁਰਬਾਣੀ ਦੇ ਸਿਧਾਂਤ ਵਿਰੁੱਧ ਨਾ ਜਾਵੇ। ਤੇਰ੍ਹਵਾਂ, ਸਰੀਰ ਕਰਕੇ ਸੁਚਮ ਰੱਖਣ ਵਾਲਾ ਹੋਵੇ। ਸ਼੍ਰੋਤੇ ਦਾ ਚੌਦਵਾਂ ਗੁਣ, ਪਾਖੰਡੀ ਨਾ ਹੋਵੇ। ਕਥਾ ਨੂੰ ਨਿਤਾਪ੍ਰਤਿ ਮਨ ਕਰਕੇ ਸੁਣਨ ਵਾਲਾ ਹੋਵੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਦਰਸਾਏ ਉਕਤ ਵਕਤਾ ਅਤੇ ਸਰੋਤਾ ਦੇ ਗੁਣਾਂ ਵਿੱਚੋਂ ਜੇਕਰ ਦੋਵਾਂ ਵਿਚ ਇਹ ਗੁਣ ਹੋਣ ਦੋਵਾਂ ਨੂੰ ਗਿਆਨ ਦੀ ਪ੍ਰਾਪਤੀ ਹੁੰਦੀ ਹੈ:

*ਬਕਤਾ ਮਹਿਂ ਚੌਦਹ ਗੁਨ ਹੋਇਂ।*
*ਗਯਾਨ ਪਾਇ ਤਿਸ ਤੇ ਸੁਨਿ ਕੋਇ॥੫॥*
*ਤਿਮ ਸ਼੍ਰੋਤਾ ਮਹਿਂ ਚੌਦਸ ਗੁਨ ਹ੍ਵੈਂ।*
*ਤੁਰਤ ਗਯਾਨ ਪ੍ਰਾਪਤਿ ਜੇ ਸੁਨਿਂ ਹੈਂ।*[੧੦]

ਸਾਰ ਵਜੋਂ ਕਿਹਾ ਜਾ ਸਕਦਾ ਹੈ ਕਿ ਕਥਾ ਸਿਰਫ ਇਕ ਕਲਾਤਮਕ ਅਭਿਵਿਅਕਤੀ ਨਹੀਂ, ਸਗੋਂ ਸਮਾਜ, ਧਰਮ, ਰੂਹਾਨੀਅਤ ਅਤੇ ਜੀਵਨ ਦੀਆਂ ਸਚਾਈਆਂ ਨੂੰ ਪੇਸ਼ ਕਰਨ ਵਾਲਾ ਮਜ਼ਬੂਤ ਮਾਧਿਅਮ ਹੈ। ਇਸ ਨੇ ਇਤਿਹਾਸ ਦੇ ਹਰ ਪੜਾਅ 'ਤੇ ਮਨੁੱਖੀ ਮਨ ਨੂੰ ਪ੍ਰਭਾਵਿਤ ਕੀਤਾ ਹੈ। ਕਥਾ ਦੀ ਜ਼ਰੂਰਤ ਅੱਜ ਵੀ ਉਤਨੀ ਹੀ ਹੈ, ਜਿੰਨੀ ਪੁਰਾਣੇ ਸਮੇਂ ਵਿਚ ਸੀ, ਕਿਉਂਕਿ ਮਨੁੱਖ ਸਦਾ ਤੋਂ ਕਹਾਣੀਆਂ ਸੁਣਨ ਅਤੇ ਦੱਸਣ ਦੀ ਖੋਜ ਵਿਚ ਰਿਹਾ ਹੈ।

**ਹਵਾਲੇ :**


**੫.** ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਰਾਸਿ/ਅਧਿ./ਬੰਦ/ਪੰਨਾ- ੬/੫੨/੧-੩/੩੦੦੩.

**੬.** ਤਰਲੋਚਨ ਸਿੰਘ ਬੇਦੀ (ਸੰਪਾ.), *ਸਿੱਖਾਂ ਦੀ ਭਗਤ ਮਾਲਾ*, ਪੰਨਾ ੧੩੧.

**੭.** ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਰਾਸਿ/ਅਧਿ./ਬੰਦ/ਪੰਨਾ- ੫/੪੨/੯-੨੧/੨੬੭੪-੭੫.

**੮.** ਤਰਲੋਚਨ ਸਿੰਘ ਬੇਦੀ (ਸੰਪਾ.), *ਸਿੱਖਾਂ ਦੀ ਭਗਤ ਮਾਲਾ*, ਪੰਨਾ ੧੩੧-੩੨.

**੯.** *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ*, (ਜਿਲਦ ਸਤਵੀਂ), ਰਾਸਿ/ਅਧਿ./ਬੰਦ/ਪੰਨਾ- ੫/੪੨/੨੨-੨੭/੨੬੭੬.

**੧੦.** *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਰਾਸਿ/ਅਧਿ./ਬੰਦ/ਪੰਨਾ- ੫/੪੨/੫-੬/੨੬੭੩.

# ਮੀਰੀ ਅਤੇ ਪੀਰੀ

*-ਬਿਕਰਮਜੀਤ ਸਿੰਘ ਜੀਤ**

ਪੰਜਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਤੋਂ ਬਾਅਦ ਗੁਰਿਆਈ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕੋਲ ਆ ਗਈ। ਉਹ ਜਾਣਦੇ ਸਨ ਕਿ ਸਮੇਂ ਦੀ ਹਕੂਮਤ ਵੱਲੋਂ ਕੀਤੇ ਜਾ ਰਹੇ ਅੱਤਿਆਚਾਰਾਂ ਦਾ ਜਵਾਬ ਦੇਣ ਲਈ ਕੋਈ ਨਵੀਂ ਰਣਨੀਤੀ ਅਪਨਾਉਣੀ ਪਵੇਗੀ। ਇਹ ਉਹੀ ਨਵੀਂ ਨੀਤੀ ਸੀ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਜਾਣ ਤੋਂ ਪਹਿਲਾਂ ਆਪਣੇ ਸਪੁੱਤਰ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੂੰ ਦੱਸੀ ਸੀ। ਇਹ ਨੀਤੀ ਧਰਮ ਦੀ ਰੱਖਿਆ ਅਤੇ ਜਰਵਾਣੇ ਦੀ ਭਖਿਆ ਭਾਵ ਜ਼ੁਲਮ ਕਰਨ ਵਾਲੇ ਦਾ ਖਾਤਮਾ ਕਰਨ ਦੀ ਸੀ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਨਵੀਂ ਨੀਤੀ ਤਹਿਤ ਬਾਬਾ ਬੁੱਢਾ ਜੀ ਪਾਸੋਂ ਮੀਰੀ ਅਤੇ ਪੀਰੀ ਦੀਆਂ ਦੋ ਕਿਰਪਾਨਾਂ ਧਾਰਨ ਕੀਤੀਆਂ। ਮੀਰੀ ਅਤੇ ਪੀਰੀ ਦਾ ਸੁਮੇਲ ਸਿੱਖ ਧਰਮ ਵਿਚ ਇਕ ਵਿਲੱਖਣ ਸੁਮੇਲ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ ਇਹ ਦੋਵੇਂ ਸ਼ਬਦ ਅਰਬੀ ਫ਼ਾਰਸੀ ਦੇ ਪਿਛੋਕੜ ਵਾਲੇ ਹਨ। 'ਮੀਰੀ' ਦਾ ਸੰਬੰਧ ਮੀਰ ਨਾਲ ਹੈ ਜੋ ਅਰਬੀ ਦੇ 'ਅਮੀਰੀ' ਸ਼ਬਦ ਦਾ ਸੰਖਿਪਤ ਰੂਪ ਹੈ ਅਤੇ ਇਸ ਦਾ ਅਰਥ ਹੈ- ਬਾਦਸ਼ਾਹ, ਸਰਦਾਰੀ, 'ਪੀਰੀ' ਸ਼ਬਦ ਦਾ ਸੰਬੰਧ ਫ਼ਾਰਸੀ ਦੇ ਪੀਰ ਸ਼ਬਦ ਨਾਲ ਹੈ ਜਿਸ ਦਾ ਅਰਥ ਹੈ ਧਰਮ ਆਗੂ, ਗੁਰੂ। ਪੀਰੀ ਤੋਂ ਭਾਵ ਹੈ ਧਾਰਮਿਕ ਅਧਿਕਾਰ ਜਾਂ ਗੁਰਤਾ। ਇਨ੍ਹਾਂ ਦੋਹਾਂ ਸ਼ਬਦਾਂ ਦੀ ਇਕ ਵਿਅਕਤਿਤਵ ਲਈ ਵਰਤਣ ਦੀ ਪਰੰਪਰਾ ਦਾ ਅਰੰਭ ਸਿੱਖ ਜਗਤ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਤੋਂ ਹੋਇਆ। ਉਨ੍ਹਾਂ ਨੂੰ ਮੀਰੀ ਪੀਰੀ ਦਾ ਮਾਲਕ ਕਿਹਾ ਗਿਆ ਹੈ, ਕਿਉਂਕਿ ਉਨ੍ਹਾਂ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ (ਕਿਰਪਾਨਾਂ) ਧਾਰਨ ਕੀਤਾ ਸੀ।... ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਦੇ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਨਾਲ ਹੀ ਮੀਰੀ ਸੂਚਕ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਅਤੇ ਆਪਣੀ ਜੀਵਨ-ਵਿਧੀ ਨੂੰ ਬਦਲ ਦਿੱਤਾ।" ਇਸ ਤੋਂ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋ ਕੀਤੀ ਹੈ:

*ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੧੭)*

ਉਕਤ ਪਾਵਨ ਪੰਕਤੀ ਦੇ ਪ੍ਰਸੰਗ ਅਨੁਸਾਰ ਇੱਥੇ ਮੀਰ ਭਾਵ ਰਾਜਨੀਤਕ ਆਗੂ ਬਾਬਰ ਅਤੇ ਪੀਰ ਧਾਰਮਿਕ ਨੁਮਾਇੰਦੇ ਨੂੰ ਕਿਹਾ ਗਿਆ ਹੈ।

ਮੀਰੀ ਜਿੱਥੇ ਰਾਜ ਸੱਤਾ ਦੀ ਪ੍ਰਤੀਕ ਹੈ ਅਤੇ ਸੰਸਾਰਕ ਵਿਸ਼ਿਆਂ ਨਾਲ ਸੰਬੰਧਿਤ ਹੈ, ਉੱਥੇ ਪੀਰੀ ਧਰਮ ਭਾਵ ਅਧਿਆਤਮਿਕਤਾ ਦਾ ਪ੍ਰਤੀਕ ਹੈ। ਇਹ ਭਗਤੀ ਅਤੇ ਸ਼ਕਤੀ ਦਾ ਸ਼ੁੱਧ ਰੂਪ ਵਿਚ

** ਸਹਾਇਕ ਸੰਪਾਦਕ, ਗੁਰਮਤਿ ਪ੍ਰਕਾਸ਼। ਮੋ. +੯੧੮੨੨੮੦੩੨੨*

ਸੁਮੇਲ ਹੈ, ਜੋ ਕਿ ਦੁਨੀਆ ਦੇ ਇਤਿਹਾਸ ਵਿਚ ਕਿਤੇ ਹੋਰ ਨਹੀਂ ਮਿਲਦਾ। ਮੀਰੀ ਅਤੇ ਪੀਰੀ ਦਾ ਇਹ ਸੰਕਲਪ ਸਿੱਖ ਧਰਮ ਦਾ ਆਦਰਸ਼ ਬਣ ਗਿਆ। ਇਹੀ ਆਦਰਸ਼ ਹਰ ਸਿੱਖ ਨੂੰ ਵਿਹਾਰਕ ਰੂਪ ਵਿਚ ਸੰਤ ਅਤੇ ਸਿਪਾਹੀ ਬਣਾਉਂਦਾ ਹੈ। ਸੰਤ, ਜੋ ਅਕਾਲ ਪੁਰਖ ਦਾ ਉਪਾਸਕ ਹੈ ਅਤੇ ਆਪਣੇ ਅਧਿਆਤਮਿਕ ਤਜਰਬੇ ਨਾਲ ਪਰਮਾਤਮਾ ਨਾਲ ਇੱਕ-ਮਿਕ ਹੋਇਆ ਹੁੰਦਾ ਹੈ, ਉੱਥੇ ਉਹੀ ਸਿਪਾਹੀ ਰੂਪ ਵਿਚ ਹੱਕ, ਸੱਚ, ਨਿਆਂ ਅਤੇ ਧਰਮ ਦੀ ਰੱਖਿਆ ਕਰਦਾ ਹੋਇਆ ਹਰੇਕ ਗਰੀਬ-ਗੁਰਬੇ ਅਤੇ ਮਜ਼ਲੂਮ ਦੀ ਰੱਖਿਆ ਲਈ ਤਤਪਰ ਰਹਿੰਦਾ ਹੈ। ਇਸ ਤੋਂ ਇਲਾਵਾ ਗੁਰੂ ਜੀ ਨੇ ਸੰਗਤ ਨੂੰ ਚੰਗੇ ਸ਼ਸਤਰ ਅਤੇ ਵਧੀਆ ਘੋੜੇ ਲੈ ਕੇ ਆਉਣ ਦਾ ਹੁਕਮ ਵੀ ਜਾਰੀ ਕੀਤਾ। ਜੋ ਕਿ ਮੀਰੀ-ਪੀਰੀ ਦੀ ਨੀਤੀ ਅਧੀਨ ਹੀ ਸੀ।

ਦੁਨੀਆ ਦੇ ਇਤਿਹਾਸ ਵਿਚ ਮੀਰ ਭਾਵ ਰਾਜ ਕਰਨ ਵਾਲੇ ਦੀ ਤਲਵਾਰ ਵਿਚ ਜ਼ੋਰ ਅਤੇ ਪੀਰ ਭਾਵ ਧਰਮ-ਆਗੂ ਦੇ ਹੁਕਮ ਵਿਚ ਸ਼ਕਤੀ ਮੰਨੀ ਗਈ ਹੈ, ਜਿਨ੍ਹਾਂ ਨੇ ਉਸ ਸਮੇਂ ਰਲ ਕੇ ਆਮ ਲੋਕਾਂ ਨੂੰ ਡਰ ਅਤੇ ਦੂਸਰੇ ਧਰਮਾਂ ਨੂੰ ਖਤਮ ਕਰਨ ਲਈ ਤਲਵਾਰ ਦੇ ਜ਼ੋਰ ਨਾਲ ਅੱਤਿਆਚਾਰ ਹੀ ਕੀਤੇ ਸਨ, ਪਰੰਤੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤਾਂ ਨੂੰ ਵਿਹਾਰਕ ਰੂਪ ਦੇਂਦੇ ਹੋਏ ਮਨੁੱਖਤਾ ਦੇ ਇਤਿਹਾਸ ਵਿਚ ਪਹਿਲੀ ਵਾਰ 'ਤਲਵਾਰ' ਦੀ ਲੋਕ-ਵਿਰੋਧੀ ਸ਼ਕਤੀ ਨੂੰ 'ਕਿਰਪਾਨ' ਭਾਵ ਕਿਰਪਾ ਦੀ ਦ੍ਰਿਸ਼ਟੀ ਤੋਂ ਧਾਰਨ ਕਰਕੇ ਲੋਕ-ਭਲਾਈ ਲਈ ਵਰਤਿਆ।

ਮੀਰੀ ਅਤੇ ਪੀਰੀ ਦੋਨਾਂ ਨੂੰ ਇਕੱਠਾ ਕਰਨ ਦਾ ਉਦੇਸ਼ ਬਹੁਤ ਹੀ ਸਪੱਸ਼ਟ ਸੀ। ਇਹ ਨਾ ਤਾਂ ਕਿਸੇ ਕੋਲੋਂ ਕੋਈ ਬਦਲਾ ਲੈਣ ਦੀ ਭਾਵਨਾ ਸੀ ਅਤੇ ਨਾ ਹੀ ਸਮੇਂ ਦੀ ਹਕੂਮਤ ਵਾਂਗ ਰਾਜ ਸੱਤਾ ਦੀ ਭੁੱਖ, ਬਲਕਿ ਇਹ ਸੁਮੇਲ ਸਵੈਮਾਣ, ਇੱਜ਼ਤ ਅਤੇ ਆਜ਼ਾਦੀ ਨਾਲ ਜੀਉਣ ਅਤੇ ਧਰਮ ਤੇ ਸੱਭਿਆਚਾਰ ਨੂੰ ਕਾਇਮ ਕਰਨਾ ਸੀ। ਮੀਰੀ ਤੇ ਪੀਰੀ ਜੀਓ ਤੇ ਜੀਉਣ ਦਿਉ ਦੀ ਭਾਵਨਾ ਦਾ ਸੰਕਲਪ ਸੀ।

ਗੁਰੂ-ਦਰਬਾਰ ਦੇ ਢਾਡੀ ਭਾਈ ਅਬਦੁੱਲਾ ਅਤੇ ਭਾਈ ਨੱਥ ਮੱਲ ਜੀ ਨੇ ਛੇਵੇਂ ਪਾਤਸ਼ਾਹ ਦੀ ਮਹਿਮਾ ਦਾ ਵਖਿਆਨ ਇੰਜ ਕੀਤਾ ਹੈ:-

*ਦੋ ਤਲਵਾਰੀਂ ਬੱਧੀਆਂ ਇਕ ਮੀਰੀ ਦੀ ਇਕ ਪੀਰੀ ਦੀ।*
*ਇਕ ਅਜ਼ਮਤ ਦੀ ਇਕ ਰਾਜ ਦੀ ਇਕ ਰਾਖੀ ਕਰੇ ਵਜ਼ੀਰੀ ਦੀ।*

ਗੁਰੂ ਜੀ ਨੇ ਮੀਰੀ ਅਤੇ ਪੀਰੀ ਧਾਰਨ ਕਰ ਕੇ ਮਨੁੱਖਤਾ ਦੀ ਧਾਰਮਿਕ ਅਤੇ ਰਾਜਨੀਤਕ ਆਜ਼ਾਦੀ ਲਈ ਸਿੱਖਾਂ ਨੂੰ ਪ੍ਰੇਰਿਤ ਕੀਤਾ, ਕਿਉਂਕਿ ਉਸ ਸਮੇਂ ਮੁਗ਼ਲ ਹਕੂਮਤ ਦੁਆਰਾ ਮਾਨਵੀ ਹੱਕਾਂ ਉੱਪਰ ਜੋ ਪਾਬੰਦੀ ਲਗਾਈ ਹੋਈ ਸੀ ਉਸ ਪਾਬੰਦੀ ਨੂੰ ਖਤਮ ਕਰ ਕੇ ਸਮਾਜ ਵਿਚ ਸਭ ਧਰਮਾਂ ਨੂੰ ਬਰਾਬਰੀ ਦਾ ਹੱਕ ਦੇਣ ਲਈ ਬਦਲਾਅ ਲਿਆਉਣਾ ਸੀ। ਗੁਰੂ ਜੀ ਦੁਆਰਾ ਸਿਰਜਿਆ ਗਿਆ ਇਹ ਸੁਮੇਲ ਭਗਤੀ ਦੇ ਨਾਲ ਸ਼ਕਤੀ ਦਾ ਸੁਮੇਲ ਸੀ ਜੋਕਿ ਧਰਮ ਅਤੇ ਇਤਿਹਾਸ ਦੇ ਪੰਨਿਆਂ ਵਿਚ ਸੁਨਹਿਰੀ ਅਧਿਆਇ ਮੰਨਿਆ ਜਾਂਦਾ ਹੈ।

ਮੀਰੀ ਅਤੇ ਪੀਰੀ ਦੇ ਸਿਧਾਂਤ ਉੱਪਰ ਚਲਦੇ ਹੋਏ ਸਿੱਖਾਂ ਨੇ ਸ਼ਸਤਰਾਂ ਨਾਲ ਆਪਣੀ ਹੀ ਨਹੀਂ ਬਲਕਿ ਸਮਾਜ ਵਿਚ ਦੱਬੇ-ਕੁਚਲੇ ਲੋਕਾਂ ਦੀ ਵੀ ਰੱਖਿਆ ਕੀਤੀ ਜੋ ਕਿ ਮੀਰੀ ਅਤੇ ਪੀਰੀ ਦਾ ਮੁੱਖ ਉਦੇਸ਼ ਹੈ। ■

# ਸਿੱਖ ਧਰਮਸਾਲ: ਸਿਧਾਂਤਕ ਅਤੇ ਇਤਿਹਾਸਿਕ ਪਰਿਪੇਖ

*-ਡਾ. ਅਮਨ ਸਿੰਘ ਕਤਲੌਰ**

ਸਿੱਖ ਧਰਮ ਦੀ ਅਰੰਭਤਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪੰਦਰ੍ਹਵੀਂ ਸਦੀ ਵਿਚ ਕੀਤੀ। ਇਸ ਤੋਂ ਪਹਿਲਾਂ ਵੀ ਸੰਸਾਰ ਵਿਚ ਕਈ ਧਰਮ ਸਨ ਪਰ ਉਨ੍ਹਾਂ ਧਰਮਾਂ ਵਿਚ ਅਨੇਕਾਂ ਕਰਮ-ਕਾਂਡ ਅਤੇ ਹੋਰ ਫਜ਼ੂਲ ਰੀਤੀ-ਰਿਵਾਜ ਪੈਦਾ ਹੋ ਗਏ ਸਨ। ਉਨ੍ਹਾਂ ਧਰਮਾਂ ਦੇ ਜ਼ਿਆਦਾਤਰ ਧਾਰਮਿਕ ਆਗੂ ਵੀ ਭ੍ਰਿਸ਼ਟ ਹੋ ਗਏ ਸਨ। ਗੁਰੂ ਨਾਨਕ ਦੇਵ ਜੀ ਨੇ ਲੋਕਾਈ ਨੂੰ ਇਨ੍ਹਾਂ ਕਰਮ-ਕਾਂਡਾਂ ਵਿੱਚੋਂ ਕੱਢ ਕੇ ਸਹੀ ਰਸਤੇ ਉੱਤੇ ਪਾਉਣ ਲਈ ਧਰਮ ਪ੍ਰਚਾਰ ਯਾਤਰਾਵਾਂ ਵੀ ਕੀਤੀਆਂ, ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ 'ਉਦਾਸੀਆਂ' ਕਿਹਾ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਉਦਾਸੀਆਂ ਦੌਰਾਨ ਜਿੱਥੇ ਵੀ ਗਏ, ਉੱਥੇ ਉਨ੍ਹਾਂ ਨੇ ਸੰਗਤ ਨੂੰ ਨਾਮ ਜਪਣ, ਪਰਮਾਤਮਾ ਦੀ ਸਿਫਤ-ਸਾਲਾਹ, ਸੇਵਾ ਕਰਨ ਅਤੇ ਉਚ-ਆਚਰਣ ਵਾਲਾ ਜੀਵਨ ਜਿਊਣ ਦਾ ਉਪਦੇਸ਼ ਦਿੱਤਾ। ਜਿਸ ਅਸਥਾਨ 'ਤੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਪਏ, ਉਹ ਅਸਥਾਨ ਸੰਗਤ ਲਈ ਪੂਜਣਯੋਗ ਹੋ ਗਿਆ। ਗੁਰੂ ਜੀ ਦੇ ਪਾਵਨ ਉਪਦੇਸ਼ ਸਰਵਣ ਕਰਨ ਲਈ ਸੰਗਤ ਇਕੱਤਰ ਹੋ ਜਾਂਦੀ। ਜਿਸ ਥਾਂ ਤੇ ਸੰਗਤ ਜੁੜਦੀ ਉਸ ਨੂੰ ਗੁਰੂ ਜੀ ਧਰਮਸਾਲ ਵਜੋਂ ਸਥਾਪਿਤ ਕਰ ਦਿੰਦੇ। ਉਹ ਸਾਂਝਾ ਅਸਥਾਨ ਜ਼ਿਆਦਾਤਰ ਕਿਸੇ ਸ਼ਰਧਾਲੂ ਦਾ ਘਰ ਹੀ ਹੁੰਦਾ ਸੀ, ਉਹ ਅਸਥਾਨ ਸਿੱਖੀ ਦੇ ਪ੍ਰਚਾਰ ਦਾ ਕੇਂਦਰ ਬਣ ਜਾਂਦਾ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਵਰੋਸਾਈ ਹੋਈ ਸਿੱਖ ਸੰਗਤ ਉਸ ਅਸਥਾਨ 'ਤੇ ਇਕੱਤਰ ਹੋ ਕੇ, ਗੁਰੂ ਸਾਹਿਬ ਦੇ ਉਪਦੇਸ਼ਾਂ ਦਾ ਪ੍ਰਚਾਰ ਅਤੇ ਪਰਮਾਤਮਾ ਦੀ ਕੀਰਤੀ ਗਾਇਣ ਕਰਦੀ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਪੰਜਾਬ ਤੋਂ ਬਾਹਰ ਦੇ ਰਾਜਾਂ (ਬਿਹਾਰ, ਉੱਤਰ ਪ੍ਰਦੇਸ਼ ਆਦਿ) ਵਿਚ ਸੰਗਤਾਂ ਸਥਾਪਿਤ ਕੀਤੀਆਂ ਹੋਈਆਂ ਹਨ, ਜਿਨ੍ਹਾਂ ਨੂੰ ਅੱਜ ਵੀ ਬੜੀ ਅਤੇ ਛੋਟੀ ਸੰਗਤ ਆਖਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ 'ਧਰਮਸਾਲ' ਸੰਸਥਾ ਨੂੰ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਵਿਚ 'ਗੁਰਦੁਆਰਾ' ਕਿਹਾ ਜਾਣ ਲੱਗ ਪਿਆ।

**ਧਰਮਸਾਲ: ਸ਼ਾਬਦਿਕ ਅਰਥ ਅਤੇ ਪਰਿਭਾਸ਼ਾ**

ਹਰ ਧਰਮ ਵਿਚ ਧਾਰਮਿਕ ਅਸਥਾਨ ਦਾ ਬਹੁਤ ਮਹੱਤਵ ਹੁੰਦਾ ਹੈ ਕਿਉਂਕਿ ਉੱਥੇ ਉਸ ਧਰਮ ਦੇ ਧਰਮ ਗ੍ਰੰਥਾਂ ਦੇ ਪ੍ਰਵਚਨਾਂ ਦਾ ਪ੍ਰਚਾਰ ਕੀਤਾ ਜਾਂਦਾ ਹੈ ਅਤੇ

** ਸ੍ਰੀ ਗੁਰੂ ਗੋਬਿੰਦ ਸਿੰਘ ਅਧਿਐਨ ਅਤੇ ਖੋਜ ਵਿਭਾਗ, ਲੈਮਰਿਨ ਟੈਕ ਸਕਿਲਜ਼ ਯੂਨੀਵਰਸਿਟੀ ਪੰਜਾਬ। ਮੋ. ੮੧੪੬੩-੮੭੩੮੮*

ਅਨੁਯਾਈਆਂ ਨੂੰ ਧਾਰਮਿਕ ਜੀਵਨ-ਜਾਚ ਦ੍ਰਿੜ੍ਹ ਕਰਵਾਈ ਜਾਂਦੀ ਹੈ। ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਸਿੱਖਾਂ ਦੀ ਇਸ ਧਾਰਮਿਕ ਅਤੇ ਅਧਿਆਤਮਕ ਲੋੜ ਦੀ ਪੂਰਤੀ ਹਿੱਤ ਧਾਰਮਿਕ ਅਸਥਾਨਾਂ ਦੀ ਸਥਾਪਨਾ ਕੀਤੀ, ਜਿਸ ਨੂੰ ਪਹਿਲਾਂ-ਪਹਿਲ 'ਧਰਮਸਾਲ' ਆਖਿਆ ਜਾਂਦਾ ਸੀ। ਧਰਮਸਾਲ ਦੇ ਸ਼ਾਬਦਿਕ ਅਰਥ ਅਤੇ ਪਰਿਭਾਸ਼ਾਵਾਂ ਨਿਮਨ ਅਨੁਸਾਰ ਹਨ;

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ, "ਧਰਮਸ਼ਾਲਾ, ਧਰਮਮੰਦਿਰ। ੨. ਬਿਨਾ ਕਰਾਇਆ ਲੈਣ ਦੇ ਜਿਸ ਮਕਾਨ ਵਿਚ ਮੁਸਾਫ਼ਿਰਾਂ ਨੂੰ ਨਿਵਾਸ ਦਿੱਤਾ ਜਾਵੇ। ੩. ਸਿੱਖਾਂ ਦਾ ਧਰਮਅਸਥਾਨ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਅਤਿਥਿ ਨੂੰ ਅੰਨ ਮਿਲੇ, ਅਰ ਵਿਦਯਾ ਸਿਖਾਈ ਜਾਵੇ। ੪. ਧਰਮ ਕਮਾਉਣ ਦੀ ਥਾਂ"[੧] ਹੈ। ਇਸਦੇ ਨਾਲ ਹੀ ਉਹ ਧਰਮਸਾਲ ਬਾਰੇ ਲਿਖਦੇ ਹਨ ਕਿ "ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਤਕ ਸਿੱਖਾਂ ਦੇ ਧਰਮਮੰਦਿਰ ਦਾ ਨਾਮ 'ਧਰਮਸਾਲਾ' ਰਿਹਾ ਹੈ।"[੨]

ਭਾਈ ਵੀਰ ਸਿੰਘ ਨੇ ਧਰਮਸਾਲ ਬਾਰੇ ਇਸ ਤਰ੍ਹਾਂ ਲਿਖਿਆ ਹੈ, "ਧਰਮ ਦੀ ਥਾਂ, ਜਿਥੇ ਧਰਮ ਅਧਰਮ ਦਾ ਵਿਚਾਰ ਹੋਵੇ, ਜਿਥੇ ਕੀਰਤਨ, ਭਜਨ ਬੰਦਗੀ, ਨੇਕੀ ਦਾ ਸਾਮਾਨ ਤੇ ਸਿਖਯਾ ਦਾ ਪ੍ਰਬੰਧ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤੇ ਸਿਖ ਮਰਯਾਦਾ ਅਨੁਸਾਰ ਉਪਾਸ਼ਨਾ ਹੁੰਦੀ ਹੋਵੇ।"[੩]

ਹਰੀ ਰਾਮ ਗੁਪਤਾ ਆਪਣੀ ਪੁਸਤਕ ਹਿਸਟਰੀ ਆਫ਼ ਸਿੱਖਸ ਵਿਚ ਲਿਖਦੇ ਹਨ ਕਿ ਧਰਮਸਾਲ ਉਹ ਸਥਾਨ ਹੈ, ਜਿੱਥੇ ਸਿੱਖ ਇਕੱਤਰ ਹੋ ਕੇ ਗੁਰਬਾਣੀ ਪੜ੍ਹਦੇ ਹਨ। ਸ਼ੁਰੂ-ਸ਼ੁਰੂ ਵਿਚ ਇਹ ਧਾਰਮਿਕ ਇਕੱਤਰਤਾ ਕਿਸੇ ਸ਼ਰਧਾਲੂ ਸਿੱਖ ਦੇ ਘਰ ਹੁੰਦੀ ਸੀ। ਇਸ ਮਕਸਦ ਲਈ ਇਕ ਵਿਸ਼ੇਸ਼ ਕਮਰਾ ਰੱਖਿਆ ਹੁੰਦਾ ਸੀ। ਜਦੋਂ ਸਿੱਖ ਸੰਗਤਾਂ ਦੀ ਗਿਣਤੀ ਵਧਣ ਲੱਗੀ ਤਾਂ ਸੰਗਤਾਂ ਧਰਮਸਾਲ ਵਿਚ ਇਕੱਤਰ ਹੋਣ ਲੱਗ ਪਈਆਂ।[੪]

ਡਾ. ਜਸਵੰਤ ਸਿੰਘ ਨੇਕੀ ਧਰਮਸਾਲ/ਸੰਗਤ ਬਾਰੇ ਇੰਵ ਲਿਖਦੇ ਹਨ- "ਸ੍ਰੀ ਗੁਰੂ ਨਾਨਕ ਦੇਵ ਜੀ ਜਿੱਥੇ-ਜਿੱਥੇ ਜਾਂਦੇ ਰਹੇ, ਸੰਗਤਾਂ ਸਥਾਪਿਤ ਕਰਦੇ ਰਹੇ। ਧਰਮਸਾਲ ਇਨ੍ਹਾਂ ਦੇ ਮਿਲ ਬੈਠਣ ਦਾ ਅਸਥਾਨ ਸੀ। ਜਦ ਤਕ ਧਰਮਸਾਲ ਨਹੀਂ ਸੀ ਹੁੰਦੀ, ਸੰਗਤ ਕਦੇ ਕਿਸੇ ਘਰ, ਕਦੇ ਕਿਸੇ ਘਰ, ਮਿਲ ਬੈਠਦੀ ਸੀ। ਇਸ ਨੂੰ ਛੋਟੀ ਸੰਗਤ ਆਖਦੇ ਸਨ। ਜਦੋਂ ਧਰਮਸਾਲ ਸਥਾਪਿਤ ਹੋ ਜਾਂਦੀ ਤਾਂ ਉਹ ਬੜੀ ਸੰਗਤ ਅਖਵਾਉਂਦੀ ਸੀ। ਜਦੋਂ ਸੰਗਤ ਦਾ ਸੰਬੰਧ ਧਰਮਸਾਲ ਨਾਲ ਪੱਕੀ ਤਰ੍ਹਾਂ ਜੁੜ ਜਾਂਦਾ ਤੇ ਸੰਗਤੀਏ ਉੱਥੇ ਹਾਜ਼ਰੀ ਭਰਨੀ ਅਨਿਵਾਰੀ ਜਾਣਨ ਲਗ ਪੈਂਦੇ ਤੇ ਉੱਥੋਂ ਦੀ ਸੇਵਾ-ਸੰਭਾਲ ਵੱਡੀ ਲਗਨ ਨਾਲ ਕਰਨ ਲਗਦੇ ਤਾਂ ਉਹ ਪੱਕੀ ਸੰਗਤ ਕਹਾਉਂਦੀ ਸੀ।"[੫]

ਰਤਨ ਸਿੰਘ ਜੱਗੀ ਅਨੁਸਾਰ ਧਰਮਸਾਲ ਤੋਂ ਭਾਵ, 'ਧਰਮ ਕਮਾਉਣ ਦਾ ਸਥਾਨ' ਹੈ। 'ਜਪੁਜੀ' ਵਿਚ ਗੁਰੂ ਨਾਨਕ ਦੇਵ ਜੀ ਨੇ ਧਰਤੀ ਨੂੰ 'ਧਰਮਸਾਲ' ਕਿਹਾ ਹੈ ਕਿਉਂਕਿ ਇਹੀ ਸਥਾਨ ਹੈ ਜਿੱਥੇ ਮਨੁੱਖ ਦੇਹ ਧਾਰਨ ਕਰਕੇ ਧਰਮ-ਕਰਮ ਕਰਦਾ ਹੈ।"[੬]

ਉਪਰੋਕਤ ਸ਼ਾਬਦਿਕ ਅਰਥਾਂ ਅਤੇ ਪਰਿਭਾਸ਼ਾਵਾਂ ਨੂੰ ਦੇਖਦੇ ਹੋਏ ਇਹ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿਚ ਧਰਮਸਾਲ ਦਾ ਬਹੁਤ ਮਹੱਤਵ ਹੈ ਅਤੇ ਧਰਮਸਾਲ ਵਿਚ ਸਿੱਖ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਨੂੰ ਸਰਵਣ ਕਰਨ ਅਤੇ ਕੀਰਤੀ ਗਾਇਨ ਲਈ ਇਕੱਤਰ ਹੁੰਦੇ ਸਨ। ਇਸ ਤੋਂ ਇਲਾਵਾ ਧਰਮਸਾਲ ਨੂੰ ਧਰਮ ਕਮਾਉਣ ਦੇ ਅਸਥਾਨ ਵਜੋਂ ਵੀ ਜਾਣਿਆ ਜਾਂਦਾ ਹੈ।

**ਗੁਰਬਾਣੀ ਅਨੁਸਾਰ ਧਰਮਸਾਲ**

ਗੁਰਬਾਣੀ ਵਿਚ 'ਧਰਮਸ਼ਾਲ' ਸ਼ਬਦ ਦੀ ਵਰਤੋਂ ਕੀਤੀ ਗਈ ਹੈ ਇਸ ਦੇ ਨਾਲ ਹੀ ਧਰਮਸਾਲ ਦੇ ਸਮਾਨਾਰਥੀ ਸ਼ਬਦ 'ਗੁਰਦੁਆਰਾ' ਦਾ ਵਰਣਨ ਵੀ ਪ੍ਰਾਪਤ ਹੁੰਦਾ ਹੈ। ਸਿਰਫ ਉਸ ਅਸਥਾਨ ਨੂੰ ਹੀ ਧਰਮਸ਼ਾਲ ਆਖਿਆ ਜਾ ਸਕਦਾ ਸੀ ਜਿੱਥੇ ਪਰਮਾਤਮਾ ਦੀ ਮਹਿਮਾ ਦਾ ਗਾਇਨ ਹੁੰਦਾ ਹੋਵੇ। ਗੁਰਬਾਣੀ ਵਿਚ ਕਰੋੜਾਂ ਬ੍ਰਹਮੰਡਾਂ ਨੂੰ ਧਰਮਸਾਲ ਦੇ ਸਰੂਪ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਭਾਵ ਅਣਗਿਣਤ ਬ੍ਰਹਮੰਡ ਹੀ ਧਰਮ ਕਮਾਉਣ ਦਾ ਸਥਾਨ ਹਨ:

*ਕੋਟਿ ਬ੍ਰਹਮੰਡ ਜਾ ਕੇ ਧ੍ਰਮਸਾਲ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫੬)*

ਇਸ ਤੋਂ ਇਲਾਵਾ ਗੁਰਬਾਣੀ ਵਿਚ ਸਮੁੱਚੀ ਧਰਤੀ ਨੂੰ ਵੀ ਧਾਰਮਿਕ ਕਿਰਿਆਵਾਂ ਕਰਨ ਦੀ ਜਗ੍ਹਾ ਭਾਵ ਧਰਮਸਾਲ ਆਖਿਆ ਗਿਆ ਹੈ। ਗੁਰਮਤਿ ਅਨੁਸਾਰ ਮਨੁੱਖਾ ਜੀਵਨ ਦਾ ਮਨੋਰਥ ਹੀ ਪਰਮਾਤਮਾ ਦਾ ਨਾਮ ਜਪਣਾ ਹੈ ਅਤੇ ਉਸ ਨੇ ਧਰਤੀ ਉਤੇ ਰਹਿੰਦੇ ਹੋਏ, ਹਰ ਸੁਆਸ ਨਾਲ ਨਾਮ ਜਪਣਾ ਹੈ। ਇਸ ਲਈ ਗੁਰਬਾਣੀ ਵਿਚ ਸਗਲੀ ਧਰਤੀ ਨੂੰ ਹੀ ਧਰਮਸਾਲ ਦੀ ਸੰਗਿਆ ਦਿੱਤੀ ਗਈ ਹੈ:

*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭)*

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਮੈਂ ਸਤਿਸੰਗਤਿ ਕਰਨ ਲਈ ਸੱਚੀ ਧਰਮਸਾਲ ਬਣਾਈ ਹੈ ਅਤੇ ਗੁਰੂ ਦੀ ਸਿੱਖਿਆ ਨੂੰ ਇੱਥੋਂ ਭਾਲ ਕੇ ਪ੍ਰਾਪਤ ਕਰਦਾ ਹਾਂ:

*ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੩)*

ਇਸ ਦੇ ਨਾਲ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਣੀ ਵਿਚ ਇਕ ਹੋਰ ਥਾਂ 'ਤੇ ਧਰਮਸਾਲ ਦਾ ਵਰਣਨ ਕਰਦਿਆਂ ਧਰਮ ਕਮਾਉਣ ਅਤੇ ਪਰਮਾਤਮਾ ਦੀ ਕੀਰਤੀ ਗਾਉਣ ਵਾਲਾ ਅਸਥਾਨ ਆਖਿਆ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ

ਪਰਮਾਤਮਾ ਦੇ ਊਚੇ ਮੰਦਰ ਹਨ ਜਿਨ੍ਹਾਂ ਦਾ ਪਾਰ ਨਹੀਂ ਪਇਆ ਜਾ ਸਕਦਾ। ਉਨ੍ਹਾਂ ਮੰਦਰ ਰੂਪ ਧਰਮਸਾਲਾ ਵਿਚ ਸੰਤ-ਜਨ ਬੈਠੇ ਸੋਭਦੇ ਹਨ ਅਤੇ ਉੱਥੇ ਸੰਤ-ਜਨ ਸਦਾ ਹੀ ਪਰਮਾਤਮਾ ਦੀ ਕੀਰਤੀ ਗਾਉਂਦੇ ਹਨ:

*ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ॥*
*ਮੋਹਨ ਤੇਰੇ ਸੋਹਨਿ ਦੁਆਰ ਜੀਉ ਸੰਤ ਧਰਮ ਸਾਲਾ॥*
*ਧਰਮ ਸਾਲ ਅਪਾਰ ਦੈਆਰ ਠਾਕੁਰ ਸਦਾ ਕੀਰਤਨੁ ਗਾਵਹੇ॥*
*ਜਹ ਸਾਧ ਸੰਤ ਇਕਤ੍ਰ ਹੋਵਹਿ ਤਹਾ ਤੁਝਹਿ ਧਿਆਵਹੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੪੮)*

ਮਹਾਨ ਸਿੱਖ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਧਰਮਸਾਲ ਦੀ ਤੁਲਨਾ ਮਾਨਸਰੋਵਰ ਨਾਲ ਕੀਤੀ ਹੈ, ਜਿੱਥੇ ਵੱਸਣ ਵਾਲੇ ਗੁਰਸਿੱਖ ਨੂੰ ਹੰਸਾਂ ਨਾਲ ਤਸ਼ਬੀਹ ਦਿੱਤੀ ਹੈ ਅਤੇ ਉਹਨਾਂ ਨੂੰ 'ਵਾਹੁ' ਆਖ ਕੇ ਸਰਾਹਨਾ ਕੀਤੀ ਹੈ:

*ਧਰਮਸਾਲ ਹੈ ਮਾਨਸਰੁ ਹੰਸ ਗੁਰਸਿਖ ਵਾਹੁ।* *(ਵਾਰ ੯:੧੪)*

## ਪਹਿਲੀ ਧਰਮਸਾਲ ਦੀ ਸਥਾਪਨਾ ਅਤੇ ਕਾਰਜ-ਸ਼ੈਲੀ

ਸ੍ਰੀ ਗੁਰੂ ਨਾਨਕ ਦੇਵ ਜੀ ਨੇ *ਚੜਿਆ ਸੋਧਣ ਧਰਤਿ ਲੋਕਾਈ* ਦੇ ਮਿਸ਼ਨ ਲਈ ਪ੍ਰਚਾਰ ਯਾਤਰਾਵਾਂ ਭਾਵ ਉਦਾਸੀਆਂ ਅਰੰਭ ਕੀਤੀਆਂ। ਪਹਿਲੀ ਉਦਾਸੀ ਦੌਰਾਨ ਗੁਰੂ ਜੀ ਨੇ ਸੱਜਣ ਨਾਂ ਦੇ ਵਿਅਕਤੀ ਦੇ ਘਰ ਆਪਣਾ ਟਿਕਾਣਾ ਕੀਤਾ। ਗੁਰੂ ਜੀ ਨੇ ਗ਼ਲਤ ਰਸਤੇ ਉਤੇ ਪਏ ਸੱਜਣ ਨਾਂ ਦੇ ਵਿਅਕਤੀ ਨੂੰ ਉਪਦੇਸ਼ ਦੇ ਕੇ ਸੱਚ ਦੇ ਮਾਰਗ ਉੱਤੇ ਤੋਰਿਆ ਅਤੇ ਉਸ ਦੇ ਘਰ ਵਿਚ ਪਹਿਲੀ ਧਰਮਸਾਲ ਦੀ ਸਥਾਪਨਾ ਕੀਤੀ ਅਤੇ ਉਸ ਨੂੰ ਧਰਮਸਾਲ ਦਾ ਪ੍ਰਚਾਰਕ ਥਾਪਿਆ।[੭]

ਜਿਸ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਸਾਹਿਬ ਵਿਖੇ ਸਥਾਈ ਟਿਕਾਣਾ ਕੀਤਾ। ਉੱਥੇ ਗੁਰੂ ਜੀ ਨੇ ਆਪਣੇ ਹੱਥੀਂ ਖੇਤੀ ਕੀਤੀ, ਧਰਮ ਪ੍ਰਚਾਰ ਦਾ ਕੇਂਦਰ ਸਥਾਪਿਤ ਕੀਤਾ ਅਤੇ ਕਈ ਬਾਣੀਆਂ ਉਚਾਰਨ ਕੀਤੀਆਂ।[੮] ਗੁਰੂ ਨਾਨਕ ਦੇਵ ਜੀ ਦੇ ਕਰਤਾਰਪੁਰ ਨਿਵਾਸ ਅਤੇ ਸਾਧਸੰਗਤ ਰੂਪੀ ਸੱਚਖੰਡ ਵਸਾਉਣ ਬਾਰੇ ਭਾਈ ਗੁਰਦਾਸ ਜੀ ਨੇ ਇੰਵ ਲਿਖਿਆ ਹੈ:

*ਸਤਿ ਰੂਪੁ ਸਤਿ ਨਾਮੁ ਕਰਿ ਸਤਿਗੁਰ ਨਾਨਕ ਦੇਉ ਜਪਾਇਆ।*
*ਧਰਮਸਾਲ ਕਰਤਾਰਪੁਰੁ ਸਾਧਸੰਗਤਿ ਸਚ ਖੰਡੁ ਵਸਾਇਆ।*
*ਵਾਹਿਗੁਰੂ ਗੁਰ ਸਬਦੁ ਸੁਣਾਇਆ॥* *(ਵਾਰ ੨੪:੧)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਖੇ ਨਿਵਾਸ ਸਮੇਂ ਧਰਮਸਾਲ ਸਥਾਪਿਤ ਕਰਨ ਉਪਰੰਤ ਉੱਥੇ ਰੋਜਾਨਾ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਇਕ ਮਰਯਾਦਾ ਨਿਰਧਾਰਿਤ ਕੀਤੀ, ਜਿਸ ਸਬੰਧੀ ਭਾਈ ਗੁਰਦਾਸ ਜੀ ਨੇ ਇੰਵ ਲਿਖਿਆ ਹੈ:

*ਬਾਣੀ ਮੁਖਹੁ ਉਚਾਰੀਐ ਹੁਇ ਰੁਸਨਾਈ ਮਿਟੈ ਅੰਧਾਰਾ।*

*ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ।*
*ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ॥ (ਵਾਰ ੧:੩੮)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮਸਾਲ ਦੀ ਸਥਾਪਤੀ ਦੇ ਨਾਲ ਇਕ ਗੁਰਮੁਖ ਦੀ ਜੀਵਨ-ਸ਼ੈਲੀ ਨੂੰ ਨਿਰਧਾਰਿਤ ਕਰਨ ਲਈ ਖੁਦ ਵੀ ਉਸ ਤਰ੍ਹਾਂ ਦੀ ਜੀਵਨ-ਜਾਚ ਅਪਣਾਅ ਕੇ ਆਪਣੇ ਅਨੁਯਾਈਆਂ ਦਾ ਮਾਰਗ-ਦਰਸ਼ਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪ ਖੇਤੀ ਕਰਨ ਨੂੰ ਆਪਣੀ ਕਿਰਤ ਵਜੋਂ ਨਿਭਾਇਆ। ਵੰਡ ਛਕਣ ਦੇ ਸਿਧਾਂਤ ਨੂੰ ਵਿਹਾਰਿਕ ਰੂਪ ਦਿੰਦਿਆਂ, ਲੰਗਰ ਚਲਾਇਆ ਅਤੇ ਸੰਗਤ ਦੀ ਸਥਾਪਨਾ ਕਰਕੇ ਆਪ ਵੀ ਪਰਮਾਤਮਾ ਦਾ ਨਾਮ ਸਿਮਰਨ ਕੀਤਾ ਅਤੇ ਹੋਰਨਾਂ ਨੂੰ ਵੀ ਨਾਮ ਜਪਣ ਦਾ ਉਪਦੇਸ਼ ਦ੍ਰਿੜ੍ਹ ਕਰਵਾਇਆ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਧਰਮਸਾਲ ਦਾ ਸਮੁੱਚਾ ਮਨੋਰਥ ਮਨੁੱਖਤਾ ਸਾਹਮਣੇ ਪੇਸ਼ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਪ੍ਰਚਾਰ ਉਦਾਸੀਆਂ ਅਤੇ ਕਰਤਾਰਪੁਰ ਵਿਖੇ ਦਿੱਤੇ ਉਪਦੇਸ਼ਾਂ ਤੋਂ ਬਾਅਦ ਸਿੱਖ ਆਪੋ-ਆਪਣੇ ਘਰਾਂ ਵਿਚ ਹੀ ਸਤਿਸੰਗਤਿ ਕਰਨ ਲੱਗ ਪਏ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਹਰ ਸਿੱਖ ਦਾ ਘਰ ਧਰਮ ਦੇ ਪ੍ਰਚਾਰ ਕੇਂਦਰ ਵਜੋਂ ਕਾਰਜਸ਼ੀਲ ਹੋ ਗਿਆ ਸੀ ਭਾਵ ਕਿ ਹਰ ਸਿੱਖ ਦੇ ਘਰ ਪਰਮਾਤਮਾ ਦੀ ਕੀਰਤੀ ਗਾਈ ਜਾਂਦੀ ਅਤੇ ਗੁਰਮਤਿ ਵਿਚਾਰਾਂ ਕੀਤੀਆਂ ਜਾਣ ਲੱਗੀਆਂ:

*ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ। (ਵਾਰ ੧:੨੭)*

ਇਨ੍ਹਾਂ ਧਰਮਸਾਲਾਵਾਂ ਵਿਚ ਹੋਣ ਵਾਲੇ ਨਿਤਾਪ੍ਰਤੀ ਦੇ ਧਾਰਮਿਕ ਕਾਰਜਾਂ ਨੇ ਸਿੱਖਾਂ ਦੀ ਵਿਲੱਖਣ ਹੋਂਦ ਨੂੰ ਸਿੱਧ ਕਰ ਦਿੱਤਾ। ਧਰਮਸਾਲ ਵਿਚ ਕਰਮ-ਕਾਂਡਾਂ ਜਾਂ ਹੋਰ ਆਡੰਬਰਾਂ ਲਈ ਕੋਈ ਸਥਾਨ ਨਹੀਂ ਸੀ, ਬਲਕਿ ਉੱਥੇ ਇਕ ਅਕਾਲ ਪੁਰਖ ਦੀ ਹੀ ਸਿਫਤ-ਸਾਲਾਹ ਕੀਤੀ ਜਾਂਦੀ ਸੀ।

## ਧਾਰਮਿਕ/ਇਤਿਹਾਸਿਕ ਗ੍ਰੰਥਾਂ ਵਿਚ ਧਰਮਸਾਲ ਦੀ ਮਹਿਮਾ

ਸਿੱਖੀ ਦੇ ਪਹਿਲੇ ਵਿਆਖਿਆਕਾਰ ਭਾਈ ਗੁਰਦਾਸ ਜੀ ਧਰਮਸਾਲ ਸੰਬੰਧੀ ਲਿਖਦੇ ਹਨ ਕਿ ਧਰਮ ਕਮਾਉਣ ਲਈ ਸਾਰੀ ਧਰਤੀ ਹੀ ਸੱਚੀ ਧਰਮਸਾਲ ਹੈ:

*ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ। (ਵਾਰ ੩੪:੧)*

ਕਵੀ ਸੈਨਾਪਤਿ ਨੇ ਧਰਮਸਾਲ ਦੀ ਉਸਤਤਿ ਵਿਚ ਲਿਖਿਆ ਹੈ ਕਿ ਜਿਹੜੀ ਸੰਗਤ ਧਰਮਸਾਲ ਵਿਚ ਆਉਂਦੀ ਹੈ, ਉੱਥੇ ਉਹ ਪਾਰਬ੍ਰਹਮ ਦਾ ਦਰਸ਼ਨ ਕਰਦੀ ਹੈ। ਗੁਰੂ ਅਤੇ ਸੰਗਤ ਵਿਚ ਕੋਈ ਭੇਦ ਨਹੀਂ ਹੁੰਦਾ। ਮੁਨੀ ਜਨ ਇਸ ਕਥਾ ਦਾ ਵਖਿਆਨ ਕਰਦੇ ਹਨ। ਧਰਮਸਾਲ ਅੰਦਰ ਗੁਰੂ ਦੇ ਦਰਸ਼ਨ ਕਰਨ ਨਾਲ ਦੁਰਮਤਿ ਦੀ ਮੈਲ ਉਤਰਦੀ ਹੈ ਅਤੇ ਗਿਆਨ ਉਪਜਦਾ ਹੈ। ਵਿਅਕਤੀ ਕੋਈ ਵੀ ਇੱਛਾ ਮਨ ਵਿਚ ਲੈ ਕੇ ਧਰਮਸਾਲ ਵਿਖੇ ਆਉਂਦਾ ਹੈ, ਉਸ ਦੀ ਪੂਰਤੀ ਅਰਦਾਸ ਕਰਨ ਨਾਲ

ਹੋ ਜਾਂਦੀ ਹੈ:

*ਧਰਮਸਾਲ ਸੰਗਤਿ ਜਬਿ ਆਵੈ। ਦਰਸਨ ਪਾਰਬ੍ਰਹਮ ਕੋ ਪਾਵੈ।*
*ਗੁਰ ਸੰਗਤਿ ਕਛੁ ਭੇਦ ਨਾ ਹੋਈ। ਮੁਨ ਜਨ ਕਥਾ ਬਖਾਨਤ ਸੋਈ॥੧੨॥੨੦੭॥*
*ਕਰ ਦਰਸਨ ਦੁਰਮਤਿ ਮਲ ਛੀਜੈ। ਉਪਜੈ ਗਿਆਨ ਭਲਾ ਕਛੁ ਕੀਜੈ।*
*ਇੱਛਾ ਮਨ ਮੈ ਜੋ ਕਛੁ ਆਵੈ। ਕਰਿ ਅਰਦਾਸ ਤੁਰਤ ਹੀ ਪਾਵੈ॥੧੩॥੨੦੮॥*[੯]

ਭਾਈ ਸੰਤੋਖ ਸਿੰਘ ਨੇ ਧਰਮਸਾਲ (ਧਾਰਮਿਕ ਅਸਥਾਨ) ਨੂੰ ਹੇਠ ਲਿਖੇ ਅਨੁਸਾਰ ਪਰਿਭਾਸ਼ਿਤ ਕੀਤਾ ਹੈ ਕਿ ਜਿੱਥੇ ਸਤਿਸੰਗਤਿ ਇਕੱਠੀ ਹੋਵੇ, ਕਥਾ-ਕੀਰਤਨ ਹੁੰਦਾ ਹੋਵੇ। ਧਰਮਸਾਲ ਵਿਚ ਸਵੇਰੇ-ਸ਼ਾਮ ਨੂੰ ਜਾਵੋ ਅਤੇ ਆਪਣੇ ਮਨ ਵਿਚ ਗੁਰੂ ਦੀ ਪ੍ਰੀਤ ਧਾਰਨ ਕਰਕੇ ਰੰਗ ਲਾਵੋ। ਜਿਸ ਸਿੱਖ ਵਿਚ ਯੋਗ ਸਮਰੱਥਾ ਹੋਵੇ, ਉਹ ਆਪ ਧਰਮਸ਼ਾਲਾ ਬਣਵਾਏ ਅਤੇ ਉਸ ਵਿਚ ਸਿੱਖਾਂ ਨੂੰ ਟਿਕਾਵੇ ਅਤੇ ਮੁਸਾਫਰਾਂ ਨੂੰ ਭੋਜਨ ਛਕਾਵੇ। ਪਰਮਾਤਮਾ ਦੇ ਨਾਮ ਦਾ ਸਿਮਰਨ ਮਿਲ ਕੇ ਕਰਨ। ਅਜਿਹੀ ਧਰਮਸਾਲ ਮਹਾਤਮ ਵਰਣਨ ਨਹੀਂ ਕੀਤਾ ਜਾ ਸਕਦਾ। ਸਹਿਯੋਗ ਇਕ ਸਿੱਖ ਦੇਵੇ ਜਾਂ ਸਾਰੇ ਸਿੱਖ ਮਿਲ ਕੇ ਦੇਣ,. ਗਰੀਬਾਂ ਦੀ ਸੇਵਾ ਕਰਕੇ, ਪ੍ਰਭੂ ਦਾ ਨਾਮ ਸਿਮਰਨ ਕਰੋ। ਇਸ ਦਾ ਮਹਾਤਮ ਬਿਆਨ ਨਹੀਂ ਕੀਤਾ ਜਾ ਸਕਦਾ, ਇਸ ਦੇ ਬਰਾਬਰ ਕੋਈ ਵੀ ਪੁੰਨ ਨਹੀਂ ਹੈ। ਇਸ ਸੰਸਾਰ ਵਿਚ ਬਹੁਤ ਸੁੱਖ ਪ੍ਰਾਪਤ ਹੁੰਦਾ ਹੈ ਅਤੇ ਅੰਤ ਸਮੇਂ ਗੁਰੂ ਪਾਸ ਨਿਵਾਸ ਮਿਲਦਾ ਹੈ:

*ਜਹਿਂ ਸਤਿਸੰਗਤਿ ਕੋ ਸਮੁਦਾਇ। ਕਥਾ ਕੀਰਤਨ ਕਰਹਿਂ ਬਨਾਇ।*
*ਤਹਾਂ ਜਾਇ ਸੰਧਯਾ ਅਰੁ ਪ੍ਰਾਤੀ। ਧਰਹੁ ਪ੍ਰੀਤ ਕਰਿ ਮਤਿ ਕੋ ਰਾਤੀ॥੨੪॥*
*ਜਿਸ ਮਹਿਂ ਯਥਾ ਸ਼ਕਤਿ ਹੁਇ ਆਵਹਿ। ਧਰਮਸਾਲ ਆਪੇ ਬਨਵਾਵਹਿ।*
*ਤਿਸ ਮੈਂ ਰਾਖਹਿ ਸਿੱਖ ਟਿਕਾਇ। ਪੰਥੀ ਕੋ ਭੋਜਨ ਮਿਲਿ ਜਾਇ॥੨੫॥*
*ਇਕ ਸਿਖ ਦੇਹਿ, ਕਿ ਸਭਿ ਮਿਲ ਦੇਵੈਂ। ਸਿਮਰਹਿਂ ਨਾਮ ਸੁਜਨ ਕੋ ਸੇਵੈਂ।*
*ਕਹਾਂ ਮਹਾਤਮ ਇਸ ਕੋ ਕਹਿਯਹਿ। ਪੁੰਨ ਪਦਾਰਥ ਸਮ ਨਹਿਂ ਲਹਿਯਹਿ॥੨੬॥*
*ਇਸ ਜਗ ਮਹਿਂ ਸੁਖ ਪਾਇ ਘਨੇਰਾ। ਅੰਤ ਗੁਰੂ ਢਿਗ ਲਹੈ ਬਸੇਰਾ।*[੧੦]

ਸਾਰ ਵਜੋਂ ਆਖਿਆ ਜਾ ਸਕਦਾ ਹੈ ਕਿ ਜਿਵੇਂ ਹਰ ਧਰਮ ਦੇ ਵਿਚ ਧਾਰਮਿਕ ਅਸਥਾਨ ਬਹੁਤ ਮਹੱਤਤਾ ਰੱਖਦਾ ਹੈ। ਉਸੇ ਤਰ੍ਹਾਂ ਸਿੱਖ ਧਰਮ ਦਾ ਧਾਰਮਿਕ ਅਸਥਾਨ 'ਧਰਮਸਾਲ' ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਥਾਪਿਤ ਕੀਤਾ, ਜੋ ਕਿ ਸਿੱਖਾਂ ਦੇ ਧਾਰਮਿਕ, ਅਧਿਆਤਮਕ ਮਾਰਗ ਵਿਚ ਰਾਹਨੁਮਾਈ ਕਰਦਾ ਹੈ। ਸਿੱਖ ਧਰਮਸਾਲਾਵਾਂ ਨੇ ਸਿੱਖ ਧਰਮ ਦੇ ਪ੍ਰਚਾਰ-ਪਾਸਾਰ ਵਿਚ ਬਹੁਤ ਅਹਿਮ ਯੋਗਦਾਨ ਪਾਇਆ। ਧਰਮਸਾਲ ਦਾ ਗੁਰਸਿੱਖ ਮੁਖੀ, ਇਕੱਤਰ ਹੋਈ ਸੰਗਤ ਨੂੰ ਧਰਮ ਦੀ ਸਿੱਖਿਆ ਦਿੰਦਾ। ਸੰਗਤ ਰੱਬੀ ਨਾਮ ਦਾ ਜਾਪ ਅਤੇ ਪਰਮਾਤਮਾ ਦੀ ਕੀਰਤੀ ਗਾਇਨ ਕਰਦੀ। ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਤਕ ਸਿੱਖ

ਧਾਰਮਿਕ ਅਸਥਾਨ ਨੂੰ ਧਰਮਸਾਲ ਆਖਿਆ ਜਾਂਦਾ ਰਿਹਾ ਅਤੇ ਛੇਵੇਂ ਪਾਤਸਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਸਮੇਂ ਤੋਂ ਧਰਮਸਾਲ ਨੂੰ 'ਗੁਰਦੁਆਰਾ' ਆਖਿਆ ਜਾਣ ਲੱਗ ਪਿਆ। ਦਸ ਗੁਰੂ ਸਾਹਿਬਾਨ ਦੇ ਸਮੇਂ ਵਿਚ ਗੁਰਦੁਆਰੇ ਵਿਚ ਹੋਣ ਵਾਲੇ ਨਿਤਾਪ੍ਰਤੀ ਕਾਰਜ ਵੀ ਨਿਰਧਾਰਿਤ ਹੋ ਗਏ ਅਤੇ ਇਸ ਦੇ ਨਾਲ ਹੋਰ ਸਹੂਲਤਾਂ ਲੰਗਰ, ਸਰਾਵਾਂ (ਵਿਸ਼ਰਾਮਘਰ), ਸ਼ਫ਼ਾਖਾਨਾ ਆਦਿ ਵੀ ਜੁੜ ਗਏ ਸਨ। ਧਰਮਸਾਲ ਦੇ ਇਸ ਨਵੇਂ ਰੂਪ ਵਿੱਚੋਂ ਮਨੁੱਖ ਦੀਆਂ ਧਾਰਮਿਕ/ਅਧਿਆਤਮਕ ਜਰੂਰਤਾਂ ਦੇ ਨਾਲ-ਨਾਲ ਸਰੀਰਕ ਲੋੜਾਂ ਦੀ ਵੀ ਪੂਰਤੀ ਹੋਣ ਲੱਗ ਪਈ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਸਿੱਖ ਧਾਰਮਿਕ ਅਸਥਾਨ ਅਜੋਕੇ ਸਮੇਂ ਵਿਚ ਦੁਨੀਆ ਦੇ ਹਰ ਕੋਨੇ ਸਿੱਖੀ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਹੋਰਨਾਂ ਖੇਤਰਾਂ ਵਿਚ ਵੀ ਆਪਣੀਆਂ ਸੇਵਾਵਾਂ ਨਿਭਾਅ ਰਹੇ ਹਨ।

**ਹਵਾਲੇ :**


**੧.** ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* ਪੰਨਾ ੬੬੨. ਇੰਦਰਾਜ ਧਰਮਸਾਲ.

**੨.** ਭਾਈ ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼,* . ਇੰਦਰਾਜ ਗੁਰਦੁਆਰਾ.

**੩.** ਭਾਈ ਵੀਰ ਸਿੰਘ, *ਸ੍ਰੀ ਗੁਰੂ ਗ੍ਰੰਥ ਸਾਹਿਬ ਕੋਸ਼,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੩ (ਸੱਤਵੀਂ ਵਾਰ), ਪੰਨਾ ੩੫੯.

**੪.** Hari Ram Gupta, *History of the Sikhs,* vol. 1, Munshiram Manoharlal Publishers Pvt. Ltd., New Delhi, 2014, Page 391.

**੫.** ਜਸਵੰਤ ਸਿੰਘ ਨੇਕੀ, *ਅਰਦਾਸ: ਦਰਸ਼ਨ, ਰੂਪ ਤੇ ਅਭਿਆਸ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੨, (ਛੇਵੀਂ ਵਾਰ), ਪੰਨਾ ੧੪੯.

**੬.** ਰਤਨ ਸਿੰਘ ਜੱਗੀ, *ਗੁਰੂ ਗ੍ਰੰਥ ਵਿਸ਼ਵਕੋਸ਼ (ਭਾਗ ਦੂਜਾ),* ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੨, ਪੰਨਾ ੧੨੯.

**੭.** ਭਾਈ ਵੀਰ ਸਿੰਘ, ਪੁਰਾਤਨ ਜਨਮ ਸਾਖੀ, ਪੰਨਾ ੫੧.

**੮.** ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਪੰਨਾ ੪੭੧.

**੯.** ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ,* ਗੰਡਾ ਸਿੰਘ (ਸੰਪਾ.), ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੮ (ਤੀਜੀ ਵਾਰ), ਪੰਨਾ ੮੯.

**੧੦.** ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ,* (ਜਿਲਦ ਪੰਜਵੀਂ), ਭਾਈ ਵੀਰ ਸਿੰਘ (ਸੰਪਾ.), ਭਾਸ਼ਾ ਵਿਭਾਗ, ਪੰਜਾਬ, ੨੦੧੧, ਪੰਨੇ ੧੭੧੫-੧੬.



## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

# ਗੁਰਦੁਆਰਾ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਦਾ ਇਤਿਹਾਸ

*-ਸ. ਅਜ਼ਾਦ ਦੀਪ ਸਿੰਘ**

ਸ੍ਰੀ ਅੰਮ੍ਰਿਤਸਰ ਦੀ ਪਾਵਨ ਧਰਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ (ਸ੍ਰੀ ਗੁਰੂ ਰਾਮਦਾਸ ਸਾਹਿਬ ਜੀ) ਨੂੰ ਨਾਲ ਲੈ ਕੇ ਪਵਿੱਤਰ ਚਰਨ ਪਾਏ ਅਤੇ ਹੁਕਮ ਕੀਤਾ ਕਿ- "ਇੱਥੇ ਆਪਣਾ ਘਰ ਬਣਾਓ ਤੇ ਨਵੀਂ ਨਗਰੀ ਵਸਾਓ।" ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੀ ਰਿਹਾਇਸ਼ ਲਈ ਜੋ ਘਰ ਬਣਾਇਆ ਉਹ ਘਰ ਹੀ ਹੁਣ ਗੁਰਦੁਆਰਾ 'ਗੁਰੂ ਕੇ ਮਹਿਲ' ਹੈ। ਗੁਰੂ ਜੀ ਨੇ ਨਵੀਂ ਨਗਰੀ ਵਸਾ ਕੇ ਉਸ ਦਾ ਨਾਮ ਗੁਰੂ ਕਾ ਚੱਕ ਰੱਖਿਆ, ਜੋ ਬਾਅਦ ਵਿਚ ਰਾਮਦਾਸ ਪੁਰ ਤੇ ਆਖਿਰ ਸ੍ਰੀ ਅੰਮ੍ਰਿਤਸਰ ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰੂ ਕੇ ਮਹਿਲ ਵਿਖੇ ੫੮ ਸਾਲ ਤਕ ਨਿਵਾਸ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਵਿਆਹ ਇੱਥੇ ਹੀ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪਿੰਡ ਵਡਾਲੀ ਵਿਖੇ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਦੀ ਖੁਸ਼ੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵਡਾਲੀ ਪਿੰਡ ਦੇ ਨਜ਼ਦੀਕ ਛੇ ਹਰਟਾਂ ਦਾ ਇੱਕ ਖੂਹ ਲਗਵਾਇਆ, ਜਿੱਥੇ ਬਾਅਦ ਵਿਚ ਛੇਹਰਟਾ ਨਾਂ ਦਾ ਇੱਕ ਨਗਰ ਵੱਸਿਆ। ਛੇਹਰਟਾ ਨਗਰ ਵਿਕਾਸ ਕਰ ਕੇ ਸ਼ਹਿਰ ਬਣ ਗਿਆ। ਬਰਤਾਨਵੀਂ ਰਾਜ ਵੇਲੇ ਸ੍ਰੀ ਅੰਮ੍ਰਿਤਸਰ ਤੇ ਛੇਹਰਟਾ ਸ਼ਹਿਰ ਦੀਆਂ ਮਿਉਂਸਪਲ ਕਮੇਟੀਆਂ ਬਣ ਗਈਆਂ। ਛੇਹਰਟਾ ਨਗਰ, ਸ੍ਰੀ ਅੰਮ੍ਰਿਤਸਰ ਤੋਂ ਲਗਪਗ ੮ ਕਿਲੋਮੀਟਰ ਦੀ ਵਿੱਥ 'ਤੇ ਹੈ। ਸਮੇਂ ਦੇ ਨਾਲ ਅਬਾਦੀ ਤੇ ਸਨਅਤ ਦਾ ਵਾਧਾ ਹੋਣ ਕਰਕੇ ਦੋਵੇਂ ਸ਼ਹਿਰ ਇੱਕ-ਦੂਜੇ ਨਾਲ ਮਿਲ ਗਏ। ਸੰਨ ੧੯੭੯ ਵਿਚ ਛੇਹਰਟਾ ਸ਼ਹਿਰ ਨੂੰ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਵਿਚ ਮਿਲਾ ਦਿੱਤਾ ਗਿਆ ਅਤੇ ਛੇਹਰਟਾ ਮਿਉਂਸਪਲ ਕਮੇਟੀ ਭੰਗ ਕਰ ਦਿੱਤੀ ਗਈ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗ੍ਰਿਹ ਵਿਖੇ ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦਾ ਜਨਮ ਨਾਨਕਾ ਪਿੰਡ ਡਰੋਲੀ ਵਿਖੇ ਹੋਇਆ। ਗੁਰੂ ਸਾਹਿਬ ਜੀ ਦੇ ਚਾਰ ਸਪੁੱਤਰਾਂ- ਬਾਬਾ ਸੂਰਜ ਮੱਲ ਜੀ, ਬਾਬਾ ਅਣੀ ਰਾਇ ਜੀ, ਬਾਬਾ ਅਟੱਲ ਰਾਇ ਜੀ, ਬਾਬਾ ਤਿਆਗ ਮੱਲ ਜੀ (ਸ੍ਰੀ ਗੁਰੂ ਤੇਗ ਬਹਾਦਰ ਜੀ) ਅਤੇ ਸਪੁੱਤਰੀ ਬੀਬੀ ਵੀਰੋ ਜੀ ਦਾ ਜਨਮ ਗੁਰੂ ਕੇ ਮਹਿਲ ਵਿਖੇ ਹੋਇਆ। ਬੀਬੀ ਵੀਰੋ ਜੀ ਦੇ ਵਿਆਹ ਦੀਆਂ ਤਿਆਰੀਆਂ ਇੱਥੇ

** ਇੰਚਾਰਜ, ਟਰੱਸਟ ਵਿਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੯੮੧੭੯*

ਹੀ ਹੋਈਆਂ। ਪਰ ਮੁਗ਼ਲਾਂ ਵੱਲੋਂ ਅਚਾਨਕ ਹਮਲਾ ਕਰਨ 'ਤੇ ਵਿਆਹ ਦੀਆਂ ਬਾਕੀ ਰਸਮਾਂ ਤੇ ਲਾਵਾਂ ਝਬਾਲ (ਜ਼ਿਲ੍ਹਾ ਤਰਨ ਤਾਰਨ) ਵਿਖੇ ਕੀਤੀਆਂ ਗਈਆਂ। ਗੁਰੂ ਜੀ ਨੇ ਇੱਥੇ ਪਾਣੀ ਪੀਣ ਤੇ ਇਸ਼ਨਾਨ ਕਰਨ ਲਈ ਖੂਹ ਬਣਾਇਆ ਸੀ। ਇਹ ਧਰਤੀ ਉਸ ਸਮੇਂ ਤੱਲਕਾ ਪੱਟੀ ਪਰਗਣਾ ਝਬਾਲ ਦਾ ਹਿੱਸਾ ਸੀ ਜੋ ਮੁਗ਼ਲ ਰਾਜ ਦੇ ਸੂਬਾ ਲਾਹੌਰ ਦੇ ਮਤਹਿਤ ਸੀ। ਸ਼ਹਿਰ ਵਸਾਉਣ ਸਮੇਂ ਪਹਿਲੀ ਮੋੜ੍ਹੀ ਗੁਰੂ ਕੇ ਮਹਿਲ ਵਾਲੀ ਥਾਂ 'ਤੇ ਹੀ ਗੱਡੀ ਗਈ ਸੀ। ਸਭ ਤੋਂ ਪਹਿਲਾਂ ਗੁਰੂ ਸਾਹਿਬ ਦੀ ਰਿਹਾਇਸ਼ ਲਈ ਇਸ ਜਗ੍ਹਾ ਇੱਕ ਕਾਨਿਆਂ ਦੀ ਛੱਪਰੀ ਬਣਾਈ ਗਈ ਸੀ। ਜੋ ਬਾਅਦ ਵਿਚ ਕੱਚੇ ਘਰ ਦੇ ਰੂਪ ਵਿਚ ਤਬਦੀਲ ਹੋਈ। ਜਦ ਇੱਟਾਂ ਦੇ ਆਵੇ ਪੱਕ ਗਏ ਤਾਂ ਗੁਰੂ ਕੇ ਮਹਿਲ ਵਾਲੀ ਥਾਂ 'ਤੇ ਪੱਕੇ ਮਕਾਨ ਤਿਆਰ ਕੀਤੇ ਗਏ। ਇਸ ਪਾਵਨ ਅਸਥਾਨ ਨੂੰ ਜਿੱਥੇ ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਦਾ ਨਿਵਾਸ ਅਸਥਾਨ ਹੋਣ ਦਾ ਮਾਣ ਪ੍ਰਾਪਤ ਹੈ, ਉੱਥੇ ਇਸ ਗੁਰੂ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਪ੍ਰਕਾਸ਼ ਅਸਥਾਨ ਹੋਣ ਦਾ ਵੀ ਗੌਰਵ ਪ੍ਰਾਪਤ ਹੈ। ੧੬੨੭ ਬਿਕ੍ਰਮੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਨੇ ਆਪਣੇ ਹੱਥੀਂ ਸ੍ਰੀ ਅੰਮ੍ਰਿਤਸਰ ਦਾ ਨਵਾਂ ਸ਼ਹਿਰ ਵਸਾਉਣ ਹਿੱਤ ਗੱਡੀ ਪਹਿਲੀ ਮੋੜ੍ਹੀ ਤੋਂ ਲੈ ਕੇ ੧੬੯੨ ਬਿਕ੍ਰਮੀ ਨੂੰ ਅੰਮ੍ਰਿਤਸਰ ਦੀ ਆਖਰੀ ਜੰਗ ਤੋਂ ਬਾਅਦ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਅੰਮ੍ਰਿਤਸਰ ਛੱਡਣ ਤਕ ਇਹ ਗੁਰੂ ਕੇ ਮਹਿਲ ਦਾ ਪਵਿੱਤਰ ਅਸਥਾਨ ਇਸ ਸ਼ਹਿਰ ਦੀ ਉਸਾਰੀ ਤੇ ਤਰੱਕੀ ਦਾ ਕੇਂਦਰ ਬਣਿਆ ਰਿਹਾ।

ਇਹ ਜਗ੍ਹਾ ਸ਼ਹਿਰ ਦੇ ਅੰਦਰ ਸੰਘਣੀ ਅਬਾਦੀ ਵਿਚ ਹੋਣ ਕਾਰਨ ਚੁਫੇਰੇ ਸਿੱਖ ਅਬਾਦੀ ਬਹੁਤ ਘੱਟ ਹੋਣ ਕਰਕੇ ਸੰਗਤ ਦੀ ਬਹੁਤੀ ਆਵਾਜਾਈ ਨਹੀਂ ਸੀ। ਵਿਸ਼ੇਸ਼ ਗੁਰਪੁਰਬਾਂ ਦੇ ਸਮਾਗਮਾਂ ਸਮੇਂ ਹੀ ਸੰਗਤ ਦੇ ਜੋੜਮੇਲ ਹੁੰਦੇ ਸਨ। ੧੯੪੭ ਈ. ਵਿਚ ਪਾਕਿਸਤਾਨ ਬਣਨ ਕਾਰਨ ਅੰਮ੍ਰਿਤਸਰ ਸ਼ਹਿਰ ਦੇ ਬਾਕੀ ਹਿੱਸਿਆਂ ਦੇ ਨਾਲ-ਨਾਲ ਗੁਰੂ ਕੇ ਮਹਿਲ ਦੇ ਆਸ-ਪਾਸ ਵੀ ਸਿੱਖ ਅਬਾਦੀ ਦਾ ਕਾਫੀ ਵਾਧਾ ਹੋਇਆ।

ਸ੍ਰੀ ਗੁਰੂ ਰਾਮਦਾਸ ਜੀ ਨੇ ਨਵੇਂ ਉਸਰ ਰਹੇ ਨਗਰ ਗੁਰੂ ਕੇ ਚੱਕ ਵਿਚ ਵੱਸਣ ਵਾਲਿਆਂ ਤੇ ਬਾਹਰੋਂ ਆਉਣ ਵਾਲੇ ਯਾਤਰੂਆਂ ਲਈ ਰੋਜ਼ਾਨਾ ਜ਼ਿੰਦਗੀ ਦੀਆਂ ਲੋੜੀਂਦੀਆਂ ਵਸਤਾਂ ਮੁਹੱਈਆ ਕਰਵਾਉਣ ਲਈ ਗੁਰੂ ਕੇ ਮਹਿਲ ਦੇ ਲਾਗੇ ਗੁਰੂ ਕਾ ਬਜ਼ਾਰ ਨਾਮ ਦੀ ਵਪਾਰਕ ਮੰਡੀ ਸਥਾਪਿਤ ਕੀਤੀ। ਗੁਰੂ ਕਾ ਬਜ਼ਾਰ ਅੰਮ੍ਰਿਤਸਰ ਦੀ ਸਭ ਤੋਂ ਪਹਿਲੀ ਵਪਾਰਕ ਮੰਡੀ (ਬਜ਼ਾਰ) ਹੈ। ਇਹ ਬਜ਼ਾਰ ਇਸ ਸਮੇਂ ਅੰਮ੍ਰਿਤਸਰ ਦਾ ਕੀਮਤੀ ਵਪਾਰਕ ਕੇਂਦਰ ਹੈ, ਜਿੱਥੇ ਜ਼ਿਆਦਾਤਰ ਸੋਨੇ, ਚਾਂਦੀ ਅਤੇ ਹੀਰੇ ਜਵਾਹਰਾਤਾਂ ਦਾ ਵਪਾਰ ਹੁੰਦਾ ਹੈ। ਇਸ ਤੋਂ ਇਲਾਵਾ ਇਸ ਬਜ਼ਾਰ ਵਿਚ ਗਰਮ ਤੇ ਰੇਸ਼ਮੀ ਵਸਤਰਾਂ ਆਦਿ ਦੀਆਂ ਦੁਕਾਨਾਂ ਵੀ ਹਨ। ਇਸ ਬਜ਼ਾਰ ਦੀ ਸਿਰਜਣਾ

ਅੰਮ੍ਰਿਤਸਰ ਸਰੋਵਰ ਦੀਆਂ ਬਾਹੀਆਂ ਦੇ ਸਮਾਂਨਤਰ ਸਿੱਧੇ ਰੁੱਖ ਕੀਤੀ ਗਈ, ਜਿਸ ਨੂੰ ਅੱਜ ਕੱਲ੍ਹ ਦੇ ਨਗਰ ਨਿਰਮਾਣ-ਵੇਤਾ ਉਸ ਸਮੇਂ ਅੰਮ੍ਰਿਤਸਰ ਸ਼ਹਿਰ ਦੀ ਵਿਉਂਤ-ਬੰਦੀ ਲਈ ਸੁਚੇਤ ਕਦਮ ਕਰਾਰ ਦਿੰਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਦੇ ਸਮੇਂ ਇਹ ਬਜ਼ਾਰ ਆਪਣੇ ਪਹਿਲੇ ਰੂਪ ਵਿਚ ਛੋਟੇ ਅਕਾਰ ਦਾ ਰਿਹਾ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਸ਼ਹਿਰ ਦੀ ਵਸੋਂ ਅਤੇ ਯਾਤਰੂਆਂ ਦੀ ਤਦਾਦ ਦੇ ਵਾਧੇ ਨਾਲ ਗੁਰੂ ਬਜ਼ਾਰ ਦਾ ਅਕਾਰ ਤੇ ਪ੍ਰਸਾਰ ਵਧਿਆ। ਸਿੱਖ ਮਿਸਲਾਂ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਬਹੁਤ ਵਿਕਾਸ ਹੋਇਆ। ਸ਼ਹਿਰ ਦੇ ਵਾਧੇ ਨਾਲ ਹੋਰ ਵਸਤਾਂ ਦੀਆਂ ਮੰਡੀਆਂ ਬਣੀਆਂ, ਜਿਸ ਨਾਲ ਗੁਰੂ ਬਜ਼ਾਰ ਦੇ ਵਪਾਰ ਵਿਚ ਚੋਖਾ ਵਾਧਾ ਹੋਇਆ। ਅੰਗਰੇਜ਼ ਰਾਜ ਸਮੇਂ ਯੂਰਪ ਦੇ ਮੁਲਕਾਂ ਤੋਂ ਕੀਮਤੀ ਕੱਪੜਾ ਤੇ ਅਮੋਲਕ ਵਸਤਾਂ ਕਰਾਚੀ ਦੀ ਬੰਦਰਗਾਹ ਰਾਹੀਂ ਪਹਿਲਾਂ ਸ੍ਰੀ ਅੰਮ੍ਰਿਤਸਰ ਪੁੱਜਦੀਆਂ ਤੇ ਫਿਰ ਏਥੋਂ ਭਾਰਤ ਦੇ ਵੱਡੇ ਸ਼ਹਿਰਾਂ ਤਕ ਪੁੱਜਦੀਆਂ ਸਨ। ਪਾਕਿਸਤਾਨ ਬਣਨ ਨਾਲ ਸ੍ਰੀ ਅੰਮ੍ਰਿਤਸਰ ਦੇ ਵਪਾਰ ਵਿਚ ਬਹੁਤ ਫਰਕ ਪਿਆ ਪਰ ਹੁਣ ਭਾਰਤ ਦੇ ਹਰ ਪ੍ਰਾਂਤ ਦਾ ਵਪਾਰ ਗੁਰੂ ਬਜ਼ਾਰ ਨਾਲ ਜੁੜਿਆ ਹੋਣ ਕਰਕੇ ਇਹ ਬਜ਼ਾਰ ਹੁਣ ਵੀ ਅੰਮ੍ਰਿਤਸਰ ਸ਼ਹਿਰ ਦਾ ਸਭ ਤੋਂ ਵੱਡਾ ਵਪਾਰਕ ਕੇਂਦਰ ਹੈ।

ਮੌਜੂਦਾ ਸਮੇਂ ਦੇਸ਼-ਵਿਦੇਸ਼ ਤੋਂ ਰੋਜ਼ਾਨਾ ਅੰਦਾਜ਼ਨ ਇੱਕ ਲੱਖ ਤੋਂ ਵੱਧ ਯਾਤਰੂ ਸ੍ਰੀ ਅੰਮ੍ਰਿਤਸਰ ਆਉਂਦੇ ਹਨ। ਇਸ ਸਮੇਂ ਸ੍ਰੀ ਅੰਮ੍ਰਿਤਸਰ ਪੰਜਾਬ ਦੇ ਸੈਰ-ਸਪਾਟੇ ਦਾ ਗੜ੍ਹ ਅਤੇ ਖਿੱਚ ਦਾ ਕੇਂਦਰ ਬਣ ਚੁੱਕਾ ਹੈ। ਸ੍ਰੀ ਅੰਮ੍ਰਿਤਸਰ ਅਤੇ ਇਸ ਦੇ ਨੇੜ੍ਹੇ ਬਹੁਤ ਸਾਰੇ ਧਾਰਮਿਕ ਤੇ ਸੈਰ-ਸਪਾਟੇ ਦੇ ਅਸਥਾਨ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਸਿੱਖਾਂ ਦਾ ਕੇਂਦਰੀ ਅਸਥਾਨ ਹੈ। ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਤੇ ਸੈਲਾਨੀ ਸ੍ਰੀ ਅੰਮ੍ਰਿਤਸਰ ਵਿਖੇ ਦਰਸ਼ਨਾਂ ਨੂੰ ਤੇ ਘੁੰਮਣ ਫਿਰਨ ਲਈ ਆਉਂਦੇ ਹਨ। ਇੱਥੇ ਆਉਣ ਵਾਲੇ ਸੈਲਾਨੀ ਸ੍ਰੀ ਅੰਮ੍ਰਿਤਸਰ ਵਿਖੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਗੁਰਦੁਆਰਾ ਬਾਬਾ ਦੀਪ ਸਿੰਘ ਜੀ ਸ਼ਹੀਦ, ਗੁਰਦੁਆਰਾ ਬਾਬਾ ਅਟੱਲ ਰਾਇ ਜੀ, ਸ੍ਰੀ ਅੰਮ੍ਰਿਤਸਰ ਦੇ ਨੇੜੇ ਸ੍ਰੀ ਦਰਬਾਰ ਸਾਹਿਬ ਜ਼ਿਲ੍ਹਾ ਤਰਨ ਤਾਰਨ ਸਾਹਿਬ, ਗੁਰਦੁਆਰਾ ਪਾਤਸ਼ਾਹੀ ਨੌਵੀਂ ਬਾਬਾ ਬਕਾਲਾ ਸਾਹਿਬ, ਗੁਰਦੁਆਰਾ ਬਾਉਲੀ ਸਾਹਿਬ ਗੋਇੰਦਵਾਲ ਸਾਹਿਬ, ਗੁਰਦੁਆਰਾ ਬਾਬਾ ਬੁੱਢਾ ਜੀ ਰਮਦਾਸ, ਗੁਰਦੁਆਰਾ ਟਾਹਲਾ ਸਾਹਿਬ, ਗੁਰਦੁਆਰਾ ਬਾਬਾ ਨੌਧ ਸਿੰਘ ਜੀ ਪਿੰਡ ਚੱਬਾ, ਗੁਰਦੁਆਰਾ ਪਾਤਸ਼ਾਹੀ ਪਹਿਲੀ ਡੇਰਾ ਬਾਬਾ ਨਾਨਕ ਆਦਿ ਅਸਥਾਨਾਂ ਵਿਖੇ ਜਾਂਦੇ ਹਨ। ਪਰ ਬਾਹਰੋਂ ਆਉਣ ਵਾਲੇ ਸ਼ਰਧਾਲੂਆਂ ਨੂੰ ਜਾਣਕਾਰੀ ਨਾ ਹੋਣ ਕਰਕੇ ਬਹੁਤ ਘੱਟ ਲੋਕ ਗੁਰਦੁਆਰਾ ਗੁਰੂ ਕੇ ਮਹਿਲ ਦੇ ਦਰਸ਼ਨ ਕਰਨ ਜਾਂਦੇ ਹਨ। ਗੁਰੂ ਕੇ ਮਹਿਲ ਅਸਥਾਨ ਸ੍ਰੀ ਅੰਮ੍ਰਿਤਸਰ ਨਗਰ ਦਾ ਮੁੱਢ ਹੈ। ਸ੍ਰੀ ਅੰਮ੍ਰਿਤਸਰ ਸ਼ਹਿਰ ਦਾ ਸਭ ਤੋਂ ਪਹਿਲਾ ਮਕਾਨ ਗੁਰੂ ਕੇ ਮਹਿਲ ਹੈ। ਇੱਥੋਂ ਹੀ ਸ੍ਰੀ ਅੰਮ੍ਰਿਤਸਰ ਸ਼ਹਿਰ ਆਲੇ-ਦੁਆਲੇ

ਫੈਲਿਆ। ਗੁਰੂ ਕੇ ਮਹਿਲ ਨੂੰ ਰਸਤਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਰਸਤੇ ਘੰਟਾ ਘਰ ਬਾਹੀ ਦੇ ਜੋੜੇ ਘਰ ਤੋਂ ਬਿਲਕੁਲ ਸਾਹਮਣੇ ਜਾਂਦਾ ਹੈ। ਸ੍ਰੀ ਹਰਿਮੰਦਰ ਸਾਹਿਬ ਤੋਂ ਦਰਸ਼ਨ ਕਰਨ ਉਪਰੰਤ ਸੰਗਤ ਘੰਟਾ ਘਰ ਬਾਹੀ ਤੋਂ ਬਜ਼ਾਰ ਮਾਈ ਸੇਵਾਂ, ਗੁਰੂ ਬਜ਼ਾਰ ਰਾਹੀਂ ਗੁਰਦੁਆਰਾ ਗੁਰੂ ਕੇ ਮਹਿਲ ਵਿਖੇ ਜਾ ਸਕਦੀ ਹੈ। ਇਸ ਰਾਹ ਵਿਚ ਹੀ ਗੁਰਦੁਆਰਾ ਦਰਸ਼ਨੀ ਡਿਊੜੀ ਵੀ ਹੈ। ਬਜ਼ਾਰ ਮਾਈ ਸੇਵਾ ਤੇ ਗੁਰੂ ਬਜ਼ਾਰ ਸ੍ਰੀ ਅੰਮ੍ਰਿਤਸਰ ਦੇ ਬਹੁਤ ਹੀ ਸੋਹਣੇ ਬਜ਼ਾਰ ਹਨ। ਗੁਰਦੁਆਰਾ ਗੁਰੂ ਕੇ ਮਹਿਲ ਪਹਿਲਾਂ ਬਹੁਤ ਹੀ ਛੋਟਾ ਜਿਹਾ ਅਸਥਾਨ ਸੀ, ਪਰ ਹੁਣ ਆਲੇ-ਦੁਆਲੇ ਦੇ ਬਹੁਤ ਸਾਰੇ ਮਕਾਨ ਖਰੀਦ ਕੇ ਕਾਫੀ ਖੁੱਲ੍ਹੀ ਜਗ੍ਹਾ ਹੋ ਗਈ ਹੈ। ਰਸਤੇ ਵਿਚ ਸ੍ਰੀ ਅੰਮ੍ਰਿਤਸਰ ਦੀਆਂ ਪੁਰਾਣੀਆਂ ਭੀੜੀਆਂ ਗਲੀਆਂ ਆਉਂਦੀਆਂ ਹਨ। ਗੁਰਦੁਆਰਾ ਗੁਰੂ ਕੇ ਮਹਿਲ ਦੇ ਆਲੇ-ਦੁਆਲੇ ਹੁਣ ਵੀ ਬਹੁਤ ਸਾਰੇ ਪੁਰਾਣੇ ਮਕਾਨ/ਇਮਾਰਤਾਂ ਮੌਜੂਦ ਹਨ, ਜਿਨ੍ਹਾਂ ਨੂੰ ਦੇਖ ਕੇ ਪੁਰਾਤਨ ਭਵਨ ਨਿਰਮਾਣ ਕਲਾ ਬਾਰੇ ਪਤਾ ਲੱਗਦਾ ਹੈ। ਨਵੀਂ ਪੀੜ੍ਹੀ ਲਈ ਪੁਰਾਣੀਆਂ ਗਲੀਆਂ, ਪੁਰਾਣੇ ਮਕਾਨ ਨਿਵੇਕਲੀ ਚੀਜ਼ ਹਨ। ਸ੍ਰੀ ਅੰਮ੍ਰਿਤਸਰ ਵਿਖੇ ਆਉਣ ਵਾਲੇ ਸਰਧਾਲੂਆਂ ਨੂੰ ਗੁਰਦੁਆਰਾ ਗੁਰੂ ਕੇ ਮਹਿਲ ਦੇ ਦਰਸ਼ਨ ਜ਼ਰੂਰ ਕਰਨੇ ਚਾਹੀਦੇ ਹਨ। ਇਸ ਅਸਥਾਨ 'ਤੇ ਪਹੁੰਚਣ ਲਈ ਰਸਤਿਆਂ ਵਿਚ ਗੁਰਦੁਆਰਾ ਗੁਰੂ ਕੇ ਮਹਿਲ ਦੇ ਚਿੰਨ੍ਹ (ਬੋਰਡ) ਲੱਗੇ ਹੋਏ ਹਨ। ■

*ਕਵਿਤਾ:*

# "ਅੱਖਰਾਂ ਵਿੱਚੋਂ"

*-ਭਾਈ ਹਰਪ੍ਰੀਤ ਸਿੰਘ**

*ਕੰਨੇ ਬਿੰਦੀ ਰਾਰਿ 'ਚ ਰਾਰਾ*
*ਹਾੜਾ ਪਾਵੇ ਜਿਉਂ ਆੜੇ ਨੂੰ*
*ਤਾਂ ਐੜੇ ਅੱਧਕ ਭਾਂਡਾ ਕੀਤਾ*
*ਹੋ ਆਇਆ ਮੁਕਤਾ ਰਾਰੇ ਨੂੰ*
*ਖਖਾ ਮੁਕਤਾ ਵਿਚਕਾਰ ਉਡੀਕੇ*
*ਵਾਂਗ ਸੁੱਖ-ਦੁੱਖ ਦੇ ਵਣਜਾਰੇ ਨੂੰ*
*ਐੜੇ ਅ-ਖਰ ਸੱਚ ਵਰਤਾਇਆ*
*ਖੈਰ ਪਈ ਹੈ 'ਖਖੇ' 'ਰਾਰੇ' ਨੂੰ*
*ਅ-ਖ-ਰ ਮੁਕਤ ਹੋ ਦਰੁ ਬੁੱਝ ਲੈਂਦੇ*
*ਏਹ ਅ-ਖਰ ਮਿਲਣ ਪਿਆਰੇ ਨੂੰ*
*"ਅੱਖਰਾਂ ਵਿੱਚੋਂ" ਸੱਚ ਵਰਤਾਇਆ।* ■

** ਹਜ਼ੂਰੀ ਦਿਲਰੁਬਾ ਵਾਦਕ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ।*
*ਮੋ. ੯੮੫੫੭੦੦੮੮੦*

ਕੰਚਨ ਕਾਇਆ:

# ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ

*-ਡਾ. ਸ਼ਿਆਮ ਸੁੰਦਰ ਦੀਪਤੀ**

ਹੰਕਾਰ ਸਭ ਤੋਂ ਵੱਡਾ ਰੋਗ ਹੈ। ਇਹ ਮਨੁੱਖ ਅੰਦਰਲੇ ਪੰਜ ਵਿਕਾਰਾਂ ਵਿੱਚੋਂ ਇਕ ਵਿਕਾਰ ਹੈ। ਇਹ ਵਿਕਾਰ ਹਨ— ਕਾਮ, ਕ੍ਰੋਧ, ਲੋਭ, ਮੋਹ ਅਤੇ ਪੰਜਵਾਂ ਹੈ, ਹੰਕਾਰ। ਪਰ ਫਿਰ ਵੀ ਹੰਕਾਰ ਸਭ ਤੋਂ ਉੱਪਰ ਹੈ ਜੋ ਕਿ ਮਨੁੱਖੀ ਮਾਨਸਿਕ ਅਵਸਥਾ ਦਾ ਵੈਰੀ ਹੈ।

ਮਨੁੱਖ ਨੇ ਆਪਣੀ ਕੁਦਰਤ ਵਿਚ ਸਮਾਜ ਨੂੰ ਜੋੜਿਆ ਹੈ। ਸਮਾਜ ਉਹ ਅਵਸਥਾ ਹੈ ਜਿੱਥੇ ਸਾਰੇ ਮਿਲ ਕੇ ਰਹਿੰਦੇ ਹਨ। ਮਿਲ ਕੇ ਤਾਂ ਜਾਨਵਰ ਵੀ ਰਹਿੰਦੇ ਹਨ, ਪਰ ਉਹ ਇਕ ਝੁੰਡ ਹੁੰਦਾ ਹੈ। ਝੁੰਡ ਤੇ ਸਮਾਜ ਵਿਚ ਇਹ ਫਰਕ ਹੈ ਕਿ ਸਮਾਜ ਵਿਚ ਸਾਰੇ ਮਨੁੱਖ ਇਕ-ਦੂਜੇ ਨਾਲ ਕਿਸੇ ਨਾ ਕਿਸੇ ਰਿਸ਼ਤੇ ਵਿਚ ਬੱਝੇ ਹੁੰਦੇ ਹਨ। ਰਿਸ਼ਤਿਆਂ ਦੀ ਆਪਣੀ ਖਾਸੀਅਤ ਹੈ। ਜਿੱਥੇ ਪਿਆਰ ਹੈ, ਉੱਥੇ ਨਫ਼ਰਤ ਅਤੇ ਆਪਸੀ ਕਲੇਸ਼ ਵੀ ਹੈ।

ਇਨ੍ਹਾਂ ਰਿਸ਼ਤਿਆਂ ਨੂੰ ਲੈ ਕੇ ਵੱਖ-ਵੱਖ ਲੇਖਕਾਂ ਅਤੇ ਬੁੱਧੀਜੀਵੀਆਂ ਨੇ ਆਪਣੀ-ਆਪਣੀ ਸਮਰੱਥਾ ਅਨੁਸਾਰ ਕਈ ਤਰ੍ਹਾਂ ਦੇ ਵਿਚਾਰ ਦਿੱਤੇ ਹਨ। ਇਸੇ ਸੰਦਰਭ ਵਿਚ ਗੁਰਬਾਣੀ ਵਿਚ ਸ਼ਾਮਲ ਭਗਤ ਕਬੀਰ ਜੀ ਫੁਰਮਾਉਂਦੇ ਹਨ:

*ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹ ਕੋਇ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬੫)*

ਕਹਿਣ ਤੋਂ ਭਾਵ ਹੈ ਕਿ, ਹੇ ਕਬੀਰ! ਬਾਂਸ ਦਾ ਬੂਟਾ (ਉੱਚਾ ਲੰਮਾ ਹੋਣ ਦੇ) ਮਾਣ ਵਿਚ ਡੁੱਬਿਆ ਹੋਇਆ ਹੈ, ਬਾਂਸ ਭਾਵੇਂ ਚੰਦਨ ਦੇ ਨੇੜ੍ਹੇ ਵੀ ਉੱਗਿਆ ਹੋਇਆ ਹੋਵੇ, ਉਸ ਵਿਚ ਚੰਦਨ ਵਾਲੀ ਸੁੰਗਧੀ ਨਹੀਂ ਆਉਂਦੀ (ਹੇ ਭਾਈ) ਤੁਸੀਂ ਕੋਈ ਧਿਰ (ਹਉਮੈਂ ਵਿਚ) ਨਾ ਡੁੱਬ ਜਾਇਓ।

ਇਸ ਬਚਨ ਰਾਹੀਂ ਭਗਤ ਕਬੀਰ ਜੀ ਹਉਮੈਂ ਤੋਂ ਬਚਣ ਲਈ ਅਗਾਹ ਕਰਦੇ ਹਨ। 'ਹਉਮੈਂ' ਸ਼ਬਦ ਜੇਕਰ ਬੋਲ ਕੇ ਦੇਖੋ ਤਾਂ ਇਹ ਹੈ- "ਮੈਂ ਹਾਂ, ਮੈਂ ਹੀ ਹਾਂ।" ਜੋ ਆਪਣੇ ਆਪ 'ਤੇ ਕੇਂਦਰਿਤ ਹੁੰਦਾ ਹੈ ਅਤੇ ਹਰ ਦੂਜਾ ਸ਼ਖਸ ਉਸ ਨੂੰ ਬੇਕਾਰ, ਨਿਕੰਮਾ, ਟਿੱਚ ਜਾਪਦਾ ਹੈ। ਸਮਾਜ ਜਿੱਥੇ ਮਿਲ ਕੇ ਰਹਿਣ ਦੀ ਥਾਂ ਹੈ ਤੇ ਰਿਸ਼ਤੇ ਬਣਾਉਣ ਦੀ ਥਾਂ ਹੈ ਤਾਂ ਰਿਸ਼ਤੇ ਬਚਾ ਕੇ ਵੀ ਰੱਖਣੇ ਹੁੰਦੇ ਹਨ ਅਤੇ ਉਹ ਲੰਮਾ ਸਮਾਂ ਜਾਰੀ ਰਹਿਣ, ਇਸ ਚਾਹਨਾ 'ਤੇ ਵੀ ਖਰਾ ਉਤਰਨਾ ਹੁੰਦਾ ਹੈ। ਮੈਡੀਕਲ ਵਿਗਿਆਨ ਨੇ ਮਨੁੱਖੀ ਕਿਰਦਾਰਾਂ ਨੂੰ ਵੱਖ-ਵੱਖ ਸ਼ਖ਼ਸੀਅਤਾਂ ਵਿਚ ਵਿਚਾਰਿਆ ਅਤੇ ਵਰਣਨ ਕੀਤਾ ਹੈ, ਜਿਵੇਂ- ਸ਼ਖ਼ਸੀਅਤ ਦੇ ਪ੍ਰਕਾਰ (Types) ਏ, ਬੀ, ਸੀ ਅਤੇ ਡੀ ਵਰਗਾਂ ਵਿਚ ਵੰਡੇ

**੯੭-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੮-੦੮੫੦੬*

ਹਨ। ਇਨ੍ਹਾਂ ਕਿਰਦਾਰਾਂ ਦਾ ਗੁਣ ਕੁਝ ਇਸ ਤਰ੍ਹਾਂ ਹੈ, ਜਿਵੇਂ ਦਿਸ਼ਾ-ਨਿਰਦੇਸ਼ ਦੇਣ ਵਾਲਾ, ਸਮਾਜ ਨਾਲ ਮਿਲ ਕੇ ਰਹਿਣ ਵਾਲਾ, ਸੋਚਵਾਨ ਅਤੇ ਸਹਾਰਾ ਦੇਣ ਵਾਲਾ।

ਮਨੋਵਿਗਿਆਨ ਦੇ ਮਾਹਿਰਾਂ ਨੇ ਰਿਸ਼ਤਿਆਂ ਬਾਰੇ ਗੱਲ ਕਰਦੇ ਹੋਏ ਇਹ ਗੱਲ ਉਭਾਰੀ ਹੈ ਕਿ ਪਰਵਾਰ ਜੋ ਕਿ ਸਮਾਜ ਦੀ ਬੁਨਿਆਦੀ ਇਕਾਈ ਹੈ ਜੇਕਰ ਮਿਲ ਕੇ ਰਹਿਣਾ ਚਾਹੁੰਦੇ ਹਨ ਤਾਂ ਤੁਹਾਨੂੰ ਭਾਵੇਂ ਦਿਸ਼ਾ-ਨਿਰਦੇਸ਼ ਦੇਣ ਵਾਲਾ ਬਣਨ ਦੀ ਲੋੜ ਹੈ ਤਾਂ ਵੀ ਇਕ-ਦੂਜੇ ਦਾ ਮਦਦਗਾਰ ਬਣ ਕੇ ਰਹਿਣ ਵਿਚ ਹੀ ਸਿਆਣਪ ਹੈ।

ਸਮਾਜ ਦੀ ਬੁਨਿਆਦ ਬਾਰੇ ਅਧਿਐਨ ਕਰਨ ਵਾਲੇ ਪੁਰਾਤੱਤਵ ਵਿਗਿਆਨੀਆਂ ਨੇ ਆਪਣੀਆਂ ਖੋਜਾਂ ਵਿਚ ਦਰਸਾਇਆ ਹੈ ਕਿ ਮਨੁੱਖ ਦਾ ਬੁਨਿਆਦੀ ਕਿਰਦਾਰ ਇਕ-ਦੂਜੇ ਨਾਲ ਮਿਲ ਕੇ ਰਹਿਣ ਅਤੇ ਮਦਦ ਕਰਨ ਵਿਚ ਹੈ। ਅਲਬਰਟ ਮੀਂਡ ਨੇ ਇਹ ਵੀ ਦਰਸਾਇਆ ਦੁਖ-ਸੁੱਖ ਜ਼ਿੰਦਗੀ ਦਾ ਹਿੱਸਾ ਹਨ ਅਤੇ ਇਹ ਸਮਾਜ ਅੱਗੇ ਤਾਂ ਵੱਧ ਸਕਦਾ ਹੈ ਜੇਕਰ ਸਾਰੇ ਇਕ-ਦੂਜੇ ਦੀ ਪਰਵਾਹ ਕਰਨ।

ਜੇਕਰ ਕਿਸੇ ਮਨੁੱਖ ਵਿਚ ਹੰਕਾਰ ਇੰਨਾ ਜ਼ਿਆਦਾ ਭਰਿਆ ਪਿਆ ਹੈ ਤਾਂ ਫਿਰ ਉਹ ਵਿਅਕਤੀ ਸਮਾਜ ਦੀ ਬੁਨਿਆਦ ਦੇ ਤੌਰ 'ਤੇ ਜਾਣੇ ਗਏ, ਤਰਾਸ਼ੇ ਗਏ ਸਮਾਜਿਕ ਤੱਤ, ਇਕ-ਦੂਜੇ ਦੀ ਪਰਵਾਹ ਤੋਂ ਵਿਹੂਣਾ ਹੀ ਰਹਿ ਜਾਵੇਗਾ ਤੇ ਸਮਾਜ ਦੀ ਜ਼ਰੂਰਤ ਕਿ ਉਸ ਨੇ ਆਪਣੀ ਹੋਂਦ ਬਣਾਈ ਵੀ ਰੱਖਣੀ ਹੈ ਤੇ ਬਚਾਈ ਵੀ ਰੱਖਣੀ ਹੈ ਜਿਸ ਦੇ ਲਈ ਆਪਸੀ ਪਿਆਰ ਸਭ ਤੋਂ ਅਹਿਮ ਹੈ।

ਸ਼ਖ਼ਸੀਅਤਾਂ ਨੂੰ ਲੈ ਕੇ ਗੁਰਬਾਣੀ ਵਿਚ ਵੀ ਦੋ ਤਰ੍ਹਾਂ ਦੀਆਂ ਹਸਤੀਆਂ ਦਾ ਜ਼ਿਕਰ ਹੈ। ਗੁਰਮੁਖ ਅਤੇ ਮਨਮੁਖ ਜਿਸ ਵਿਚ ਗੁਰਮੁਖ ਤੋਂ ਭਾਵ ਹੈ ਜੋ ਗੁਰੂ ਦੇ ਲੜ ਲੱਗ ਕੇ ਉਸ ਦੀਆਂ ਸਿੱਖਿਆਵਾਂ ਦੇ ਅਨੁਸਾਰ ਜੀਵਨ ਬਤੀਤ ਕਰਦਾ ਹੈ, ਜਦੋਂ ਕਿ ਮਨਮੁਖ ਮਨ ਦੀ ਗੱਲ ਨੂੰ ਮੰਨਦਾ ਹੈ ਤੇ ਮਨ ਜਿਸ ਪਾਸੇ ਲੈ ਜਾਂਦਾ ਹੈ ਉਧਰ ਤੁਰਿਆ ਫਿਰਿਆ ਰਹਿੰਦਾ ਹੈ। ਕਹਿ ਸਕਦੇ ਹਾਂ ਮਨਮੁਖ ਇਕ ਭਟਕਿਆ ਹੋਇਆ ਵਿਅਕਤੀ ਹੈ ਅਤੇ ਸਮਾਜ ਤੋਂ ਟੁੱਟਿਆ ਹੋਇਆ ਹੈ। ਦੂਸਰੇ ਪਾਸੇ ਗੁਰਮੁਖ ਗੁਰੂ ਦੇ ਸਹਾਰੇ ਅੱਗੇ ਵੱਧਦਾ ਹੈ ਅਤੇ ਲੋਕਾਂ ਨਾਲ ਜੁੜੇ ਹੋਏ ਹੋਣ ਕਰਕੇ ਸੰਸਾਰ ਵਿਚ ਪੈਦਾ ਹੋ ਰਹੀਆਂ ਸਮੱਸਿਆਵਾਂ ਨੂੰ ਨਜਿੱਠਣ ਵਿਚ ਸਫਲ ਹੁੰਦਾ ਹੈ। ਜਿਸ ਵਿਅਕਤੀ ਨੂੰ ਕੋਈ ਕਿਸੇ ਦਾ ਸਾਥ ਨਹੀਂ ਮਿਲਦਾ ਤੇ ਉਹ ਆਪਣੀ ਹਉਮੈਂ ਵਿਚ ਹੀ ਡੁੱਬਿਆ ਰਹਿੰਦਾ ਹੈ, ਮਤਲਬ ਉਹ ਬੇਚੈਨ ਅਤੇ ਪ੍ਰੇਸ਼ਾਨ ਹਰੇਕ ਸ਼ਖ਼ਸ ਵਿਚ ਥੋੜੀ ਬਹੁਤ ਦੇਖ ਸਕਦੇ ਹਾਂ ਜੋ ਕਿ ਇਕ ਵਿਸ਼ਵ ਪੱਧਰੀ ਸਮੱਸਿਆ ਬਣ ਕੇ ਉੱਤਰ ਰਿਹਾ ਹੈ। ਸਮੱਸਿਆ ਸਾਡੇ ਦਾਇਰੇ ਵਿਚ ਹੈ, ਸਾਡੀ ਪਹਿਚਾਣ ਵਿਚ ਹੈ ਅਤੇ ਸਾਨੂੰ ਪਤਾ ਵੀ ਹੈ ਕਿ ਇਹ ਪੈਦਾ ਕਿੱਥੋਂ ਹੋਈ ਹੈ।

ਨਿਸਚਿਤ ਹੀ ਪਹਿਚਾਣੀ ਹੋਈ ਸਮੱਸਿਆ ਤੋਂ ਖਹਿੜਾ ਛੁਡਾਉਣਾ ਕਿੰਨਾ ਸੌਖਾ ਹੁੰਦਾ ਹੈ। "ਮੈਂ-ਤੂੰ" ਦੀ ਥਾਂ ਤੇ ਜੇਕਰ 'ਮੈਂ' ਸ਼ਬਦ ਕੱਢ ਦਿੱਤਾ ਜਾਵੇ ਤਾਂ ਸਮੱਸਿਆ ਖੁਦ-ਬ-ਖੁਦ ਹੱਲ ਹੋ ਤੁਰ ਪੈਂਦੀ ਹੈ। ■

ਜੂਨ ੨੦੨੫ ਦਾ ਬਾਕੀ:

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹਿਮ ਮਾਸਿਕ ਪੱਤਰ: ਗੁਰਦੁਆਰਾ ਗਜ਼ਟ ਦਾ ਇਤਿਹਾਸ

*-ਡਾ. ਰਣਜੀਤ ਕੌਰ ਪੰਨਵਾਂ**

'ਗੁਰਦੁਆਰਾ ਗਜ਼ਟ' ਦੇ ਅੰਕ ਅਕਤੂਬਰ, ੧੯੫੫ ਈ. ਵਿਚ ਲਗਪਗ ਪਹਿਲੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਜੀ ਅਤੇ ਹੋਰ ਸਹਾਇਤਾ ਆਦਿ ਦੀਆਂ ਹੜ੍ਹ ਪੀੜਤਾਂ ਵਾਲੀਆਂ ਬਲੈਕ ਐਂਡ ਵਾਈਟ ਤਸਵੀਰਾਂ ਛਾਪੀਆਂ ਗਈਆਂ। ੧੯੬੪ ਈ. ਦੇ ਅੰਕਾਂ ਵਿਚ ਬਕਾਇਦਾ ਤੌਰ 'ਤੇ ਸ਼੍ਰੋਮਣੀ ਕਮੇਟੀ ਦਾ ਦਫ਼ਤਰ ਲੱਗਣ ਦਾ ਸਮਾਂ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਜੀ ਦੀ ਪਵਿੱਤਰ ਮਰਯਾਦਾ ਛਾਪੀ ਜਾਂਦੀ ਜੋ ਕਿ ਹੁਣ ਵੀ ਛਪਦੀ ਹੈ। ਕਰਮਚਾਰੀਆਂ ਦੀ ਭਰਤੀ ਲਈ ਵੀ ਇਸ਼ਤਿਹਾਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਆਏ ਸ਼ਰਧਾਲੂਆਂ ਦੇ ਵਿਚਾਰ ਵੀ ਉਨ੍ਹਾਂ ਦੇ ਨਾਂ ਹੇਠ ਪਰਚੇ ਵਿਚ ਛਾਪੇ ਜਾਣ ਲੱਗੇ। ੧੯੬੫ ਈ. ਦੇ ਅੰਕਾਂ ਵਿਚ ਤਤਕਰਾ ਨਹੀਂ ਛਪਦਾ ਸੀ ਪਰ ਇਸ ਵਿਚ ਹਰੇਕ ਮਹੀਨੇ ਵਿਚ ਆਉਣ ਵਾਲੇ ਇਤਿਹਾਸਿਕ ਦਿਹਾੜੇ ਅਤੇ ਗੁਰਪੁਰਬ ਬਾਰੇ ਜਾਣਕਾਰੀ ਦਰਜ ਹੁੰਦੀ ਸੀ ਅਤੇ ਬਾਰਹਮਾਹ ਮਾਝ ਮ: ੫ ਦੇ ਦੇਸੀ ਮਹੀਨੇ ਨੂੰ ਛਾਪਿਆ ਜਾਣ ਲਗਾ। ਸ਼ੁਰੂ ਤੋਂ ਲੈ ਕੇ ਇਸ ਪਰਚੇ ਦੇ ਮੁੱਖ ਪੰਨੇ 'ਤੇ ਇਹ ਗੁਰਬਾਣੀ ਦੀਆਂ ਪੰਕਤੀਆਂ:

*ਸਤਿਗੁਰੂ ਫੁਰਮਾਇਆ ਕਾਰੀ ਏਹ ਕਰੇਹੁ॥*
*ਗੁਰੂ ਦੁਆਰੈ ਹੋਇ ਕੈ ਸਾਹਿਬੁ ਸੰਮਾਲੇਹੁ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੪)*

ਅੰਕਿਤ ਕੀਤੀਆਂ ਜਾਂਦੀਆਂ ਸਨ, ਸ. ਮਹਿੰਦਰ ਸਿੰਘ ਗਿਆਨੀ ਜੀ ਦੀ ਨਿਗਰਾਨੀ ਹੇਠ ਨਵੰਬਰ ਅਤੇ ਦਸੰਬਰ, ੧੯੬੫ ਈ. ਦੇ ਅੰਕ ਤੋਂ ਛਾਪਣੀਆਂ ਬੰਦ ਕਰ ਦਿੱਤੀਆਂ ਗਈਆਂ ਸਨ। ਗਿਆਨੀ ਜੀ ਦੀ ਸੰਪਾਦਨਾ ਹੇਠ ਛਪਣ ਵਾਲੇ ਅੰਕਾਂ ਵਿਚ ਤਤਕਰਾ-ਨੁਮਾ ਜ਼ਰੂਰੀ ਬੇਨਤੀ ਜਾਂ ਪ੍ਰਾਰਥਨਾ ਸਿਰਲੇਖ ਦੇ ਹੇਠ ਪਰਚੇ ਵਿਚ ਪ੍ਰਕਾਸ਼ਿਤ ਕੀਤੀ ਜਾਣ ਵਾਲੀ ਪਾਠ-ਸਮੱਗਰੀ ਦਾ ਵਿਵਰਣ ਦਿੱਤਾ ਹੁੰਦਾ ਸੀ। ਨਮੂਨੇ ਵਜੋਂ ਜੂਨ, ੧੯੬੬ ਈ. ਦਾ ਜ਼ਰੂਰੀ ਬਿਨੈ ਇਹ ਹੈ:

ਮੈਂ ਆਪ ਜੀ ਦੀ ਸੇਵਾ ਵਿਖੇ ਹਰ ਮਹੀਨੇ ਹਾਜ਼ਰ ਹੋ ਕੇ ਇਹ ਕੁਝ ਲਿਆਉਂਦਾ ਹਾਂ:

**੧.** ਗੁਰਬਾਣੀ
**੨.** ਸ੍ਰੀ ਹਰਿਮੰਦਰ ਸਾਹਿਬ ਦੀ ਮਰਯਾਦਾ
**੩.** ਹੇਠ ਲਿਖੇ ਵਿਸ਼ਿਆਂ 'ਤੇ ਬਹੁਮੁੱਲੇ ਲੇਖ

** ਇੰਚਾਰਜ, ਧਾਰਮਿਕ ਪ੍ਰੀਖਿਆ ਬ੍ਰਾਂਚ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ। ਮੋ. ੯੮੧੪੮-੫੧੫੧੩*

**ੳ)** ਧਾਰਮਕ

**ਅ)** ਇਤਿਹਾਸਕ

**ੲ)** ਪੰਥਕ

**ਸ)** ਰਾਜਨੀਤਿਕ

**੪.** ਮਹੀਨੇ ਭਰ ਦੀ ਇਤਿਹਾਸਕ ਵਾਕਫ਼ੀਅਤ

**੫.** ਕਵਿਤਾਵਾਂ

**੬.** ਗੁਰਦੁਆਰਾ ਪ੍ਰਬੰਧ ਤੇ ਮਰਯਾਦਾ ਦੀ ਜਾਣਕਾਰੀ

**੭.** ਧਰਮ ਪ੍ਰਚਾਰ ਦੀਆਂ ਸਰਗਰਮੀਆਂ

**੮.** ਸਿੱਖ ਇਤਿਹਾਸ ਰੀਸਰਚ ਬੋਰਡ (ਸ਼੍ਰੋਮਣੀ ਕਮੇਟੀ) ਦੀ ਕਾਰਗੁਜ਼ਾਰੀ

**੯.** ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਸਬੰਧੀ ਪ੍ਰਦੇਸੀਆਂ ਦੇ ਸ਼ਾਨਦਾਰ ਪਰਭਾਵ (ਅੰਗਰੇਜ਼ੀ ਤੇ ਪੰਜਾਬੀ)

**੧੦.** ਕੇਂਦਰੀ ਸਿੱਖ ਅਜਾਇਬ ਘਰ ਸਬੰਧੀ ਰਾਵਾਂ

**੧੧.** ਕ੍ਰਿਪਾਲੂ ਪਾਠਕਾਂ ਦੇ ਵਿਚਾਰ

**੧੨.** ਰੰਗਦਾਰ ਤੇ ਸਾਦੀਆਂ ਫ਼ੋਟੋਆਂ

**੧੩.** ਗੁਰਦੁਆਰਾ ਦਰਸ਼ਨ (ਫ਼ੋਟੋ ਰਾਹੀਂ)

**੧੪.** ਸ਼੍ਰੋਮਣੀ ਕਮੇਟੀ ਦੇ ਜਨਰਲ, ਟਰੱਸਟ, ਪਰਚਾਰ ਤੇ ਲੀਜਲੈਂਡਜ ਆਦਿ ਦਾ ਹਿਸਾਬ ਕਿਤਾਬ

**੧੫.** ਅੰਗਰੇਜ਼ੀ ਸੈਕਸ਼ਨ

**੧੬.** ਕਾਗਜ਼ ਵਧੀਆ, ਛਪਾਈ ਮਨੋਹਰ ਤੇ ਗੈਟ-ਅੱਪ ਦਿਲਕਸ਼

ਅਗਸਤ, ੧੯੬੬ ਈ. ਦੇ ਅੰਕ ਵਿਚ ਗਿ. ਮਹਿੰਦਰ ਸਿੰਘ ਜੀ ਦੀ ਅਗਵਾਈ ਵਿਚ ਹਿੰਦੀ ਸੈਕਸ਼ਨ ਦੇ ਅੰਤਰਗਤ ਵੀ ਪਾਠ-ਸਮੱਗਰੀ ਹਿੰਦੀ ਭਾਸ਼ਾ ਵਿਚ ਛਪਣੀ ਸ਼ੁਰੂ ਹੋ ਗਈ। ਸਤੰਬਰ, ੧੯੬੬ ਈ. ਦੇ ਅੰਕ ਤੋਂ 'ਧਾਰਮਿਕ ਪੁੱਛਾਂ ਦੇ ਉੱਤਰ' ਸਿਰਲੇਖ ਅਧੀਨ ਸਵਾਲਾਂ ਦੇ ਜਵਾਬ ਵੀ ਛਾਪੇ ਜਾਣ ਲਗੇ। ਇਸ ਪਰਚੇ ਨੂੰ ਸਕੱਤਰ ਸਾਹਿਬ, ਕੇਂਦਰੀ ਲਾਇਬ੍ਰੇਰੀ ਕਮੇਟੀ ਅਤੇ ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਨੇ ਆਪਣੀ ਪੱਤਰਕਾ ਨੰਬਰ ਲ. ਸ. ਵ. (ਲਾਇਬ) ੬੮/੧੦੨੫੮-੧੦੩੦੮ ਮਿਤੀ ੨੦ ਜੂਨ, ੧੯੬੮ ਰਾਹੀਂ ਸਰਕਾਰੀ ਲਾਇਬ੍ਰੇਰੀਆਂ ਲਈ ਵੀ ਪ੍ਰਵਾਨਗੀ ਦੇ ਦਿੱਤੀ ਸੀ। ਅਕਤੂਬਰ, ੧੯੬੮ ਈ. ਤੋਂ ਫਿਰ ਇਹ ਪਰਚਾ ਖੋਜ ਵਿਧੀ ਅਨੁਸਾਰ ਤਤਕਰੇ (ਲੇਖ ਸੂਚੀ ਵਿਚ ਲੇਖ, ਲੇਖਕ, ਪੰਨਾ ਨੰ: ) ਨਾਲ ਛਪਣਾ ਸ਼ੁਰੂ ਹੋ ਗਿਆ ਸੀ। ੧੯੬੮ ਈ. ਦੇ ਪਰਚਿਆਂ ਵਿਚ ਛਪਦੇ ਕਾਲਮ 'ਐਡੀਟਰ ਦੀ ਡਾਕ' ਦੇ ਅੰਤਰਗਤ ਇਸ ਪਰਚੇ ਦੀ ਸਿਫ਼ਤ-ਸਲਾਹ ਵਿਚ ਪਾਠਕਾਂ ਵੱਲੋਂ ਭੇਜੀਆਂ ਚਿੱਠੀਆਂ ਅਤੇ ਸੁਨੇਹੇ ਛਾਪੇ ਜਾਂਦੇ ਸਨ, ਜੋ ਇਸ ਪਰਚੇ ਦੀ ਹਰਮਨ ਪਿਆਰਤਾ ਅਤੇ ਵੱਧ

ਰਹੀ ਗਿਣਤੀ ਦੇ ਸੂਚਕ ਹਨ।

ਦਸੰਬਰ, ੧੯੬੯ ਈ. ਦੇ ਅੰਕ ਵਿਚ ਸ੍ਰੀ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਪ੍ਰਕਾਸ਼ ਗੁਰਪੁਰਬ, ਸ਼ਤਾਬਦੀ ਦੇ ਨਗਰ ਕੀਰਤਨ ਤੇ ਹੋਰ ਸਮਾਗਮਾਂ ਦੀਆਂ ਬਹੁਤ ਸਾਰੀਆਂ ਤਸਵੀਰਾਂ ਛਾਪੀਆਂ ਗਈਆਂ ਹਨ। ਇਹ ਅੰਕ ੫੦੦ ਸਾਲਾ ਸਮਾਗਮਾਂ ਦੀ ਇਕ ਤਰ੍ਹਾਂ ਐਲਬਮ ਹੈ। ਇਸੇ ਤਰ੍ਹਾਂ ਸਤੰਬਰ-ਅਕਤੂਬਰ ੧੯੭੪ ਈ. ਦੇ ਅੰਕ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਡੈਲੀਗੇਸ਼ਨ ਦੀ ਵਿਦੇਸ਼ ਯਾਤਰਾ ਦੀ ਕਹਾਣੀ ਤਸਵੀਰਾਂ ਦੀ ਜ਼ਬਾਨੀ ਵੀ ਇਕ ਤਰ੍ਹਾਂ ਦੀ ਐਲਬਮ ਹੀ ਹੈ।

ਜਨਵਰੀ, ੧੯੮੦ ਈ. ਨੂੰ ਇਸ ਪਰਚੇ ਦਾ ਚੰਦਾ ਸਲਾਨਾ ਦੇਸ਼ ੧੧ ਰੁਪਏ ਅਤੇ ਵਿਦੇਸ਼ ਸਲਾਨਾ ੨੨ ਰੁਪਏ ਹੋ ਗਿਆ ਸੀ। ਧਾਰਮਿਕ ਪ੍ਰੀਖਿਆ ਦਾ ਨਤੀਜਾ ਵੀ ਪਰਚੇ ਵਿਚ ਬਕਾਇਦਾ ਬੱਚਿਆਂ ਦੇ ਨਾਂ, ਪਿਤਾ ਦਾ ਨਾਂ ਅਤੇ ਪ੍ਰਾਪਤ ਅੰਕਾਂ ਦੇ ਵੇਰਵੇ ਸਹਿਤ ਛਾਪਿਆ ਜਾਂਦਾ ਸੀ। ਮਈ, ਜੂਨ, ੧੯੮੦ ਈ. ਵਿਚ ਐਡੀਟਰ ਸ. ਭਰਪੂਰ ਸਿੰਘ ਗਿਆਨੀ ਦੁਆਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਜੀ ਟੌਹੜਾ ਦੀਆਂ ਪਾਕਿਸਤਾਨ ਵਿਚ ਸਥਿਤ ਗੁਰਧਾਮਾਂ ਦੀਆਂ ਸਾਰੀਆਂ ਬਲੈਕ ਐਂਡ ਵਾਈਟ ਫ਼ੋਟੋਆਂ ਛਾਪੀਆਂ ਸਨ। ਜੂਨ, ੧੯੮੦ ਈ. ਦੇ ਅੰਕ ਵਿਚ ਸਾਹਿਤਕ ਵਿਧਾ 'ਨਾਟਕ' ਦਾ ਵਾਧਾ ਕਰਦਿਆਂ ਸ. ਸਰਮੁਖ ਸਿੰਘ ਅਮੋਲ ਜੀ ਰਚਿਤ ਨਾਟਕ 'ਸ਼ੇਰਿ-ਪੰਜਾਬ' ਵੀ ਛਾਪਿਆ ਗਿਆ। ਇਸ ਸਮੇਂ ਪਰਚੇ ਵਿਚ ਪੁਸਤਕ ਰੀਵਿਊ ਵੀ ਛਪਦੇ ਸਨ। ਸੰਪਾਦਕ ਗਿ. ਭਰਪੂਰ ਸਿੰਘ ਜੀ ਨੇ ਇਸ ਪਰਚੇ ਦੀ ਸੰਪਾਦਕੀ ਵੀ ਲਿਖਣੀ ਸ਼ੁਰੂ ਕਰ ਦਿੱਤੀ ਸੀ। ੧੯੮੦ ਈ. ਦੇ ਦਹਾਕੇ ਵਿਚ ਸ. ਭਰਪੂਰ ਸਿੰਘ ਜੀ ਦੀ ਸੁਯੋਗ ਅਗਵਾਈ ਹੇਠ ਲੇਖਕ ਵਿਦਵਾਨਾਂ ਨੂੰ ਅਗਾਊਂ ਰਚਨਾਵਾਂ ਭੇਜਣ ਦੀ ਇਤਲਾਹ ਦੇ ਕੇ ਵਿਸ਼ੇਸ਼ ਅੰਕ ਵੀ ਕੱਢੇ ਜਾਂਦੇ ਸਨ। ਜਨਵਰੀ, ੧੯੮੨ ਈ. ਤੋਂ ਸਾਲਾਨਾ ਚੰਦਾ ਦੇਸ਼ ੨੦ ਰੁਪਏ ਅਤੇ ਪਰਦੇਸ ਸਾਲਾਨਾ ਸਮੁੰਦਰੀ ਡਾਕ ਰਾਹੀਂ ੫੦ ਰੁਪਏ ਹੋ ਗਿਆ ਸੀ। ਇਸ ਅੰਕ ਵਿਚ 'ਪਾਠਕਾਂ ਨੂੰ ਬੇਨਤੀ' ਸਿਰਲੇਖ ਦੇ ਤਹਿਤ ਮਹਿੰਗਾਈ ਹੋਣ ਕਾਰਨ ਮਜ਼ਬੂਰੀ ਵਸ ਚੰਦੇ ਵਿਚ ਵਾਧਾ ਕੀਤਾ ਗਿਆ ਹੈ ਅਤੇ ਨਾਲ ਹੀ ਉਸ ਸਮੇਂ ਇਹ ਪਰਚਾ ਹਵਾਈ ਡਾਕ ਰਾਹੀਂ ਈਰਾਨ, ਮਲੇਸ਼ੀਆ, ਜਕਾਰਤਾ, ਸਿੰਘਾਪੁਰ, ਪਾਕਿਸਤਾਨ, ਅਫ਼ਗਾਨਿਸਤਾਨ ਲਈ ਭੇਟਾ ੭੫ ਰੁਪਏ। ਜਰਮਨੀ, ਕੀਨੀਆ, ਇੰਗਲੈਂਡ, ਡੈਨਮਾਰਕ, ਆਸਟਰੇਲੀਆ ਲਈ ਭੇਟਾ ੯੦ ਰੁਪਏ ਅਤੇ ਅਮਰੀਕਾ, ਕੈਨੇਡਾ, ਮੈਕਸੀਕੋ, ਹਾਲੈਂਡ ਅਤੇ ਨਿਊਜ਼ੀਲੈਂਡ ਲਈ ਭੇਟਾ ੧੩੦ ਰੁਪਏ ਰੱਖੀ ਗਈ।[੯] ਇਸ ਸੂਚਨਾ ਤੋਂ ਪਤਾ ਲੱਗਦਾ ਹੈ ਕਿ ਪਰਚੇ ਦੀ ਸਰਕੂਲੇਸ਼ਨ ਵਿਚ ਕਿੰਨਾ ਵਾਧਾ ਹੋ ਚੁੱਕਿਆ ਸੀ, ਇਹ ਪਰਚਾ ਲਗਪਗ ਅਰਬ ਅਤੇ ਯੂਰਪ ਦੇ ੧੬ ਦੇਸ਼ਾਂ ਵਿਚ ਪੜ੍ਹਿਆ ਜਾਂਦਾ ਸੀ। ਭੇਟਾ ਵਿਚ ਵਾਧਾ ਬਕਾਇਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤ੍ਰਤਾ ਮਿਤੀ ੨੨-੧੨-੧੯੮੧ ਵਿਚ ਮਤਾ ਨੰ: ੭ ਰਾਹੀਂ ਕੀਤਾ ਗਿਆ ਸੀ। ਅਗਸਤ, ੧੯੮੨ ਈ. ਤੋਂ ਸੰਪਾਦਕ ਸ. ਭਾਨ ਸਿੰਘ ਜੀ ਦੀ ਅਗਵਾਈ ਹੇਠ ਨਵਾਂ ਕਾਲਮ 'ਖ਼ਬਰਨਾਮਾ'

ਸਿਰਲੇਖ ਦੇ ਅਧੀਨ ਸ਼ੁਰੂ ਹੋਇਆ, ਜਿਸ ਵਿਚ ਸਾਰੀਆਂ ਚਲੰਤ ਅਤੇ ਪਿਛਲੇ ਮਹੀਨੇ ਦੀਆਂ ਖ਼ਬਰਾਂ ਛਾਪੀਆਂ ਜਾਣ ਲੱਗੀਆਂ ਸਨ। ੧੯੮੨ ਈ. ਦੇ ਅੰਕਾਂ ਵਿਚ ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ ਬਾਰੇ ਜਾਣਕਾਰੀ 'ਪੰਥਕ ਪਿੜ ਅੰਦਰ' ਕਾਲਮ ਰਾਹੀਂ ਦਿੱਤੀ ਜਾਣ ਲੱਗੀ। ਇਨ੍ਹਾਂ ਸਾਲਾਂ ਵਿਚ ਸ੍ਰੀ ਗੁਰੂ ਰਾਮਦਾਸ ਲੰਗਰ ਲਈ ਚੜ੍ਹਤ ਵਿਚ ਆਈ ਕਣਕ ਬਾਰੇ ਅਤੇ ਸ਼ਹੀਦੀ ਫੰਡ ਦੇ ਵੇਰਵੇ ਵੀ ਛਾਪੇ ਜਾਂਦੇ ਸਨ। ਇਸੇ ਤਰ੍ਹਾਂ ਹੀ ਸਰਾਵਾਂ ਲਈ ਸੰਗਤ ਵੱਲੋਂ ਭੇਜੇ ਜਾਂਦੇ ਬਿਸਤਰਿਆਂ ਦੀ ਵੀ ਸੂਚੀ ਛਾਪੀ ਜਾਂਦੀ ਸੀ। ਇਹ ਸੂਚਨਾਵਾਂ ਦੀ ਜਾਣਕਾਰੀ ਪਾਰਦਰਸ਼ਤਾ ਦੀ ਲਖਾਇਕ ਸੀ।

ਜੂਨ, ੧੯੮੪ ਈ. ਵਿਚ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦੇ ਨੁਕਸਾਨ ਤੋਂ ਬਾਅਦ ਲਾਇਬ੍ਰੇਰੀ ਦੀ ਮੁੜ ਉਸਾਰੀ ਲਈ ਮਾਰਚ, ੧੯੮੫ ਈ. ਤੋਂ ਇਕ ਅਪੀਲ ਸੰਗਤ ਨੂੰ ਕੀਤੀ ਕਿ ਜਿਸ ਕੋਲ ਵੀ ਕੀਮਤੀ ਅਤੇ ਦੁਰਲੱਭ ਗ੍ਰੰਥ, ਪੁਸਤਕਾਂ ਹੋਣ ਉਹ ਦਾਨ ਵਜੋਂ ਜਾਂ ਭੇਟਾ ਬਦਲੇ ਲਾਇਬ੍ਰੇਰੀ ਨੂੰ ਦੇਣ ਦੀ ਕ੍ਰਿਪਾਲਤਾ ਕਰਨ। ਨਵੰਬਰ, ੧੯੮੪ ਈ. ਦੇ ਦਿੱਲੀ ਹੋਏ ਕਤਲ-ਏ-ਆਮ ਤੋਂ ਬਾਅਦ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਲੀਫ ਫੰਡ' ਕਾਇਮ ਕੀਤਾ ਗਿਆ ਅਤੇ ਸਿੰਘ ਸਾਹਿਬਾਨ ਵੱਲੋਂ ਹਰ ਪਰਵਾਰ ਨੂੰ ਘੱਟ ਤੋਂ ਘੱਟ ਇਕ ਦਿਨ ਦੀ ਆਮਦਨ ਇਸ ਫੰਡ ਵਿਚ ਜਮ੍ਹਾਂ ਕਰਵਾਉਣ ਦੀ ਅਪੀਲ ਕੀਤੀ ਗਈ ਤਾਂ ਜੋ ਕਤਲ-ਏ-ਆਮ ਵਿਚ ਯਤੀਮ ਹੋਏ ਬੱਚਿਆਂ ਅਤੇ ਵਿਧਵਾਵਾਂ ਦੀ ਮਦਦ ਕੀਤੀ ਜਾ ਸਕੇ। ਸੰਗਤ ਨੇ ਅਪੀਲ ਮੰਨ ਕੇ ਭੇਟਾ ਜਮ੍ਹਾਂ ਕਰਵਾਈ, ਭੇਟਾ ਦੇਣ ਵਾਲਿਆਂ ਅਤੇ ਮਦਦ ਲੈਣ ਵਾਲਿਆਂ ਦੀ ਸੂਚੀ ਨਿਰੰਤਰ ੧੯੮੫ ਈ. ਦੇ ਅੰਕਾਂ ਵਿਚ ਛਪਦੀ ਰਹੀ। ਜਿਨ੍ਹਾਂ ਨੂੰ ਮਦਦ ਦਿੱਤੀ ਗਈ, ਉਹ ਸੂਚੀ ਵੀ ਛਪਦੀ ਰਹੀ।

੧੯੯੦ ਈ. ਦੇ ਅੰਕਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਅਤੇ ਸਿੱਖ ਇਤਿਹਾਸ ਰੀਸਰਚ ਬੋਰਡ ਵੱਲੋਂ ਛਪੀਆਂ ਪੁਸਤਕਾਂ ਦੀ ਸੂਚੀ ਵੀ ਅਤੇ ਗੁਰਮਤਿ ਲਿਟਰੇਚਰ ਹਾਊਸ ਕਿਹੜੇ-ਕਿਹੜੇ ਗੁਰਦੁਆਰਾ ਸਾਹਿਬਾਨ ਵਿਚ ਹਨ, ਬਾਰੇ ਜਾਣਕਾਰੀ ਵੀ ਛਾਪੀ ਜਾਂਦੀ। ਦਸੰਬਰ, ੧੯੯੫ ਈ. ਦੇ ਅੰਕ ਤੋਂ ਜਨਰਲ ਸਮਾਗਮ ਦੀਆਂ ਤਸਵੀਰਾਂ ਰੰਗਦਾਰ ਛਪਣੀਆਂ ਸ਼ੁਰੂ ਹੋ ਗਈਆਂ ਸਨ। ਫਰਵਰੀ ੧੯੯੧ ਈ. ਦੇ ਅੰਕ ਵਿਚ ਸੰਪਾਦਕ ਸ. ਮਨਜੀਤ ਸਿੰਘ ਜੀ ਦੁਆਰਾ ਸੰਪਾਦਕੀ "ਕੀ ਗੁਰਦੁਆਰਾ ਗਜ਼ਟ ਪੜ੍ਹਨਾ ਜੁਰਮ ਹੈ?" ਸਿਰਲੇਖ ਹੇਠ ਛਪੀ ਸੀ। ਜਿਸ ਵਿਚ ਜ਼ਿਕਰ ਕੀਤਾ ਗਿਆ ਸੀ ਕਿ ਪਿਛਲੇ ਕੁਝ ਸਮੇਂ ਤੋਂ ਕੁਝ ਫੌਜੀਆਂ ਵੱਲੋਂ ਦਫ਼ਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਬੇਨਤੀ ਕੀਤੀ ਜਾਂਦੀ ਰਹੀ ਹੈ ਕਿ ਉਨ੍ਹਾਂ ਨੂੰ ਇਹ ਮਾਸਿਕ ਪੱਤਰ (ਗੁ: ਗਜ਼ਟ) ਭੇਜਣਾ ਬੰਦ ਕਰ ਦਿੱਤਾ ਜਾਵੇ। ਜਿਸ ਦਾ ਕਾਰਨ ਇਹ ਹੈ ਕਿ ਫ਼ੌਜ ਦੇ ਸੀਨੀਅਰ ਅਫਸਰਾਂ ਦੁਆਰਾ ਇਸ ਪਰਚੇ ਨੂੰ ਸ਼ੱਕੀ ਨਿਗਾਹ ਨਾਲ ਵੇਖਿਆ ਜਾਂਦਾ ਹੈ ਅਤੇ ਫ਼ੌਜੀ ਜਵਾਨਾਂ, ਗ੍ਰੰਥੀ ਸਿੰਘਾਂ 'ਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਇਸ ਪਰਚੇ ਨੂੰ ਨਾ ਪੜ੍ਹਨ ਇਸ ਸਮੇਂ ਦੌਰਾਨ ਕਈ ਕਮਾਡੈਂਟ ਅਫਸਰਾਂ ਦੀਆਂ ਵੀ ਚਿੱਠੀਆਂ

ਪੁੱਜਦੀਆਂ ਹਨ ਕਿ ਇਸ ਚਿੱਟ ਨੰ: 'ਤੇ 'ਗੁਰਦੁਆਰਾ ਗਜ਼ਟ' ਬੰਦ ਕਰ ਦਿੱਤਾ ਜਾਵੇ। ਕਈਆਂ ਵੱਲੋਂ ਪਰਚਾ ਵਾਪਸ ਵੀ ਭੇਜ ਦਿੱਤਾ ਜਾਂਦਾ ਹੈ। ਸੰਪਾਦਕ ਸਾਹਿਬ ਨੇ ਅੰਤ ਵਿਚ ਲਿਖਿਆ ਕਿ, "ਕੀ ਭਾਰਤ ਦੇ ਸੁਰੱਖਿਆ ਮੰਤਰਾਲੇ ਵੱਲੋਂ ਇਸ ਨੂੰ ਦੇਸ਼ ਵਿਰੋਧੀ ਪਰਚਾ ਕਰਾਰ ਦਿੱਤਾ ਗਿਆ ਹੈ?" "ਕੀ ਕੁਝ ਅਫ਼ਸਰਾਂ ਵੱਲੋਂ ਅਜਿਹਾ ਕਿਸੇ ਫਿਰਕੂ ਸੋਚ ਅਧੀਨ ਕੀਤਾ ਜਾ ਰਿਹਾ ਹੈ? ਕੀ ਸੰਬੰਧਤ ਇਸ ਪਾਸੇ ਬਿਆਨ ਦੇਣਗੇ?"[੯]

ਸੋ ਇਸ ਸੰਪਾਦਕੀ ਲੇਖ ਤੋਂ ਸਿੱਧ ਹੁੰਦਾ ਹੈ ਕਿ ੧੯੮੪ ਈ. ਦੇ ਘੱਲੂਘਾਰੇ ਤੋਂ ਬਾਅਦ ਕਿਤੇ ਨਾ ਕਿਤੇ ਇਸ ਪਰਚੇ ਨੂੰ ਵੀ ਸ਼ੱਕੀ ਮਿਜ਼ਾਜ਼ ਨਾਲ ਦੇਖਿਆ ਜਾਣ ਲੱਗਾ। ਜਿਸ ਕਾਰਨ ਸੰਪਾਦਕ ਸਾਹਿਬ ਨੂੰ ਇਹ ਸੰਪਾਦਕੀ ਲੇਖ ਲਿਖਣ ਲਈ ਮਜ਼ਬੂਰ ਹੋਣਾ ਪਿਆ ਹੋਵੇਗਾ।[੧੦]

ਜਨਵਰੀ, ੧੯੯੯ ਈ. ਦੇ ਅੰਕ ਵਿਚ ਸੰਪਾਦਕ ਸ. ਸੁਰਜੀਤ ਸਿੰਘ ਜੀ ਨੇ ਸੰਪਾਦਕੀ ਲੇਖ "ਗੁਰਦੁਆਰਾ ਗਜ਼ਟ ਦਾ ਨਵਾਂ ਰੂਪ" ਇਸ ਪਰਚੇ ਦੇ ਬਾਰੇ ਲਿਖਦੇ ਹੋਇਆਂ ਇਸ ਦੀ ਅਰੰਭਤਾ ਬਾਰੇ ਵੀ ਲਿਖਿਆ ਹੈ, ਪਰ ਇਹ ਪਰਚਾ ਕਿਸ ਮਹੀਨੇ, ਸਾਲ ਤੋਂ ਸ਼ੁਰੂ ਹੋਇਆ, ਉਸ ਬਾਰੇ ਜ਼ਿਕਰ ਨਹੀਂ ਹੈ। ਜਨਵਰੀ ੧੯੯੯ ਈ. ਤੋਂ ਖ਼ਾਲਸਾ ਪੰਥ ਦੇ ੩੦੦ ਸਾਲਾ ਸਾਜਣਾ ਦਿਵਸ ਦੀ ਸ਼ਤਾਬਦੀ ਦੇ ਇਤਿਹਾਸਿਕ ਵਰ੍ਹੇ ਦੌਰਾਨ ਇਸ ਪਰਚੇ ਦਾ ਸਾਈਜ਼ ਆਮ ਮੈਗਜ਼ੀਨਾਂ ਵਾਲਾ ਕੀਤਾ ਗਿਆ ਅਤੇ ਕੰਪੋਜ਼ਿੰਗ ਕੰਪਿਊਟਰ 'ਤੇ ਕਰਨੀ ਸ਼ੁਰੂ ਹੋਈ, ਜਿਸ ਨਾਲ ਇਸ ਦੀ ਦਿੱਖ ਵਿਚ ਸੁਧਾਰ ਹੋਇਆ।

ਇਸ ਪਰਚੇ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਪ੍ਰਕਾਸ਼ ਸ਼ਤਾਬਦੀ (੧੯੬੭ ਈ.) ਸਮੇਂ 'ਦਸ਼ਮੇਸ਼ ਅੰਕ', ਸ੍ਰੀ ਗੁਰੂ ਨਾਨਕ ਸਾਹਿਬ ਦੇ ੫੦੦ ਸਾਲਾ ਪ੍ਰਕਾਸ਼ ਉਤਸਵ (੧੯੬੯ ਈ.) ਨੂੰ 'ਨਿਰੰਕਾਰੀ ਅੰਕ', ਅੰਮ੍ਰਿਤਸਰ ਸਾਹਿਬ ਦੇ ੪੦੦ ਸਾਲਾ ਸਥਾਪਨਾ ਦਿਵਸ (੧੯੭੭ ਈ.), ਸ੍ਰੀ ਗੁਰੂ ਅਮਰਦਾਸ ਜੀ ਦੇ ੫੦੦ ਸਾਲਾ ਪ੍ਰਕਾਸ਼ ਉਤਸਵ (੧੯੭੯ ਈ.) ਦੇ ਇਤਿਹਾਸਕ ਸ਼ਤਾਬਦੀਆਂ ਸਮੇਂ ਵਿਸ਼ੇਸ਼ ਅੰਕ ਵੀ ਸਮੇਂ-ਸਮੇਂ 'ਤੇ ਵਡਮੁੱਲੇ ਲੇਖਾਂ ਦੇ ਸੰਗ੍ਰਹਿ ਕਰ ਕੇ ਪ੍ਰਕਾਸ਼ਿਤ ਕੀਤੇ ਗਏ ਹਨ। 'ਗੁਰਮਤਿ ਸੰਗੀਤ ਅੰਕ' ਸਤੰਬਰ ੧੯੯੯ ਈ., ਅਪ੍ਰੈਲ ੧੯੯੯ ਈ. ਖ਼ਾਲਸਾ ਸਾਜਨਾ ੩੦੦ ਸਾਲਾ ਸ਼ਤਾਬਦੀ ਸਮਰਪਿਤ ਵਿਸ਼ੇਸ਼ ਅੰਕ, ਗਿਆਨੀ ਕਰਤਾਰ ਸਿੰਘ ਜੀ ਜੁਲਾਈ ੨੦੦੦, ਵਿਸ਼ੇਸ਼ ਅੰਕ ਵੀ ਕੱਢੇ ਗਏ।

ਨਿਮਨ ਦਿੱਤੀ ਗਈ ਸੰਪਾਦਕ ਸਾਹਿਬਾਨ ਦੀ ਸੂਚੀ ਪੂਰਨ ਨਹੀਂ ਕਿਉਂਕਿ ਜੋ ਅੰਕ ਖਾਲਸਾ ਕਾਲਜ, ਅੰਮ੍ਰਿਤਸਰ ਦੇ ਸਿੱਖ ਇਤਿਹਾਸ ਖੋਜ ਕੇਂਦਰ ਦੀ ਲਾਇਬ੍ਰੇਰੀ, ਸਿੱਖ ਰੈਫ਼ਰੈਂਸ ਲਾਇਬ੍ਰੇਰੀ (ਸ੍ਰੀ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਹੋਰ ਨਿੱਜੀ ਲਾਇਬ੍ਰੇਰੀਆਂ ਆਦਿ ਵਿਚ ਜੋ ਅੰਕ ਉਪਲਬਧ ਸਨ, ਉਨ੍ਹਾਂ ਦੇ ਆਧਾਰਿਤ ਤਿਆਰ ਕੀਤੀ ਹੈ। ਕੁਝ ਮਹੀਨਿਆਂ ਅਤੇ ਸਾਲਾਂ ਦੇ ਅੰਕ ਉਪਲੱਬਧ ਨਹੀਂ ਸਨ।

ਇਸ ਲਈ ਇਹ ਸੂਚੀ ਕੁਝ ਕੁ ਅਧੂਰੀ ਹੈ:

| **ਸੰਪਾਦਕ** | **ਸਮਾਂ ਕਾਰਜ ਕਾਲ** |
|---|---|
| **੧.** ਸ. ਜੈਮਲ ਸਿੰਘ ਕੋਹਾਟੀ | ਅਪ੍ਰੈਲ, ੧੯੨੯ ਈ. ਮਾਰਚ, ੧੯੩੧ ਈ. |
| **੨.** ਸ. ਹਰਨਾਮ ਸਿੰਘ | ਅਪ੍ਰੈਲ, ੧੯੩੧ ਈ. ਤੋਂ ਅਗਸਤ ਜਾਂ ਸਤੰਬਰ ੧੯੩੧ ਈ. |
| **੩.** ਸ. ਜੈਮਲ ਸਿੰਘ ਕੋਹਾਟੀ | ਸਤੰਬਰ/ ਅਕੂਤਬਰ ੧੯੩੧ ਈ. ਤੋਂ ਜੁਲਾਈ, ੧੯੩੭ ਈ. |

(ਅਗਸਤ, ਸਤੰਬਰ, ਅਕਤੂਬਰ, ਨਵੰਬਰ, ਦਸੰਬਰ, ੧੯੩੭ ਈ. ਉਪਲਬਧ ਵੀਂ ਹਨ।)

| | |
|---|---|
| **੪.** ਸ. ਮੁਬਾਰਿਕ ਸਿੰਘ | ਫਰਵਰੀ, ੧੯੪੦ ਈ. ਤੋਂ ਜੂਨ, ੧੯੪੧ ਈ. |
| **੫.** ਸ. ਸਾਧੂ ਸਿੰਘ ਹਮਦਰਦ | ਨਵੰਬਰ ੧੯੪੧ ਈ. ਤੋਂ ਨਵੰਬਰ, ੧੯੪੩ ਈ. |
| **੬.** ਸ. ਸ਼ਾਦੀ ਸਿੰਘ ਬੀ. ਏ. | ਦਸੰਬਰ, ੧੯੪੩ ਈ. |
| **੭.** ਪ੍ਰੋ. ਹਰਿਭਜਨ ਸਿੰਘ | ਅਗਸਤ, ੧੯੪੮ ਈ. ਤੋਂ ਸਤੰਬਰ, ੧੯੪੯ ਈ. |
| **੮.** ਸ. ਪਿਆਰਾ ਸਿੰਘ ਪਦਮ | ਅਕਤੂਬਰ,੧੯੪੯ ਈ. ਤੋਂ ਅਪ੍ਰੈਲ, ੧੯੫੦ ਈ. |
| **੯.** ਪ੍ਰੋ. ਹਰਿਭਜਨ ਸਿੰਘ | ਮਈ, ੧੯੫੦ ਤੋਂ ਜੂਨ, ੧੯੫੦ ਈ. |
| **੧੦.** ਸ. ਰਵੇਲ ਸਿੰਘ, (ਮੀਤ ਸਕੱਤਰ) | ਜੁਲਾਈ, ੧੯੫੦ ਤੋਂ ਦਸੰਬਰ, ੧੯੫੦ |
| **੧੧.** ਸ. ਅਮਰ ਸਿੰਘ ਚਾਕਰ, ਐਡੀਟਰ | ਜਨਵਰੀ, ੧੯੫੦ |
| **੧੨.** ਸ. ਕਰਤਾਰ ਸਿੰਘ ਐਮ. ਏ., (ਚੀਫ਼ ਐਡੀ.) | ਜਨਵਰੀ, ੧੯੫੦ ਤੋਂ ਮਈ, ੧੯੫੨ |
| **੧੩.** ਪ੍ਰੋ. ਹਰਿਭਜਨ ਸਿੰਘ, (ਐਡੀ: ਇੰਚਾਰਜ) | ਜਨਵਰੀ, ੧੯੫੦ ਈ. ਤੋਂ ਜੁਲਾਈ, ੧੯੫੧ ਈ. |
| **੧੪.** ਪ੍ਰੋ. ਹਰਿਭਜਨ ਸਿੰਘ, (ਐਡੀ: ਇੰਚਾਰਜ) | ਨਵੰਬਰ, ੧੯੫੧ ਈ. ਤੋਂ ਮਈ, ੧੯੫੨ ਈ. |
| **੧੫.** ਸ. ਰਵੇਲ ਸਿੰਘ ਬੀ. ਏ. | ਜਨਵਰੀ, ੧੯੫੪ ਈ. ਕੇਵਲ |
| **੧੬.** ਪ੍ਰੋ. ਹਰਿਭਜਨ ਸਿੰਘ | ਫਰਵਰੀ, ੧੯੫੪ ਈ. |
| **੧੭.** ਗਿ. ਦਸੌਂਧਾ ਸਿੰਘ 'ਮੁਸ਼ਤਾਕ' | ਅਗਸਤ, ੧੯੫੪ ਈ. ਅਕਤੂਬਰ ੧੯੫੫ ਈ. |
| **੧੮.** ਗਿ. ਅਮਰ ਸਿੰਘ 'ਚਾਕਰ' | ਜਨਵਰੀ, ੧੯੫੫ ਈ. |

**੧੯.** ਜੂਨ, ੧੯੫੭ ਈ. ਤੋਂ ਜੂਨ, ੧੯੬੪ ਈ. ਤਕ ਉਪਲਬਧ ਨਹੀਂ ਹਨ।

**੨੦.** ਜੁਲਾਈ, ੧੯੬੪ ਈ. ਦੇ ਪਿੱਛੇ ਐਡੀਟਰ ਦਾ ਨਾਮ ਦਿੱਤਾ ਹੈ।

**੨੧.** ਸ. ਮਹਿੰਦਰ ਸਿੰਘ ਗਿਆਨੀ- ਅਗਸਤ, ੧੯੬੦

**੨੨.** ਮਾਸਟਰ ਸੁਜਾਨ ਸਿੰਘ- ਜੁਲਾਈ, ੧੯੬੪

**੨੩.** ਸ. ਮਹਿੰਦਰ ਸਿੰਘ ਗਿਆਨੀ- ਮਾਰਚ, ੧੯੬੫

**੨੪.** ਸ. ਭਰਪੂਰ ਸਿੰਘ ਗਿਆਨੀ- ਜਨਵਰੀ, ੧੯੮੦-ਅਕਤੂਬਰ, ੧੯੮੧

**੨੫.** ਸ. ਭਾਨ ਸਿੰਘ- ਨਵੰਬਰ, ੧੯੮੧- ਜੁਲਾਈ, ੧੯੮੮

**੨੬.** ਸ. ਹਰਬੀਰ ਸਿੰਘ ਭੰਵਰ, (ਸਬ-ਐਡੀਟਰ, ਐਸੋਸੀਏਟ) ਮਈ ੧੯੮੩, ਅਪ੍ਰੈਲ ੧੯੮੪ ਈ.

**੨੭.** ਸ. ਗੁਰਮੀਤ ਸਿੰਘ 'ਚੀਮਾ' (ਐਸੋਸੀਏਟ ਐਡੀਟਰ) ਮਈ, ੧੯੮੪-ਅਪ੍ਰੈਲ, ੧੯੮੬

**੨੮.** ਦਵਿੰਦਰ ਸਿੰਘ ਐਮ. ਏ. (ਅੰਗਰੇਜ਼ੀ ਸੈਕਸ਼ਨ) ਜੁਲਾਈ, ੧੯੮੫-ਜਨਵਰੀ, ੧੯੮੬

**੨੯.** ਸ. ਗੁਰਮੀਤ ਸਿੰਘ 'ਚੀਮਾ' (ਅੰਗਰੇਜ਼ੀ ਸੈਕਸ਼ਨ) ਫਰਵਰੀ ੧੯੮੬-ਅਪ੍ਰੈਲ ੧੯੮੬

**੩੦.** ਪ੍ਰਿੰ. ਪ੍ਰਕਾਸ਼ ਸਿੰਘ (ਅੰਗਰੇਜ਼ੀ ਸੈਕਸ਼ਨ) ਨਵੰਬਰ, ੧੯੮੬-ਜੁਲਾਈ, ੧੯੮੭

**੩੧.** ਸ. ਵਰਿਆਮ ਸਿੰਘ (ਪੰਜਾਬੀ ਸੈਕਸ਼ਨ) (ਐਸੋਸੀਏਟ ਐਡੀਟਰ) ਦਸੰਬਰ, ੧੯੮੬-ਜੁਲਾਈ, ੧੯੮੭

**੩੨.** ਜੋਗਿੰਦਰ ਸਿੰਘ ਐਮ. ਏ. (ਪੰਜਾਬੀ / ਅੰਗਰੇਜ਼ੀ), (ਐਸੋਸੀਏਟ ਐਡੀਟਰ) ਅਗਸਤ, ੧੯੮੬-ਦਸੰਬਰ, ੧੯੮੫

**੩੩.** ਮਨਜੀਤ ਸਿੰਘ (ਪੰਜਾਬੀ / ਅੰਗਰੇਜ਼ੀ) ਐਡੀਟਰ- ਅਗਸਤ, ੧੯੮੮-ਦਸੰਬਰ, ੧੯੯੧

**੩੪.** ਹਰਿੰਦਰ ਸਿੰਘ ਖ਼ਾਲਸਾ (ਐਡੀਟਰ) ਜਨਵਰੀ, ੧੯੯੨-ਮਾਰਚ, ੧੯੯੫

**੩੫.** ਜੋਗਿੰਦਰ ਸਿੰਘ ਅਦਲੀਵਾਲ (ਐਸੋਸੀਏਟ ਐਡੀਟਰ) ਜਨਵਰੀ, ੧੯੯੩-ਦਸੰਬਰ, ੧੯੯੫

**੩੬.** ਸ. ਮਨਜੀਤ ਸਿੰਘ ਕਲਕੱਤਾ (ਐਡੀਟਰ) ਅਪ੍ਰੈਲ, ੧੯੯੫-ਸਤੰਬਰ, ੧੯੯੮

**੩੭.** ਸ. ਦਿਲਜੀਤ ਸਿੰਘ ਬੇਦੀ (ਐਸੋਸੀਏਟ ਐਡੀਟਰ) ਜਨਵਰੀ, ੧੯੯੬-ਨਵੰਬਰ, ੧੯੯੭

**੩੮.** ਸ. ਕੁਲਦੀਪ ਸਿੰਘ (ਸਹਾਇਕ ਸੰਪਾਦਕ) ਦਸੰਬਰ, ੧੯੯੭-ਜੁਲਾਈ, ੧੯੯੮

**੩੯.** ਸ. ਰਾਮ ਸਿੰਘ ਸਹਾਇਕ (ਸੰਪਾਦਕ) ਅਗਸਤ, ੧੯੯੮-ਜੂਨ, ੧੯੯੯

**੪੦.** ਸ. ਸੁਰਜੀਤ ਸਿੰਘ (ਸੰਪਾਦਕ) ਅਕਤੂਬਰ, ੧੯੯੮-ਅਪ੍ਰੈਲ ੧੯੯੯

**੪੧.** ਸ. ਕੁਲਵੰਤ ਸਿੰਘ (ਸੰਪਾਦਕ) ਮਈ / ਜੂਨ, ੧੯੯੯-ਨਵੰਬਰ, ੧੯੯੯

**੪੨.** ਸ. ਦਿਲਜੀਤ ਸਿੰਘ ਬੇਦੀ, (ਕਾਰਜਕਾਰੀ ਸੰਪਾਦਕ) ਜੁਲਾਈ, ੧੯੯੯

**੪੩.** ਡਾ. ਗੁਰਬਚਨ ਸਿੰਘ 'ਬਚਨ' (ਸੰਪਾਦਕ) ਦਸੰਬਰ ੧੯੯੯-ਦਸੰਬਰ ੧੯੯੯

**੪੪.** ਕੁਲਵੰਤ ਸਿੰਘ (ਸੰਪਾਦਕ) ਫਰਵਰੀ, ੨੦੦੦-ਅਪ੍ਰੈਲ ੨੦੦੦

**੪੫.** ਰਾਮ ਸਿੰਘ (ਸਹਾਇਕ ਸੰਪਾਦਕ) ਫਰਵਰੀ, ੨੦੦੦

**੪੬.** ਸ. ਗੁਰਬਚਨ ਸਿੰਘ ਬਚਨ (ਸੰਪਾਦਕ) ਮਈ, ੨੦੦੦

ਬਹੁਤ ਵੱਡੀਆਂ-ਵਡੀਆਂ ਨਾਮਵਰ ਹਸਤੀਆਂ, ਇਸ ਮਾਸਿਕ ਪੱਤਰ ਦੀਆਂ ਸੰਪਾਦਕ ਰਹਿ ਚੁਕੀਆਂ ਹਨ। ਇਹ ਪੱਤਰ ਅੱਜ ਵੀ ਨਿਰੰਤਰ ਛਪ ਰਿਹਾ ਹੈ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਾਬਤ ਪੂਰਨ ਜਾਣਕਾਰੀ ਪਾਠਕਾਂ ਨੂੰ ਮੁਹੱਈਆ ਕਰਵਾਉਂਦਾ ਹੈ।

**ਹਵਾਲੇ :**

**੮.** *ਗੁਰਦੁਆਰਾ ਗਜ਼ਟ*, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਜਨਵਰੀ ੧੯੮੨, ਪੰਨਾ ੫੨.

**੯.** *ਗੁਰਦੁਆਰਾ ਗਜ਼ਟ*, ਸੰਪਾਦਕੀ, ਫਰਵਰੀ ੧੯੯੧, ਪੰਨੇ ੭-੮.

**੧੦.** *ਉਹੀ*, ਸੰਪਾਦਕ

# ਹੱਥ-ਲਿਖਤ ਜਨਮ ਸਾਖੀ ਖਰੜਿਆਂ ਦੀ ਚਿਤਰਨ ਪਰੰਪਰਾ

*-ਡਾ. ਜਸਵਿੰਦਰ ਸਿੰਘ**

ਕਿਸੇ ਵੀ ਸਮਾਜ ਅਤੇ ਸੱਭਿਆਚਾਰ ਦੇ ਇਤਿਹਾਸ ਦੇ ਅਧਿਐਨ ਲਈ ਉਸ ਦੀਆਂ ਹੱਥ-ਲਿਖਤਾਂ ਇਕ ਅਹਿਮ ਅਤੇ ਉਸਾਰੂ ਮਾਧਿਅਮ ਹਨ। ਹੱਥ-ਲਿਖਤ ਖਰੜਿਆਂ ਦੀ ਗੱਲ ਕਰੀਏ ਤਾਂ ਇਹ ਈਸਾ ਪੂਰਵ ਦੂਜੀ ਸ਼ਤਾਬਦੀ ਜਦੋਂ ਕਾਗਜ਼ ਦੀ ਖੋਜ ਹੋਈ, ਉਸ ਤੋਂ ਪਹਿਲਾਂ ਵੀ ਇਹ ਕਾਰਜ ਬਾਦਸਤੂਰ ਜਾਰੀ ਸੀ। ਲੇਖਣੀ ਦੇ ਪੰਜ ਹਜ਼ਾਰ ਸਾਲਾਂ ਵਿਚ ਕਾਗਜ਼ ਦੀ ਖੋਜ ਤੋਂ ਪਹਿਲਾਂ ਕਈ ਪੁਰਾਤਨ ਗ੍ਰੰਥ ਤਾੜ ਪੱਤਰ, ਚਰਮ (ਚਮੜਾ) ਪੱਤਰ, ਕੱਪੜੇ, ਤਾਮਰ ਪੱਤਰ ਆਦਿ ਅਨੇਕਾਂ ਮਾਧਿਅਮਾਂ ਉੱਤੇ ਲਿਖੇ ਜਾਂਦੇ ਰਹੇ ਹਨ, ਜਿਨ੍ਹਾਂ ਵਿੱਚੋਂ ਅੱਜ ਵੀ ਕਈ ਦਿੱਲੀ ਦੇ 'ਨੈਸ਼ਨਲ ਮਿਊਜ਼ੀਅਮ' ਵਿਚ ਮੌਜੂਦ ਹਨ। ਹੁਣ ਤਕ ਹੋਈ ਖੋਜ ਵਿਚ ਭਾਵੇਂ ਇਹ ਪਤਾ ਨਹੀਂ ਲੱਗ ਸਕਿਆ ਕਿ ਸਭ ਤੋਂ ਪੁਰਾਤਨ ਹੱਥ ਲਿਖਤ ਕਿਹੜੀ ਹੈ ਅਤੇ ਕਿਸ ਨੇ ਲਿਖੀ ਹੈ ਪਰ ਬਹੁਤੇ ਵਿਦਵਾਨਾਂ ਦੀ ਇਹੋ ਰਾਏ ਹੈ ਕਿ ਧਾਰਮਿਕ ਗ੍ਰੰਥ ਹੀ ਸਭ ਤੋਂ ਪੁਰਾਤਨ ਹੱਥ-ਲਿਖਤਾਂ ਹਨ। ਵਿਦਵਾਨਾਂ ਨੇ ੧੫ਵੀਂ ਸਦੀ ਈਸਾ ਪੂਰਵ ਯਹੂਦੀਆਂ ਦੇ ਧਾਰਮਿਕ ਗ੍ਰੰਥ 'ਤੋਰਾ' ਨੂੰ ਸੰਸਾਰ ਦੀ ਸਭ ਤੋਂ ਪੁਰਾਤਨ ਹੱਥ-ਲਿਖਤ ਮੰਨਿਆ ਹੈ।

ਭਾਰਤ ਵਿਚ ੧੬ਵੀਂ ਸਦੀ ਦੇ ਮੁਗ਼ਲ ਸ਼ਾਸਨ ਕਾਲ ਦੌਰਾਨ ਹੱਥ-ਲਿਖਤਾਂ ਦੇ ਲਿਖੇ ਜਾਣ ਦੀ ਪਰੰਪਰਾ ਸ਼ੁਰੂ ਹੁੰਦੀ ਹੈ। ਤੁਰਕੀ ਵਿਚ ਬਾਬਰ ਦਾ 'ਬਾਬਰਨਾਮਾ', ਜਹਾਂਗੀਰ ਦੇ ਸੰਸਮਰਣ ਨੂੰ ਫ਼ਾਰਸੀ ਵਿਚ 'ਤੁਜ਼ਕ-ਏ-ਜਹਾਂਗੀਰੀ', 'ਸ਼ਾਹਨਾਮਾ', 'ਬੁਸਤਾਂ', 'ਰਜਮਨਾਮਾ', 'ਸਿਕੰਦਰਨਾਮਾ', 'ਅਕਬਰਨਾਮਾ' ਆਦਿ ਪ੍ਰਸਿੱਧ ਹੱਥ-ਲਿਖਤਾਂ ਵਿਚ ਸੰਬੰਧਿਤ ਲਘੂ ਚਿੱਤਰ (ਮਿਨੀਏਚਰ) ਬਣਾਏ ਗਏ। ੧੮ਵੀਂ ਸਦੀ ਤਕ ਇਹ ਪਰੰਪਰਾ ਕਾਫ਼ੀ ਜ਼ੋਰ ਫੜ ਚੁੱਕੀ ਸੀ। ਬਾਦਸ਼ਾਹਾਂ ਨੇ ਇਸ ਕੰਮ ਲਈ ਕਲਾ ਕਾਰਜਸ਼ਾਲਾਵਾਂ ਵੀ ਬਣਾਈਆਂ, ਜਿੱਥੇ ਮਾਹਿਰ ਚਿੱਤਰਕਾਰ ਕੰਮ ਕਰਦੇ ਸਨ। ਇਨ੍ਹਾਂ ਹੱਥ-ਲਿਖਤਾਂ ਵਿਚ ਤਤਕਾਲੀਨ ਇਤਿਹਾਸ, ਧਰਮ, ਰਾਜਿਆਂ ਦੀ ਸੋਚ, ਰਹਿਣ-ਸਹਿਣ, ਨਿਆਂ ਪ੍ਰਣਾਲੀ ਅਤੇ ਜੰਗਾਂ ਆਦਿ ਬਾਰੇ ਅਨੇਕਾਂ ਵੇਰਵੇ ਮਿਲਦੇ ਹਨ।

ਮੁਗ਼ਲਾਂ ਦੀ ਇਹ ਲਘੂ-ਚਿੱਤਰ ਸ਼ੈਲੀ, ਜੋ ਅਸਲ ਵਿਚ ਚੀਨੀ ਮੂਲ ਦੀ ਸੀ, ਨੂੰ ਹਿੰਦੂਆਂ ਨੇ ਆਪਣੇ ਧਾਰਮਿਕ ਗ੍ਰੰਥਾਂ ਦੇ ਸ਼ਿੰਗਾਰ ਲਈ ਅਪਣਾਇਆ। 'ਰਾਮ ਚਰਿਤ ਮਾਨਸ', 'ਹਰਿਵੰਸ਼', 'ਮਹਾਭਾਰਤ', 'ਭਗਵਤ ਗੀਤਾ' ਆਦਿ ਵਿਚ

*ਪੈਂਟ ਹਾਊਸ ਨੰ: ਸੀ-੧੧੦੩, ੧੧ਵੀਂ ਮੰਜ਼ਿਲ, ਸ਼ਿਪ੍ਰਾ ਕ੍ਰਿਸ਼ਨਾ ਵਿਸਟਾ, ਇੰਦਰਾਪੁਰਮ, ਗਾਜ਼ੀਆਬਾਦ-੨੦੧੦੧੪; ਮੋ. ੯੮੧੦੬੦੨੯੧੫*

ਲਿਖਤ ਦੇ ਨਾਲ ਚਿੱਤਰ ਬਣਵਾਏ। ਇਸੇ ਤਰ੍ਹਾਂ ਜੈਨ ਧਰਮ ਨਾਲ ਸੰਬੰਧਿਤ 'ਕਲਪ ਸੂਤਰ' ਹੱਥ ਲਿਖਤਾਂ ਵਿਚ ਮਹਾਂਵੀਰ ਅਤੇ ਹੋਰਨਾਂ ਤੀਰਥੰਕਰਾਂ ਦੇ ਉਪਦੇਸ਼ ਸੰਮਿਲਤ ਹਨ, ਜਿਨ੍ਹਾਂ ਦੀ ਭਾਸ਼ਾ ਪ੍ਰਾਕਿਰਤ ਅਤੇ ਦੇਵਨਾਗਰੀ ਹੈ। ਸਮਾਂ ਪਾ ਕੇ ਇਹ ਪਰੰਪਰਾ ਸਿੱਖਾਂ ਨੇ ਵੀ ਕਬੂਲੀ, ਜਿਸ ਦੇ ਤਹਿਤ ਉਨ੍ਹਾਂ ਹੱਥ-ਲਿਖਤ 'ਜਨਮ ਸਾਖੀਆਂ' ਨੂੰ ਚਿੱਤਰਾਂ ਨਾਲ ਸ਼ਿੰਗਾਰਨਾ ਸ਼ੁਰੂ ਕੀਤਾ।

ਮੁਗ਼ਲਾਂ ਤੋਂ ਚੱਲੀ ਆਈ ਇਹ ਪਰੰਪਰਾ ਸਿੱਖਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ 'ਜਨਮ ਸਾਖੀਆਂ' ਦੇ ਰੂਪ ਵਿਚ ਸ਼ੁਰੂ ਹੁੰਦੀ ਹੈ। ਇਕ ਦੌਰ ਐਸਾ ਵੀ ਆਇਆ ਜਦੋਂ ਮੂਲ 'ਜਨਮ ਸਾਖੀਆਂ' ਦੇ ਧੜਾਧੜ ਉਤਾਰੇ ਹੋਏ। ਭਾਵੇਂ ਬਹੁਤੀਆਂ ਹੱਥ-ਲਿਖਤਾਂ ਵਿੱਤੀ ਕਾਰਨਾਂ ਕਰਕੇ ਚਿੱਤਰ-ਵਿਹੂਣੀਆਂ ਹੀ ਰਹਿ ਗਈਆਂ। ਪਿਛੋਕੜ 'ਚ ਝਾਤੀ ਮਾਰੀਏ ਤਾਂ 'ਜਨਮ ਸਾਖੀਆਂ' ਦਾ ਮੁੱਢਲਾ ਰੂਪ ਦੰਤ ਕਥਾਵਾਂ ਦੇ ਰੂਪ ਵਿਚ ਗੁਰੂ ਸਾਹਿਬ ਦੇ ਵੇਲੇ ਹੀ ਵਿਦਮਾਨ ਸੀ, 'ਜਨਮ ਸਾਖੀਆਂ' ਦੇ ਰੂਪ ਵਿਚ ਇਹ ਕਥਾਵਾਂ ਪਕੇਰੀਆਂ ਸਮਾਂ ਪਾ ਕੇ ਹੋਈਆਂ।

'ਜਨਮ ਸਾਖੀ' ਸ਼ਬਦ ਦੋ ਅੱਖਰਾਂ ਦੇ ਸੁਮੇਲ ਤੋਂ ਬਣਿਆ ਹੈ:- 'ਜਨਮ' ਅਤੇ 'ਸਾਖੀ'। 'ਜਨਮ' ਦਾ ਅਰਥ ਵਿਅਕਤੀ ਦੇ ਜੰਮਣ ਤੇ ਜੀਵਨ ਦੀ ਕਿਰਿਆ ਹੈ ਅਤੇ 'ਸਾਖੀ' ਦਾ ਅਰਥ ਸਾਕਸ਼ੀ (ਸੰਸਕ੍ਰਿਤ) ਯਾਨਿ ਗਵਾਹ ਜਾਂ ਗਵਾਹੀ ਤੋਂ ਲਏ ਗਏ ਹਨ। ਕਈ ਵਾਰ ਇਸ ਦੇ ਅਰਥ ਕਥਾ ਜਾਂ ਘਟਨਾ ਤੋਂ ਵੀ ਲਏ ਜਾਂਦੇ ਹਨ। ਇਸ ਤਰ੍ਹਾਂ 'ਜਨਮ ਸਾਖੀ' ਦੇ ਅਰਥ ਕਿਸੇ ਵਿਅਕਤੀ ਵਿਸ਼ੇਸ਼ ਦੇ ਜੀਵਨ ਦੀ ਕਥਾ, ਕਹਾਣੀ, ਪ੍ਰਸੰਗ ਜਾਂ ਬਿਰਤਾਂਤ ਰੂਪ ਵਿਚ ਲਏ ਜਾਂਦੇ ਹਨ। 'ਸਾਖੀ' ਸ਼ਬਦ ਨਾਨਕ ਬਾਣੀ ਵਿਚ ਚਾਰ ਵਾਰ ਆਇਆ ਹੈ। 'ਜਨਮ ਸਾਖੀ' ਤੋਂ ਅਰਥ ਸਿਰਫ ਜਨਮ ਹੀ ਨਹੀਂ ਬਲਕਿ ਚਲਾਣਾ ਕਰ ਜਾਣ ਸਮੇਂ ਅਤੇ ਬਾਅਦ ਦੀ ਘਟਨਾ ਨੂੰ ਵੀ ਸੰਮਿਲਤ ਕੀਤਾ ਜਾਣਾ ਹੈ। ਇਹ ਗੁਰ ਇਤਿਹਾਸ ਦਾ ਪ੍ਰਤੀਨਿੱਧਤਵ ਤਾਂ ਕਰਦੀਆਂ ਹੀ ਹਨ, ਨਾਲ ਹੀ ਸਾਨੂੰ ਸਿੱਖੀ ਦੇ ਅਤੀਤ ਵਿਚ ਝਾਕਣ ਦਾ ਮੌਕਾ ਵੀ ਪ੍ਰਦਾਨ ਕਰਦੀਆਂ ਹਨ। ਇਹ ਹੀ ਨਹੀਂ 'ਜਨਮ ਸਾਖੀਆਂ' ਸਾਡੇ ਇਤਿਹਾਸ-ਬੋਧ ਨੂੰ ਵਿਕਸਿਤ ਕਰਨ ਅਤੇ ਅਤੀਤ ਮੰਥਨ ਵਿਚ ਵੀ ਮਹੱਤਵਪੂਰਨ ਭੂਮਿਕਾ ਅਦਾ ਕਰਦੀਆਂ ਹਨ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ (੧੪੬੯ ਈ.) ਤੋਂ ਬਾਅਦ ਉਨ੍ਹਾਂ ਵੱਲੋਂ ਚਾਰੇ ਦਿਸ਼ਾਵਾਂ ਵਿਚ ਅਨੇਕਾਂ ਸਾਲ ਕੀਤੀਆਂ ਉਦਾਸੀਆਂ (ਪ੍ਰਚਾਰ ਯਾਤਰਾਵਾਂ) ਦੌਰਾਨ ਦਿੱਤੇ ਉਪਦੇਸ਼ਾਂ ਅਤੇ ਫ਼ਿਲਾਸਫ਼ੀ ਦੇ ਅਸਰ ਹੇਠ ਤਤਕਾਲੀਨ ਭਾਰਤੀ ਸਮਾਜ-ਸੱਭਿਆਚਾਰ ਤੇ ਜੀਵਨ-ਜਾਚ ਵਿਚ ਅਨੋਖੀ ਤਬਦੀਲੀ ਦਾ ਆਗ਼ਾਜ਼ ਹੁੰਦਾ ਹੈ। ਇਸੇ ਕਾਇਆ-ਕਲਪ ਦਾ ਅਸਰ ਅੱਜ ਸਾਢੇ ਪੰਜ ਸੌ ਸਾਲ ਬਾਅਦ ਵੀ ਵੇਖਿਆ ਜਾ ਸਕਦਾ ਹੈ, ਭਾਵੇਂ ਇਹ ਮਸ਼ੀਨੀਕਰਨ ਦੀ ਮਾਰ ਹੇਠ ਆਧੁਨਿਕ ਰੂਪ ਲੈ ਲੈਣ ਕਰਕੇ ਆਪਣੇ ਮੂਲ ਰੂਪ ਵਿਚ ਨਹੀਂ ਰਿਹਾ। 'ਜਨਮ ਸਾਖੀ' ਦਾ ਮੁੱਢਲਾ ਸੱਚ ਇਹ

ਹੈ ਕਿ ਇਨ੍ਹਾਂ ਵਿਚ ਅਧਿਆਤਮ ਤੇ ਰਹੱਸ ਪਸਰਿਆ ਹੁੰਦਾ ਹੈ ਯਥਾਰਥ ਤੇ ਇਤਿਹਾਸ ਪੇਤਲੇ ਰੂਪ ਵਿਚ ਵਿਦਮਾਨ ਹੁੰਦਾ ਹੈ। ਇਸ ਤਰ੍ਹਾਂ 'ਜਨਮ ਸਾਖੀਆਂ' ਭਾਵੇਂ ਇਤਿਹਾਸਿਕ ਮੂਲ ਦੀਆਂ ਰਚਨਾਵਾਂ ਨਹੀਂ ਪਰ ਸਾਖੀਆਂ ਵਿਚ ਪ੍ਰਸਤੁਤ ਗੁਰੂ ਨਾਨਕ ਸਾਹਿਬ ਦਾ ਬਿੰਬ ਲੋਕਪ੍ਰਿਯ ਹੋ ਕੇ ਲੋਕ ਮਨਾਂ ਵਿਚ ਵੱਸਦਾ ਰੂੜ੍ਹ ਹੋ ਗਿਆ।

ਇਤਿਹਾਸ ਦੇ ਵਰਕੇ ਫੋਲਦਿਆਂ ਪਤਾ ਲਗਦਾ ਹੈ ਕਿ ਲਿਖਾਰੀਆਂ ਨੇ ਗੁਰੂ ਸਾਹਿਬਾਨ ਦੇ ਜੀਵਨ ਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਸਾਖੀਆਂ ਦੇ ਰੂਪ ਵਿਚ ਇਕੱਤਰ ਕੀਤਾ, ਜਿਸ ਦੀ ਪਰੰਪਰਾ ਪਹਿਲਾਂ ਮੌਖਿਕ ਰੂਪ ਵਿਚ ਚੱਲ ਰਹੀ ਸੀ। ਜਨ-ਸਾਧਾਰਨ ਦੀ ਮੰਗ ਹੇਠ ਇਨ੍ਹਾਂ ਮੌਖਿਕ ਸਾਖੀਆਂ ਨੂੰ ਹੱਥ-ਲਿਖਤ ਖਰੜਿਆਂ ਦੇ ਰੂਪ ਵਿਚ ਕਲਮਬੱਧ ਕੀਤਾ ਜਾਣ ਲੱਗਾ। 'ਜਨਮ ਸਾਖੀ' ਲਿਖਾਰੀਆਂ ਦਾ ਉਸ ਵੇਲੇ ਮੁੱਖ ਟੀਚਾ ਗੁਰੂ ਸਾਹਿਬਾਨ ਦੇ ਪੂਰੇ ਜੀਵਨ-ਕਾਲ ਨੂੰ ਕਲਮਬੱਧ ਕਰਨਾ ਹੀ ਨਹੀਂ ਸੀ ਬਲਕਿ ਉਨ੍ਹਾਂ ਦੇ ਜੀਵਨ ਵਿਚ ਵਿਚਰਣ ਸਮੇਂ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਜਨ-ਸਾਧਾਰਨ ਸਾਹਮਣੇ ਪੇਸ਼ ਕਰਕੇ ਉਨ੍ਹਾਂ ਪ੍ਰਤੀ ਸ਼ਰਧਾ ਭਾਵਨਾ ਦਾ ਅੰਸ਼ ਜਗਾਉਣਾ ਸੀ। ਇੱਥੇ ਇਸ ਲੇਖ ਵਿਚ 'ਜਨਮ ਸਾਖੀ' ਵਿਚ 'ਜਨਮ' ਤੋਂ ਅਰਥ ਵਿਅਕਤੀ ਦੇ ਪੈਦਾ ਹੋਣ ਤੋਂ ਨਹੀਂ ਬਲਕਿ ਉਸ ਦੇ 'ਜੀਵਨ' ਤੋਂ ਲਿਆ ਜਾਏ। ਜੀਵਨ ਘਟਨਾ ਦੀ ਇਸ ਪੇਸ਼ਕਾਰੀ ਨੂੰ 'ਜਨਮ ਸਾਖੀ' ਕਿਹਾ ਜਾਂਦਾ ਹੈ।

ਇਤਿਹਾਸ ਵੱਲ ਝਾਤੀ ਮਾਰੀਏ ਤਾਂ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਜਾਣਨ/ਵੇਖਣ ਦੀ ਜਗਿਆਸਾ ਵਿੱਚੋਂ 'ਜਨਮ ਸਾਖੀ' ਪਰੰਪਰਾ ਦਾ ਉਦੈ ਹੁੰਦਾ ਹੈ। ਨਿਰਸੰਦੇਹ ਉਸ ਕਾਲ ਵਿਚ ਜਨ-ਸਧਾਰਨ ਬਾਣੀ ਦੇ ਡੂੰਘੇ ਅਰਥਾਂ ਨੂੰ ਆਸਾਨੀ ਨਾਲ ਨਹੀਂ ਸੀ ਸਮਝ ਸਕਦਾ, ਪਰ ਸਾਖੀ ਵਿਚਲੀਆਂ ਘਟਨਾਵਾਂ ਨੂੰ ਚਿੱਤਰ ਰੂਪ ਵਿਚ ਵੇਖ ਕੇ ਉਹ ਵਿਸਮਾਦਿਤ ਹੋ ਉੱਠਦਾ ਸੀ, ਜਿਸ ਨਾਲ ਉਸ ਦੀ ਰੂਹ ਦੀ ਤ੍ਰਿਪਤੀ ਹੋ ਜਾਂਦੀ ਸੀ। ਸਾਖੀ ਵਿਚਲੀ ਸਚਿੱਤਰ ਦ੍ਰਿਸ਼ਟਮਾਨ ਘਟਨਾ ਨੂੰ ਸਮਝਦਿਆਂ ਸਾਰੀ ਸਾਖੀ ਉਸ ਲਈ ਸਮਝ ਲੈਣੀ ਅਸਾਨ ਹੋ ਗਈ। ਜਨ-ਸਧਾਰਨ ਤਕ ਪਹੁੰਚ ਕਰ ਲੈਣ ਕਰਕੇ 'ਜਨਮ ਸਾਖੀ' ਲਿਖਾਰੀਆਂ ਨੇ ਸਾਖੀਆਂ ਦੀ ਲਿਖਤ ਦੇ ਨਾਲ-ਨਾਲ ਸੰਬੰਧਿਤ ਚਿੱਤਰ ਬਣਾਉਣੇ ਸ਼ੁਰੂ ਕਰ ਦਿੱਤੇ। ਇਸ ਅਮਲ ਦੇ ਨਾਲ ਉਹ (ਲਿਖਾਰੀ/ਚਿੱਤਰਕਾਰ) ਦਰਸ਼ਕ ਦੇ ਵੱਧ ਨੇੜ੍ਹੇ ਹੋ ਗਏ। ਇਸੇ ਨੇੜ੍ਹਤਾ ਦੇ ਨਤੀਜੇ ਵਜੋਂ 'ਜਨਮ ਸਾਖੀ' ਚਿੱਤਰ ਪਰੰਪਰਾ ਦਾ ਰਸਮੀ ਆਗ਼ਾਜ਼ ਹੋ ਗਿਆ।

'ਜਨਮ ਸਾਖੀ' ਸਾਹਿਤ ਦਾ ਉਦਭਵ ੧੬ਵੀਂ ਸਦੀ ਦੇ ਅੱਧ ਤੋਂ ਬਾਅਦ ਦਾ ਹੈ। ੧੭ਵੀਂ ਸਦੀ ਵਿਚ 'ਜਨਮ ਸਾਖੀ' ਪਰੰਪਰਾ ਆਪਣੇ ਅਰੂਜ਼ 'ਤੇ ਸੀ। 'ਜਨਮ ਸਾਖੀ' ਹੱਥ-ਲਿਖਤ ਖਰੜਿਆਂ ਵਿਚ ਸਾਖੀ ਵਾਰਤਕ ਦੇ ਨਾਲ ਖੱਬੇ ਪੰਨੇ ਉੱਤੇ ਕਿਸੇ ਪ੍ਰਬੀਨ ਚਿੱਤਰਕਾਰ ਦੁਆਰਾ ਸਾਖੀ ਨਾਲ ਸੰਬੰਧਿਤ ਚਿੱਤਰ ਬਣਾਏ ਜਾਣ ਲੱਗੇ। ਇਨ੍ਹਾਂ ਹੱਥ-ਲਿਖਤ 'ਜਨਮ ਸਾਖੀਆਂ' ਵਿਚ ਬਹੁਤ ਸੁੰਦਰ ਅੱਖਰਕਾਰੀ

ਕੀਤੀ ਗਈ। ਇਸ ਤੋਂ ਇਲਾਵਾ 'ਜਨਮ ਸਾਖੀ' ਦੀ ਇਬਾਰਤ ਦੇ ਚਾਰੇ ਪਾਸੇ ਹਾਸ਼ੀਆ ਬਣਾ ਕੇ, ਫੁੱਲ ਪੱਤੇ ਚਿਤਰ ਕੇ ਹੱਥ-ਲਿਖਤਾਂ ਨੂੰ ਹੋਰ ਵੀ ਸੁੰਦਰ ਬਣਾਇਆ ਗਿਆ ਹੁੰਦਾ ਹੈ। ਅਜਿਹੀ ਕਲਾਤਮਿਕ ਰੰਗਤ ਦੇਣ ਦਾ ਰਿਵਾਜ ਮੁਗ਼ਲ ਚਿੱਤਰਕਾਰੀ ਦੇ ਪ੍ਰਭਾਵ ਅਧੀਨ ਹੀ ਸਚਿੱਤਰ 'ਜਨਮ ਸਾਖੀਆਂ' ਵਿਚ ਵੇਖਣ ਨੂੰ ਮਿਲਦਾ ਹੈ। ਨਤੀਜੇ ਵਜੋਂ ਗੁਰੂ ਕਾਲ ਵਿਚ ਇਕ ਨਵੀਂ ਚਿੱਤਰ ਕਲਾ ਪਰੰਪਰਾ ਦਾ ਆਗ਼ਾਜ਼ ਹੁੰਦਾ ਹੈ, ਜਿਸ ਨੂੰ ਅਸੀਂ 'ਸਿੱਖ ਸਕੂਲ ਆਫ ਜਨਮ ਸਾਖੀ ਪੇਂਟਿੰਗ' ਦਾ ਨਾਂਅ ਦਿੱਤਾ ਹੈ, ਭਾਵ ਸਿੱਖ ਜਨਮ ਸਾਖੀ ਚਿਤਰਨ ਸ਼ੈਲੀ।

'ਜਨਮ ਸਾਖੀ' ਪਰੰਪਰਾ ਦੀ ਸ਼ੁਰੂਆਤ ਮੌਖਿਕ ਰੂਪ ਵਿਚ ਅਤੇ ਫਿਰ ਅਨੇਕਾਂ ਹੱਥ-ਲਿਖਤ ਖਰੜਿਆਂ ਦੀ ਆਮਦ ਨਾਲ ਵਿਕਾਸ ਕਰ ਗਈ। ਇਕ ਲੰਮੇ ਸਮੇਂ ਬਾਅਦ 'ਜਨਮ ਸਾਖੀਆਂ' ਨੂੰ ਕਿਤਾਬੀ ਰੂਪ ਵਿਚ ਵੀ ਛਪਵਾਇਆ ਗਿਆ, ਜਿਸ ਦੀ ਕੜੀ ਵਿਚ ਬਾਬਾ ਜੈਮਲ ਸਿੰਘ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ 'ਜਨਮ ਸਾਖੀ' ਛਪੀ ਮਿਲਦੀ ਹੈ, ਜੋ ਪੁਰਾਤਨ ਪੰਜਾਬ ਦੇ ਵਜ਼ੀਰਾਬਾਦ ਦੀ ਤਹਿਸੀਲ ਸ਼ਾਕਨ ਸੋਦਰਾ ਵਿਖੇ ਨਵੰਬਰ ੧੮੮੬ ਈ. (ਨਾਨਕਸ਼ਾਹੀ ੪੧੮) ਵਿਚ ਮੁਕੰਮਲ ਕੀਤੀ ਗਈ। ਇਹ 'ਜਨਮ ਸਾਖੀ' ਕਪੂਰਥਲੇ ਦੇ ਧਰਮ ਪ੍ਰਕਾਸ਼ ਛਾਪੇਖਾਨੇ ਤੋਂ ਮੁਨਸ਼ੀ ਸੱਯਦ ਤੇ ਬਾਵਾ ਅਰਜਨ ਸਿੰਘ ਦੀ ਮਦਦ ਨਾਲ ਛਪੀ। ਪ੍ਰਿੰਟ ਹੋਈਆਂ ਇਨ੍ਹਾਂ ਸਾਖੀਆਂ ਵਿਚ ਰੇਖਾ-ਚਿੱਤਰ (ਸਕੈੱਚ) ਤਾਂ ਹਨ ਪਰ ਰੰਗੀਨ ਚਿੱਤਰ ਨਹੀਂ।

ਇਸ 'ਜਨਮ ਸਾਖੀ' ਦੇ ਮੁੱਖ ਪੰਨੇ ਉੱਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਕ ਰੇਖਾ-ਚਿੱਤਰ ਵੀ ਉਲੀਕਿਆ ਗਿਆ ਹੈ। ਇਸ ਚਿੱਤਰ ਵਿਚ ਗੁਰੂ ਸਾਹਿਬ ਦੇ ਸੱਜੇ ਪਾਸੇ ਭਾਈ ਬਾਲਾ ਚਉਰ ਕਰ ਰਿਹਾ ਹੈ ਅਤੇ ਖੱਬੇ ਪਾਸੇ ਭਾਈ ਮਰਦਾਨਾ ਰਬਾਬ ਉੱਪਰ ਸੰਗੀਤਕ ਧੁਨਾਂ ਛੇੜ ਰਿਹਾ ਹੈ। ਗੁਰੂ ਸਾਹਿਬ ਨੂੰ ਦਰਵੇਸ਼ੀ ਟਾਕੀਆਂ ਵਾਲਾ ਦੁਸ਼ਾਲਾ ਲਈ ਇਕ ਹਰੇ-ਭਰੇ ਦਰੱਖ਼ਤ ਹੇਠ ਬੈਠੇ ਅਤੇ ਅੱਖਾਂ ਨੀਵੀਆਂ ਕਰ ਸਿਮਰਨਾ ਫੜ੍ਹੀ ਨਾਮ ਖੁਮਾਰੀ ਵਿਚ ਬੈਠੇ ਦਿਖਾਇਆ ਗਿਆ ਹੈ। ਇਸ ਰੇਖਾ-ਚਿੱਤਰ ਵਿਚ ਉਨ੍ਹਾਂ ਦੇ ਸਿਰ ਦੇ ਦੁਆਲ਼ੇ ਗੋਲ ਦਾਇਰੇ ਨਾਲ ਤੇਜ-ਪੁੰਜ ਵੀ ਉਲੀਕਿਆ ਗਿਆ ਹੈ, ਜੋ ਕੈਥੋਲਿਕ ਚਿੱਤਰਕਾਰੀ ਤੋਂ ਪ੍ਰੇਰਿਤ ਹੈ। 'ਜਨਮ ਸਾਖੀਆਂ' ਦੇ ਅਸਲ ਹੱਥ-ਲਿਖਤ ਖਰੜੇ 'ਤੇ ਉਨ੍ਹਾਂ ਵਿਚ ਚਿੱਤਰ ਉਲੀਕਣਾ, ਸਿੱਖ ਚਿੱਤਰਕਾਰੀ ਦੇ ਵਿਕਾਸ ਦਾ ਦੌਰ ਸੀ। ੧੮੭੦ 'ਚ ਪ੍ਰਿੰਟਿੰਗ ਪ੍ਰੈੱਸ ਦੀ ਆਮਦ ਨਾਲ ਹੱਥ-ਲਿਖਤਾਂ ਦੇ ਉਤਾਰੇ ਕਰਨੇ ਵੀ ਬੰਦ ਹੋ ਗਏ ਤੇ ਛਪਣ ਨਾਲ 'ਜਨਮ ਸਾਖੀਆਂ' ਆਮ ਲੋਕਾਂ ਲਈ ਵੀ ਉਪਲਬਧ ਹੋਣੀਆਂ ਸ਼ੁਰੂ ਹੋ ਗਈਆਂ।

ਜਿਨ੍ਹਾਂ ਹੱਥ-ਲਿਖਤ 'ਜਨਮ ਸਾਖੀਆਂ' ਵਿਚ ਚਿੱਤਰ ਬਣੇ ਹੋਏ ਮਿਲਦੇ ਹਨ, ਉਨ੍ਹਾਂ ਵਿੱਚ ਦਿੱਲੀ ਦੇ ਸਵ. ਪਿਆਰੇ ਲਾਲ ਕਪੂਰ ਦੇ ਵੰਸ਼ਜਾਂ ਪਾਸ ਪਈ ੨੬੭ ਪੱਤਰਿਆਂ ਵਾਲੀ 'ਭਾਈ ਬਾਲੇ ਵਾਲੀ ਜਨਮ ਸਾਖੀ' ਵਿਚ ੨੮ ਚਿੱਤਰ ਹਨ। ਇਹ

ਹੁਣ ਤਕ ਪ੍ਰਾਪਤ ਹੋਈਆਂ ਹੱਥ-ਲਿਖਤਾਂ ਵਿੱਚੋਂ ਸਭ ਤੋਂ ਪੁਰਾਣੀ 'ਜਨਮ ਸਾਖੀ' ਹੈ। ਇਸ ਵਿਚ ਸੰਮਤ ੧੭੧੫ ਮਾਘ ਮਹੀਨਾ ਤੇ ਲਿਖਣ ਵਾਲੇ ਦਾ ਨਾਂਅ ਗੋਰਖ ਦਾਸ ਦਰਜ ਹੈ। ਜ਼ਿਲ੍ਹਾ ਸੰਗਰੂਰ ਦੇ ਅਰਦਮਨ ਸਿੰਘ ਬਾਗੜੀਆਂ ਕੋਲੋਂ ਪ੍ਰਾਪਤ 'ਜਨਮ ਸਾਖੀ' ੧੭੨੪ ਈਸਵੀ ੧੭੮੧ ਬਿਕ੍ਰਮੀ ਮੱਘਰ ਮਹੀਨੇ ਦੀ ਹੈ। ੨੧੨ ਪੰਨਿਆਂ ਵਾਲੀ ਇਸ ਸਾਖੀ ਦੇ ਅੰਤ ਵਿਚ ਲਿਖਾਰੀ ਨੇ ਆਪਣਾ ਨਾਂਅ ਨਹੀਂ ਲਿਖਿਆ। ਇਸ 'ਜਨਮ ਸਾਖੀ' ਵਿਚ ੪੨ ਚਿੱਤਰ ਮਿਲਦੇ ਹਨ। ਇਕ ਹੋਰ 'ਹੱਥ-ਲਿਖਤ' ਖਰੜਾ ਸ. ਮਨੋਹਰ ਸਿੰਘ ਮਾਰਕੋ ਕੋਲ ਹੈ, ਜੋ ਕਿ ਬਿਕ੍ਰਮੀ ੧੮੨੮ (੧੭੭੧ ਈਸਵੀ) ਦਾ ਹੈ। ੧੬੬ ਪੰਨਿਆਂ ਵਾਲੀ ਇਸ 'ਜਨਮ ਸਾਖੀ' ਵਿਚ ੪੩ ਚਿੱਤਰ ਹਨ। ਇਨ੍ਹਾਂ ਤੋਂ ਇਲਾਵਾ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਦੇ ਨਿੱਜੀ ਪੁਸਤਕਾਲਾ ਵਿਚ ਭਾਈ ਮਨੀ ਸਿੰਘ ਦੀ ੫੭੨ ਪੰਨਿਆਂ ਵਾਲੀ 'ਗਿਆਨ ਰਤਨਾਵਲੀ' ਵਿਚ ੧੫੦ ਦੇ ਕਰੀਬ ਚਿੱਤਰ ਹਨ, ਜੋ ਚਰਪਟ ਨਾਮੀ ਲਿਖਾਰੀ ਦੀ ਲਿਖੀ ਹੋਈ ਹੈ। ਮਹਾਰਾਜੇ ਕੋਲ ੧੭੭੦ ਈ. ਦੀ ਲਿਖੀ 'ਭਾਈ ਬਾਲੇ ਵਾਲੀ ਜਨਮ ਸਾਖੀ' ਵੀ ਪਈ ਹੈ। ੧੩੭ ਪੰਨਿਆਂ ਵਾਲੀ ਇਸ 'ਜਨਮ ਸਾਖੀ' ਵਿਚ ੮੨ ਚਿੱਤਰ ਹਨ। ਸ੍ਰੀ ਅੰਮ੍ਰਿਤਸਰ ਦੇ ਹਰਭਜਨ ਸਿੰਘ-ਹਰਚਰਨ ਸਿੰਘ ਚਾਵਲਾ ਕੋਲ ਪਈ 'ਭਾਈ ਬਾਲੇ ਵਾਲੀ ਜਨਮ ਸਾਖੀ' ਵਿਚ ੮੦ ਚਿੱਤਰ ਹਨ। ੨੫੬ ਪੰਨਿਆਂ ਵਾਲੀ ਇਸ 'ਜਨਮ ਸਾਖੀ' ਦਾ ਰਚਨਾਕਾਲ ੧੭੬੦ ਈ. ਹੈ। ਪਟਨਾ ਦੇ ਉਦਾਸੀਨ ਮੰਡਲ ਪੱਛਮੀ ਦਰਵਾਜ਼ਾ ਦੇ ਮਹੰਤ ਰਾਮ ਕ੍ਰਿਸ਼ਨ ਕੋਲ ੧੭੬੮ ਈ. ਵਿਚ ਸਮਾਤ ਰਾਮ ਦੀ ਲਿਖੀ ਹੱਥ-ਲਿਖਤ 'ਜਨਮ ਸਾਖੀ' ਦਾ ਖਰੜਾ ਮੌਜੂਦ ਹੈ। ਇਸ ਵਿਚ ਬਣੇ ਕੁਝ ਚਿੱਤਰ ਸਾਧੂ ਰਾਮ ਨੇ ਚਿੱਤਰੇ ਹਨ।

ਉਪਰੋਕਤ ਹੱਥ-ਲਿਖਤ ਖਰੜੇ ਦੇਖਣ ਅਤੇ ਵਾਚਣ ਲਈ ਉਪਲਬਧ ਨਾ ਹੋ ਸਕਣ ਕਾਰਨ ਅਧਿਐਨ ਦਾ ਹਿੱਸਾ ਨਹੀਂ ਬਣ ਸਕੇ ਤੇ ਲਿਹਾਜ਼ਾ ਚਿੱਤਰਾਂ ਦੀ ਵਿਆਖਿਆ ਵੀ ਨਹੀਂ ਹੋ ਸਕੀ। ਉਪਲਬਧ ਹੋਣ ਵਾਲੀਆਂ ਸਚਿੱਤਰ ਸਾਖੀਆਂ ਵਿੱਚੋਂ ੧੭੩੩ ਈ. ਵਿਚ ਲਿਖੀ 'B-40 ਜਨਮ ਸਾਖੀ ਗੁਰੂ ਬਾਬਾ ਨਾਨਕ', ਜਿਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਪ੍ਰਕਾਸ਼ਿਤ ਵੀ ਕੀਤਾ ਹੈ, ਵਿਚ ੫੭ ਸਾਖੀਆਂ ਦੇ ੫੭ ਚਿੱਤਰ ਉੱਤਮ ਦਰਜੇ ਦੇ ਹਨ। ਇਹ ਸਾਰੇ ਕਲਮੀ (ਨਿੱਕ) ਚਿੱਤਰ ਕਸਬੀ ਚਿੱਤਰਕਾਰ ਆਲਮ ਚੰਦ ਰਾਜ ਨੇ ਚਿੱਤਰੇ ਹਨ, ਜੋ ਜਾਤ ਦਾ ਤਰਖਾਣ ਸੀ। ਆਲਮ ਚੰਦ ਦਾ ਉਸਤਾਦ ਭਾਈ ਫਕੀਰਾ ਸੀ, ਜਿਸ ਨੇ ਵੀ B-40, ਤੋਂ ਪਹਿਲਾਂ 'ਜਨਮ ਸਾਖੀ' ਲਿਖੀ। ਇਸ ਵਿਚ ਹਰ ਸਾਖੀ ਦੇ ਨਾਲ ੬੪ ਚਿੱਤਰ ਬਣਾਏ ਦੱਸੇ ਜਾਂਦੇ ਹਨ ਪਰ ਅਫਸੋਸ ਇਸ ਦਾ ਜ਼ਿਕਰ ਤਾਂ ਮਿਲਦਾ ਹੈ, ਉਪਲਬਧਤਾ ਨਹੀਂ ਹੋ ਸਕੀ। ਦਿੱਲੀ ਦੇ ਪਿਆਰੇ ਲਾਲ ਕਪੂਰ ਵਾਲੇ 'ਜਨਮ ਸਾਖੀ ਭਾਈ ਬਾਲਾ' ਦੇ ਉਤਾਰੇ (੧੬੫੮ ਈ.) ਵਿਚਲੇ ਕੁਝ ਕੁ ਚਿੱਤਰ ਉਪਲਬਧ ਹੋ ਸਕੇ ਹਨ।

ਦਿੱਲੀ ਦੇ ਨੈਸ਼ਨਲ ਮਿਊਜ਼ੀਅਮ ਤੇ ਚੰਡੀਗੜ੍ਹ ਦੇ ਸਰਕਾਰੀ ਮਿਊਜ਼ੀਅਮ ਵਿਚ ਪਈਆਂ 'ਜਨਮ ਸਾਖੀਆਂ' ਵਿੱਚੋਂ ਵੀ ਕਈ ਚਿੱਤਰ ਮਿਲੇ ਹਨ। ਇਕ ਅਗਿਆਤ ਰਚੈਤਾ ਵੱਲੋਂ ੧੯੩੦ ਈ. ਵਿਚ ਰਚੀ 'ਜਨਮ ਸਾਖੀ' ਦੇ ਚਿੱਤਰ ਮਿਲੇ ਹਨ। ਇਕ ਹੋਰ ਅਗਿਆਤ ਲਿਖਾਰੀ ਦੀ ਹੱਥ-ਲਿਖਤ ਵਿਚ ਵੀ ਕੁਝ ਚਿੱਤਰ ਚੰਗੀ ਹਾਲਤ ਵਿਚ ਮਿਲੇ ਹਨ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਯੂਨੀਵਰਸਿਟੀ ਕੋਲ ਪਈ ਅਸਲ ਸੰਤ ਦਾਸ ਛਿੱਬਰ ਦੀ 'ਜਨਮ ਸਾਖੀ ਬਾਬਾ ਨਾਨਕ ਸਾਹ ਕੀ' ਜਿਸ ਵਿਚ ੯ ਕਲਮੀ ਚਿੱਤਰ ਹਨ, ਜੋ ਉਪਲਬਧ ਹੋ ਸਕੇ ਹਨ। ਇਸੇ ਸਾਖੀ ਦੇ ਉਤਾਰੇ ਦੇ ਵੀ ਕੁਝ ਚਿੱਤਰ ਮਿਲੇ ਹਨ, ਜਿਨ੍ਹਾਂ ਨੂੰ ਉਪਰੋਕਤ ਸਾਖੀਆਂ ਵਿਚਲੇ ਚਿੱਤਰਾਂ ਦੇ ਨਾਲ ਲੇਖ ਦੇ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ।

ਸੋ, ਸਚਿੱਤਰਿਤ 'ਜਨਮ ਸਾਖੀਆਂ' ਦੇ ਰੂਪ ਵਿਚ 'B-40 ਜਨਮ ਸਾਖੀ ਗੁਰੂ ਬਾਬਾ ਨਾਨਕ' ਜਿਸ ਦਾ ਅਸਲ ਸਰੂਪ ਲੰਦਨ ਦੀ ਫੌਰਨ ਐਂਡ ਕਾਮਨਵੈਲਥ ਆਫ਼ਿਸ ਲਾਇਬ੍ਰੇਰੀ ਵਿਚ ਮੌਜੂਦ ਹੈ, ਪ੍ਰਾਪਤ ਹੁੰਦੀ ਹੈ। ਅਸਲ 'ਜਨਮ ਸਾਖੀ' ੧੯੦੭ ਵਿਚ ਲਾਹੌਰ ਤੋਂ ਬ੍ਰਿਟਿਸ਼ ਲਾਇਬ੍ਰੇਰੀ ਪੁੱਜੀ ਦੱਸੀ ਜਾਂਦੀ ਹੈ। ਇਹ 'ਜਨਮ ਸਾਖੀ ੩ ਭਾਦਰੋਂ, ਦਿਨ ਸ਼ੁੱਕਰਵਾਰ ਸੰਮਤ ੧੭੯੦ (੧੭੩੩ ਈ.) ਵਿਚ ਦਇਆ ਰਾਮ ਅਬਰੋਲ ਨਾਮੀ ਲਿਖਾਰੀ ਨੇ ਧਨਾਢ ਭਾਈ ਸੰਗੂ ਦੀ ਸਰਪ੍ਰਸਤੀ ਵਿਚ ਸੰਪੂਰਨ ਕੀਤੀ। ਅਬਰੋਲ ਸੁਲਤਾਨਪੁਰ ਲੋਧੀ ਨੇੜੇ ਸੁਰਖਪੁਰ ਦਾ ਰਹਿਣ ਵਾਲਾ ਸੀ। ਇਸ ਨੇ 'B-40' ਤੋਂ ਪਹਿਲਾਂ ੧੭੩੧ ਈਸਵੀ ਵਿਚ 'ਪੁਰਾਤਨ ਜਨਮ ਸਾਖੀ' ਦਾ ਵੀ ਉਤਾਰਾ ਕੀਤਾ।

'ਜਨਮ ਸਾਖੀ' ਲਿਖਾਰੀਆਂ ਨੇ ਸਾਖੀਆਂ ਦਾ ਨਿਭਾਅ ਦੋ ਪ੍ਰਮੁੱਖ ਰੂਪਾਂ ਵਿਚ ਕੀਤਾ ਹੈ: ਇਕ ਹੱਥ-ਲਿਖਤ ਖਰੜਿਆਂ ਦੇ ਰੂਪ ਵਿਚ ਅਤੇ ਦੂਜਾ ਇਕ ਲੰਮੇ ਸਮੇਂ ਦੇ ਅੰਤਰਾਲ ਬਾਅਦ ਗੁਰਦੁਆਰਿਆਂ, ਮੱਠਾਂ, ਅਖਾੜਿਆਂ ਦੀ ਤਾਮੀਰ ਤੋਂ ਬਾਅਦ ਉਨ੍ਹਾਂ ਦੀਆਂ ਕੰਧਾਂ ਉੱਪਰ ਵਿਭਿੰਨ ਰੰਗਾਂ ਨਾਲ ਕੰਧ ਚਿੱਤਰਾਂ (ਮਿਊਰਲ) ਦੇ ਰੂਪ ਵਿਚ। ਇੱਥੇ ਅਸੀਂ ਸਿਰਫ ਹੱਥ-ਲਿਖਤ 'ਜਨਮ ਸਾਖੀ' ਖਰੜਿਆਂ ਵਿਚ ਕੀਤੀ ਚਿੱਤਰਕਾਰੀ ਨੂੰ ਹੀ ਆਪਣੇ ਅਧਿਐਨ ਦਾ ਆਧਾਰ ਬਣਾਵਾਂਗੇ।

'ਜਨਮ ਸਾਖੀ' ਦੀ ਬਣਤਰ ਜਾਂ ਉਸਾਰੀ ਬਾਰੇ ਗੱਲ ਕਰੀਏ ਤਾਂ ਇਹ ਕਿਸੇ ਇਤਿਹਾਸਿਕ ਵਿਅਕਤੀ ਦੇ ਆਦਰਸ਼ਾਂ ਨੂੰ ਪ੍ਰਗਟ ਕਰਨ, ਉਸ ਦੇ ਚਰਿੱਤਰ ਦੇ ਅਨੁਕੂਲ ਅਤੇ ਸੰਭਾਵਨਾਵਾਂ ਅਨੁਸਾਰ ਲੋਕ ਰੂਪਾਂ (Motif) ਨਾਲ ਕੀਤੀ ਜਾਂਦੀ ਹੈ। ਸ਼ਾਬਦਿਕ ਰੂਪ ਵਿਚ 'ਜਨਮ ਸਾਖੀ' ਲਿਖਾਰੀ ਸਾਖੀ ਵਿਚਲੇ ਮੁੱਖ ਨਾਇਕ ਨੂੰ ਅਧਿਆਤਮਿਕ ਤੌਰ 'ਤੇ ਬਲਵਾਨ, ਕਰਨੀ ਵਾਲਾ, ਚਾਰੇ ਗੁਣ ਸਮਰੱਥ ਚਿੱਤਰਦਾ ਹੈ।

ਵਿਦਵਾਨਾਂ ਦੀ ਗੱਲ ਜਾਣੀਏ ਤਾਂ ਵਣਜਾਰਾ ਬੇਦੀ 'ਜਨਮ ਸਾਖੀਆਂ' ਨੂੰ

ਲੋਕਧਾਰਾ ਦੇ ਖੇਤਰ ਦੀ ਵਸਤੂ ਮੰਨਦਾ ਹੈ। ਉਸ ਅਨੁਸਾਰ, "ਸਾਖੀ ਵਿਚ ਲੋਕ ਮਨ ਨਾਲ ਇਕਸੁਰ ਹੋ ਕੇ ਕਿਸੇ ਅਮੂਰਤ ਵਿਚਾਰ, ਨੈਤਿਕ ਸੰਦੇਸ਼ ਜਾਂ ਅਧਿਆਤਮਿਕ ਅਨੁਭਵ ਨੂੰ ਇਕ ਸਮੂਰਤ ਘਟਨਾ ਪ੍ਰਬੰਧ ਵਿਚ ਪੇਸ਼ ਕੀਤਾ ਜਾਂਦਾ ਹੈ।" ਇਸ ਤਰ੍ਹਾਂ 'ਜਨਮ ਸਾਖੀਆਂ' ਨੀਤੀ ਕਥਾਵਾਂ ਵਾਂਗ ਕੋਈ ਨੈਤਿਕ/ਕਲਿਆਣਕਾਰੀ ਸੰਦੇਸ਼ ਪੇਸ਼ ਕਰ ਰਹੀਆਂ ਹੁੰਦੀਆਂ ਹਨ। 'ਜਨਮ ਸਾਖੀ' ਲਿਖਾਰੀ ਆਪਣੇ ਨਾਇਕ ਨਾਲ ਜੁੜੀਆਂ ਸ਼ਰਧਾਮੂਲਕ ਰੂੜ੍ਹੀਆਂ ਵਰਤ ਕੇ ਉਨ੍ਹਾਂ ਨੂੰ ਕਾਲਪਨਿਕਤਾ ਦੀ ਪੁੱਠ ਦੇ ਕੇ ਆਪਣੀ ਵਾਰਤਕ ਦੇ ਕਥਾਨਕ ਨੂੰ ਵਿਸਥਾਰ ਦਿੰਦਾ ਹੈ। 'ਜਨਮ ਸਾਖੀਆਂ' ਵਿਚਲਾ ਨਾਇਕ ਰਿੱਧੀਆਂ-ਸਿੱਧੀਆਂ ਵਾਲਾ ਪਰਮੇਸ਼ਰ ਵੱਲੋਂ ਭੇਜਿਆ ਦੈਵੀ ਸ਼ਕਤੀਆਂ ਦਾ ਮਾਲਿਕ ਹੈ, ਜਿਸ ਅੱਗੇ ਦੁਸ਼ਮਣ/ਵਿਰੋਧੀ ਸ਼ਕਤੀਆਂ ਵੀ ਉਸ ਦੇ ਹੱਕ ਵਿਚ ਕਾਰਜ ਕਰਦੀਆਂ ਹਨ। ਸਾਖੀਆਂ ਵਿਚ ਸਿਰਜੀ ਗਈ ਸ਼ਰਧਾ ਅੱਗੇ ਕਿੰਤੂ-ਪ੍ਰੰਤੂ ਤੇ ਪ੍ਰਸ਼ਨ-ਚਿੰਨ੍ਹ ਲਈ ਕੋਈ ਥਾਂ ਨਹੀਂ। ਸੋ 'ਜਨਮ ਸਾਖੀਆਂ' ਵਿਚ ਉਸ ਵੇਲੇ ਦੇ ਸਮਾਜ-ਸੱਭਿਆਚਾਰ ਅਤੇ ਲੋਕ ਮਨਾਂ ਵਿਚਲੇ ਸੱਚ ਨੂੰ ਨਾਲੋ ਨਾਲ ਚਿੱਤਰਿਆ ਹੈ।

ਪਹਿਲਾਂ-ਪਹਿਲ ਲਿਖੀਆਂ ਗਈਆਂ 'ਜਨਮ ਸਾਖੀਆਂ' ਵਿਚ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਨਾਲ ਸੰਬੰਧਿਤ ਵਿਸ਼ੇਸ਼ ਘਟਨਾਵਾਂ ਨੂੰ ਸਾਖੀ ਸਾਹਿਤ ਦੇ ਰੂਪ ਵਿਚ ਕਲਮਬੱਧ ਕੀਤਾ ਗਿਆ ਪਰੰਤੂ ਬਾਅਦ ਵਿਚ 'ਜਨਮ ਸਾਖੀਆਂ' ਦੇ ਮੂਲ ਪਾਠ ਦੇ ਨਾਲ-ਨਾਲ ਉਸ ਸਾਖੀ ਨਾਲ ਸੰਬੰਧਿਤ ਘਟਨਾ ਦੇ ਵਿਸ਼ੇਸ਼ ਪਲਾਂ ਨੂੰ ਇਕ ਚਿੱਤਰ ਬਣਾ ਕੇ ਪਾਠਕ ਸਾਹਵੇਂ ਹੂ-ਬ-ਹੂ ਦ੍ਰਿਸ਼ਟਮਾਨ ਕਰ ਦਿੱਤਾ, ਜਿਵੇਂ ਉਹ ਘਟਨਾ ਉਸ ਦੇ ਸਾਹਮਣੇ ਵਾਪਰ ਰਹੀ ਹੋਵੇ। ਲਗਪਗ ਹਰ 'ਜਨਮ ਸਾਖੀ' ਦੇ ਤਿੰਨ ਪ੍ਰਮੁੱਖ ਹਿੱਸੇ ਹਨ:- ਪਹਿਲੇ ਹਿੱਸੇ ਵਿਚ ਗੁਰੂ ਸਾਹਿਬ ਦੇ ਬਚਪਨ, ਦੂਜੇ ਹਿੱਸੇ ਵਿਚ ਉਦਾਸੀਆਂ ਅਤੇ ਤੀਜੇ ਹਿੱਸੇ ਵਿਚ ਕਰਤਾਰਪੁਰ ਸਾਹਿਬ ਦੇ ਕਿਆਮ ਬਾਰੇ ਜ਼ਿਕਰ ਹੈ। ਵੱਖੋ-ਵੱਖ ਲਿਖਾਰੀਆਂ ਵੱਲੋਂ ਲਿਖੀਆਂ 'ਜਨਮ ਸਾਖੀਆਂ' ਵਿਚਲਾ ਨਾਇਕ ਭਾਵੇਂ ਇੱਕ ਹੀ ਹੋਵੇ ਪਰ ਉਨ੍ਹਾਂ ਦੀ ਜੀਵਨੀ ਦੀਆਂ ਘਟਨਾਵਾਂ ਵਿਚਲੇ ਵਿਸਥਾਰ ਬਦਲ ਜਾਂਦੇ ਹਨ। ਚਿੱਤਰਾਂ ਦੀ ਯੋਜਨਾਬੰਦੀ ਕਰਨ ਤੋਂ ਪਹਿਲਾਂ ਚਿੱਤਰਕਾਰਾਂ ਨੇ 'ਜਨਮ ਸਾਖੀਆਂ' ਦਾ ਚੰਗੀ ਤਰ੍ਹਾਂ ਮੁਤਾਲਿਆ ਕੀਤਾ ਹੋਵੇਗਾ, ਚਿੱਤਰਾਂ ਨੂੰ ਵੇਖ ਕੇ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ। ਇਨ੍ਹਾਂ ਸਾਖੀਆਂ ਵਿੱਚੋਂ ਕਈ ਭਾਵੇਂ ਵਿਗਿਆਨਕ ਸੋਚ ਅਧੀਨ ਵਾਦ-ਵਿਵਾਦ ਦੇ ਘੇਰੇ ਵਿਚ ਆਉਣ ਪਰ ਇੱਥੇ ਸਾਡਾ ਮੰਤਵ ਅਜਿਹੇ ਵਾਦ-ਵਿਵਾਦ ਵਿਚ ਨਾ ਪੈ ਕੇ ਉਨ੍ਹਾਂ ਦੇ ਕਲਾਤਮਿਕ ਸੌਂਦਰਯ ਦਾ ਮੁੱਲਾਂਕਣ ਕਰਨਾ ਹੈ। ਅਜਿਹੀ ਕਲਾਤਮਿਕਤਾ ਨੂੰ ਲੋਕ ਤੱਤਾਂ ਰਾਹੀਂ ਸਮਝਿਆ ਜਾ ਸਕਦਾ ਹੈ।

ਸਾਖੀ ਸਾਹਿਤ ਦਾ ਲੋਕ ਤੱਤ ਪ੍ਰਮੁੱਖ ਅੰਗ ਹਨ, ਇਹੋ ਲੋਕ ਤੱਤ, ਲੋਕ ਸੱਚ ਵਿਚ ਤਬਦੀਲ ਹੋ ਜਾਂਦੇ ਹਨ। ਇਹ ਉਹ ਸੱਚ ਹੈ, ਜੋ ਉਸ ਵੇਲੇ ਦੇ ਲੋਕ ਸਮੂਹ ਨੇ ਪ੍ਰਵਾਨ/ਕਬੂਲ ਕਰ ਲਿਆ ਸੀ ਕਿਉਂ ਜੋ ਲੋਕ ਮਨ ਦੀ ਇਕ ਸਹਿਜ ਪ੍ਰਵਿਰਤੀ ਹੈ

ਕਿ ਕਾਲਪਨਿਕ, ਮਿਥਿਹਾਸਕ ਰੂੜ੍ਹੀਆਂ ਨੂੰ ਯਥਾਰਥ ਮਨ ਕੇ ਸੁੱਤੇ ਸਿੱਧ ਗ੍ਰਹਿਣ ਕਰ ਲੈਣਾ। ਇਸ ਤਰ੍ਹਾਂ 'ਜਨਮ ਸਾਖੀਆਂ' ਵਿਚਲੇ ਲੋਕ ਤੱਤ ਭਾਵੇਂ ਕਾਲਪਨਿਕ ਹੀ ਕਿਉਂ ਨਾ ਹੋਣ, ਸ਼ਰਧਾਵਾਨ ਜਨ ਸਮੂਹ ਉਸ ਨੂੰ ਸੱਚ ਮੰਨ ਲੈਂਦਾ ਹੈ, ਫਿਰ ਇਸ ਵਿੱਚੋਂ ਕਲਪਨਾ ਕਦੀ ਮਨਫ਼ੀ ਨਹੀਂ ਹੋ ਸਕਦੀ। ਇਹੋ ਸੱਚ/ਵਿਸ਼ਵਾਸ/ਆਸਥਾ ਹੀ 'ਜਨਮ ਸਾਖੀਆਂ' ਦੀ ਮੂਲ ਆਤਮਾ ਹਨ, ਜੋ ਵਿਗਿਆਨਕ ਯਥਾਰਥਿਕਤਾ ਤੋਂ ਪਰ੍ਹੇ ਹਨ, ਪਰ ਫਿਰ ਵੀ ਇਸ ਦੀਆਂ ਜੜ੍ਹਾਂ ਡੂੰਘੀਆਂ ਹਨ। ਲੋਕ ਸੱਚ ਦੀ ਇਸੇ ਕਸਵੱਟੀ 'ਤੇ ਚਲਦਿਆਂ ਚਿੱਤਰਾਂ ਵਿਚਲੇ ਸੁਹਜ ਨੂੰ ਮਾਣਨ ਲਈ ਅਵਿਸ਼ਵਾਸ ਦਾ ਤਿਆਗ ਜ਼ਰੂਰੀ ਹੈ, ਨਹੀਂ ਤਾਂ ਸਾਖੀ ਦੇ ਮੂਲ ਪਾਠ ਪ੍ਰਤੀ ਸ਼ਰਧਾ ਅਤੇ ਚਿੱਤਰਾਂ ਦੇ ਸੁਹਜਾਤਮਿਕ ਪੱਖ ਤੋਂ ਵੰਚਿਤ ਹੋ ਜਾਣ ਦਾ ਡਰ ਬਣ ਜਾਂਦਾ ਹੈ। ਇਸੇ ਡਰ ਨੂੰ ਤਿਲਾਂਜਲੀ ਦਿੰਦਿਆਂ ਵੱਖ-ਵੱਖ 'ਜਨਮ ਸਾਖੀ' ਲਿਖਾਰੀਆਂ ਨੇ ਘਟਨਾਵਾਂ ਦੀ ਪੇਸ਼ਕਾਰੀ ਕਰਦਿਆਂ ਗੁਰੂ ਸਾਹਿਬਾਨ ਦੇ ਗੁਣਾਂ/ਕੌਤਕਾਂ/ਉਪਦੇਸ਼ਾਂ ਨੂੰ ਉਜਾਗਰ ਕਰਨ ਹਿੱਤ ਆਪਣੀ ਕਲਪਨਾ ਦਾ ਰਲਾਅ ਕਰਕੇ ਵਾਧੇ ਘਾਟੇ ਕੀਤੇ ਹਨ, ਜਿਸ ਨੂੰ ਜਨ ਸਾਧਾਰਨ ਨੇ ਨਜ਼ਰ-ਅੰਦਾਜ਼ ਕੀਤਾ ਹੈ। ਇਹ ਵਾਧਾ-ਘਾਟਾ 'ਜਨਮ ਸਾਖੀਆਂ' ਦੇ ਚਿੱਤਰਕਾਰਾਂ ਨੇ ਵੀ ਕਬੂਲਿਆ ਹੈ। ਕੌਤਕ ਰਚਾਉਂਦਿਆਂ ਹੋਇਆਂ ਵੀ ਸਾਖੀਆਂ ਵਿਚ ਗੁਰੂ ਸਹਿਬ ਦੀ ਦਿੱਖ ਨੂੰ ਇਕ ਧਾਰਮਿਕ ਆਗੂ ਦੀ ਆਦਰਸ਼ਕ ਤੇ ਅਧਿਆਤਮਿਕ ਸ਼ਖ਼ਸੀਅਤ ਵਜੋਂ ਰੂਪਮਾਨ ਕੀਤਾ ਗਿਆ ਹੈ। ਇਸ ਤਰ੍ਹਾਂ 'ਜਨਮ ਸਾਖੀਆਂ' ਵਿਚਲਾ ਨਾਇਕ ਇਕ ਆਮ ਵਿਅਕਤੀ ਨਾ ਹੋ ਕੇ ਵਿਲੱਖਣ ਸ਼ਖ਼ਸੀਅਤ ਦਾ ਮਾਲਕ ਹੋ ਉੱਭਰਦਾ ਹੈ। ਇਹ ਧਾਰਨਾ ਹੈ ਕਿ ਇਹ ਵਿਲੱਖਣ ਵਿਅਕਤੀ ਪਰਮਾਤਮਾ ਵੱਲੋਂ ਕਿਸੇ ਅਹਿਮ ਕਾਰਜ ਲਈ ਇਸ ਸੰਸਾਰ ਵਿਚ ਭੇਜੇ ਗਏ ਹੁੰਦੇ ਹਨ। ਜਨ-ਸਾਧਾਰਨ ਉਸ ਵਿਲੱਖਣ ਵਿਅਕਤੀ ਵੱਲੋਂ ਉਸ ਦੀ ਕਰਾਮਾਤੀ ਸ਼ਕਤੀ ਰਾਹੀਂ ਅਸੰਭਵ ਨੂੰ ਸੰਭਵ ਅਤੇ ਲੌਕਿਕ ਨੂੰ ਅਲੌਕਿਕ ਵਿਚ ਬਦਲੇ ਜਾਣ ਦੀ ਤਵੱਕੋ ਰੱਖਦਾ ਹੈ। ਇਸੇ ਤਰ੍ਹਾਂ 'ਜਨਮ ਸਾਖੀਆਂ' ਵਿਚ ਪਰਮੇਸ਼ਰ ਦੀ ਹੋਂਦ ਨੂੰ ਸਵੀਕਾਰ ਕਰ ਲੈਣ ਵਾਲਾ ਤੱਤ ਕਾਰਜਸ਼ੀਲ ਹੈ। ਸਭ ਕੁਝ ਉਸ ਦੀ ਮਰਜ਼ੀ ਅਨੁਸਾਰ ਵਾਪਰਦਾ ਹੈ। ਇਹੋ ਕਾਰਨ ਹੈ ਕਿ 'ਜਨਮ ਸਾਖੀ' ਵਿਚ "ਆਗਿਆ ਪਰਮੇਸਰ ਕੀ ਹੋਈ" ਵਾਕ ਵਾਰ-ਵਾਰ ਆਉਂਦਾ ਹੈ।

**ਚਲਦਾ...**

## ਧਾਰਮਿਕ ਪ੍ਰੀਖਿਆ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਕੋਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਪ੍ਰੀਖਿਆ ਹਰ ਸਾਲ ਫਰਵਰੀ ਵਿਚ ਹੁੰਦੀ ਹੈ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਦੇ ਚਾਹਵਾਨ ਸਕੂਲ/ਕਾਲਜ ਦੇ ਵਿਦਿਆਰਥੀ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਨੂੰ ਲਿਖਣ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕਰਨ।

# ਪੰਜ ਕਕਾਰ

*-ਭਾਈ ਪਰਦੀਪ ਸਿੰਘ**

੧੭੫੬ ਬਿਕ੍ਰਮੀ ਦੀ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਖਾਲਸਾ ਪੰਥ ਦੀ ਸਾਜਨਾ ਕੀਤੀ। ਗੁਰੂ ਜੀ ਨੇ ਕਕਾਰ ਖਾਲਸੇ ਨੂੰ ਬਖਸ਼ ਕੇ ਖੰਡੇ-ਬਾਟੇ ਦੀ ਪਾਹੁਲ ਨਾਲ ਨਿਵਾਜਿਆ।

ਗੁਰੂ ਜੀ ਨੇ ਖੰਡੇ ਦੀ ਪਾਹੁਲ ਛਕਾਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਚੰਡੀ ਦੀ ਵਾਰ' ਦੀ ਦੂਜੀ ਪਉੜੀ ਵਿਚ ਵਰਣਨ ਕਰਦੇ ਹਨ:

*ਖੰਡਾ ਪ੍ਰਿਥਮੈ ਸਾਜ ਕੈ ਜਿਨ ਸਭ ਸੈਸਾਰੁ ਉਪਾਇਆ॥*
*ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤਿ ਦਾ ਖੇਲੁ ਰਚਾਇ ਬਣਾਇਆ॥*
*(ਚੰਡੀ ਦੀ ਵਾਰ)*

ਗੁਰੂ ਸਾਹਿਬ ਜੀ ਫੁਰਮਾਉਂਦੇ ਹਨ ਕਿ ਜੋ ਰਹਿਤਵਾਨ ਸਿੱਖ ਹੈ ਅਸਲ ਵਿਚ ਉਹ ਮੇਰਾ ਸਾਹਿਬ (ਮਾਲਕ) ਹੈ ਅਤੇ ਮੈਂ ਉਸ ਦਾ ਚੇਲਾ (ਸ਼ਾਗਿਰਦ) ਹਾਂ, ਗੁਰੂ ਸਾਹਿਬ ਜੀ ਦਾ ਫੁਰਮਾਨ ਹੈ:

*ਰਹਿਣੀ ਰਹਹਿ ਸੋਈ ਸਿਖ ਮੇਰਾ॥*
*ਵਹੁ ਠਾਕੁਰੁ ਮੈਂ ਉਸ ਕਾ ਚੇਰਾ॥* *(ਰਹਿਤਨਾਮਾ, ਭਾਈ ਪ੍ਰਹਿਲਾਦ ਸਿੰਘ)*

ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਰਹਿਤ ਮਰਯਾਦਾ ਅਨੁਸਾਰ ਚੱਲਣ ਲਈ ਪ੍ਰੇਰਿਤ ਕੀਤਾ। ਗੁਰੂ ਜੀ ਵੱਲੋਂ ਬਖਸ਼ੀ ਗਈ ਰਹਿਤ ਅਨੁਸਾਰ ਅੰਮ੍ਰਿਤ ਦੀ ਦਾਤ ਲੈਣ ਲਈ ਅੰਮ੍ਰਿਤ ਅਭਿਲਾਖੀ ਨੂੰ ਪੰਜ ਕਕਾਰ ਧਾਰਨ ਕਰਨੇ ਲਾਜ਼ਮੀ ਹਨ। 'ਮਹਾਨ ਕੋਸ਼' ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਕਕਾਰ ਸ਼ਬਦ ਦੇ ਅਰਥ ਕਰਦੇ ਹੋਏ ਲਿਖਦੇ ਹਨ:-

ਕੱਕਾ: ਕ ਅੱਖਰ ਦਾ ਉਚਾਰਣ. ਕਕਾਰ। ੨. ਸਿੰਘਾਂ ਦਾ ਉਹ ਚਿੰਨ੍ਹ ਜਿਸ ਦੇ ਮੁੱਢ 'ਕ' ਹੋਵੇ, ਜੈਸੇ- ਕੇਸ਼, ਕ੍ਰਿਪਾਣ, ਕੱਛ।

- **ਕੇਸ**

'ਮਹਾਨ ਕੋਸ਼' ਅਨੁਸਾਰ:

ਕੇਸ: ਸੰ. ਕੇਸ਼. ਸੰਗਯਾ- ਸਿਰ ਦੇ ਰੋਮ. "ਕੇਸ ਸੰਗਿ ਦਾਸ ਪਗ ਝਾਰਉ" (ਗੂਜ ਮ: ੫) ਕੇਸ, ਅਮ੍ਰਿਤਧਾਰੀ ਸਿੰਘਾਂ ਦਾ ਪਹਿਲਾ ਕਕਾਰ (ਕੱਕਾ) ਹੈ।

ਪੰਜਾਂ ਕਕਾਰਾਂ ਵਿੱਚੋਂ ਕੇਸ ਸਭ ਤੋਂ ਪਹਿਲਾਂ ਆਉਂਦੇ ਹਨ ਕਿਉਂਕਿ ਬਾਕੀ ਕਕਾਰ ਬਾਹਰੋਂ ਧਾਰਨ ਕੀਤੇ ਜਾਂਦੇ ਹਨ; ਪਰ ਕੇਸ ਤਾਂ ਇਸ ਦੇਹੀ ਦਾ ਹੀ ਅਨਿੱਖੜਵਾਂ ਅੰਗ

** ਵਿਦਿਆਰਥੀ, ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ, ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ)-੧੪੭੦੨੧; ਮੋ. +੯੧੯੧੪੬੪੪੦੪੯੦*

ਹਨ। ਕੇਸ ਤਾਂ ਜਨਮ ਤੋਂ ਪਹਿਲਾਂ ਹੀ ਮਾਂ ਦੇ ਗਰਭ ਵਿਚ ਉਤਪੰਨ ਹੋ ਜਾਂਦੇ ਹਨ, ਇਹ ਅਕਾਲ ਪੁਰਖ ਜੀ ਦੀ ਅਗੰਮੀ ਬਖਸ਼ਿਸ਼ ਹੈ। ਕੇਸ ਲਗਾਤਾਰ ਨਿਯਮ ਅਨੁਸਾਰ ਵਧਦੇ ਹੀ ਰਹਿੰਦੇ ਹਨ। ਸਾਰੇ ਸੰਸਾਰ ਵਿਚ ਮਨੁੱਖੀ ਜੀਵ ਕੇਸਾਂ ਸਹਿਤ ਹੀ ਜਨਮ ਲੈਂਦੇ ਹਨ ਕਿਉਂਕਿ ਇਹ ਅਕਾਲ ਪੁਰਖ ਜੀ ਪਾਸੋਂ ਬਖਸ਼ਿਸ਼ ਦੇ ਰੂਪ ਵਿਚ ਪ੍ਰਾਪਤ ਹੁੰਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਨੇ ਕੇਸਾਂ ਨੂੰ ਗੁਰੂ ਦੀ ਮੋਹਰ ਆਖਿਆ ਹੈ। ਕੇਸਾਂ ਤੋਂ ਬਿਨਾਂ ਕੋਈ ਵੀ ਸਿੱਖ ਆਪਣੇ ਆਪ ਨੂੰ ਸਿੱਖ ਨਹੀਂ ਅਖਵਾ ਸਕਦਾ। ਕੇਸ ਸਾਡੇ ਲਈ ਇੱਕ ਸੁਹਾਗ ਦੀ ਨਿਸ਼ਾਨੀ ਵਾਂਗ ਹਨ। ਗੁਰਬਾਣੀ ਵਿਚ ਅਕਾਲ ਪੁਰਖ ਦੀ ਸੁੰਦਰਤਾ ਨੂੰ ਦਰਸਾਉਣ ਲਈ ਉਸ ਨੂੰ ਲੰਮੇ ਵਾਲਾਂ ਵਾਲਾ ਦਰਸਾਇਆ ਗਿਆ ਹੈ ਜਿਵੇਂ:

*ਤੇਰੇ ਬੰਕੇ ਲੋਇਣ ਦੰਤ ਰੀਸਾਲਾ॥*
*ਸੋਹਣੇ ਨਕ ਜਿਨ ਲੰਮੜੇ ਵਾਲਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੬੭)*

'ਸਿੱਖ ਰਹਿਤ ਮਰਯਾਦਾ' ਅਨੁਸਾਰ ਚਾਰ ਕੁਰਹਿਤਾਂ ਨਹੀਂ ਕਰਨੀਆਂ, ਜਿਨਾਂ ਵਿੱਚੋਂ ਕੇਸਾਂ ਦੀ ਬੇਅਦਬੀ ਸਭ ਤੋਂ ਪਹਿਲੇ ਨੰਬਰ 'ਤੇ ਆਉਂਦੀ ਹੈ। ਕੇਸ ਮਨੁੱਖੀ ਜਾਮੇ ਦੀ ਖ਼ੂਬਸੂਰਤੀ ਨੂੰ ਚਾਰ ਚੰਨ ਲਗਾਉਂਦੇ ਹਨ। ਦਾਹੜੀ ਅਤੇ ਕੇਸਾਂ ਨਾਲ ਹੀ ਮਰਦ ਰੂਹਾਨੀ ਤੇ ਚੜ੍ਹਦੀ ਕਲਾ ਵਾਲਾ ਸੰਪੂਰਨ ਮਨੁੱਖ ਪ੍ਰਤੀਤ ਹੁੰਦਾ ਹੈ।

ਮੁੱਢ ਕਦੀਮ ਤੋਂ ਧਰਤੀ ਉੱਤੇ ਜਦੋਂ ਮਨੁੱਖ ਨੇ ਹੋਸ਼ ਸੰਭਾਲੀ ਤਾਂ ਉਸ ਸਮੇਂ ਤੋਂ ਹੀ ਰਿਸ਼ੀ-ਮੁਨੀ, ਦੇਵਤੇ, ਪੈਗੰਬਰ, ਰਾਜੇ-ਮਹਾਰਾਜੇ ਆਦਿ ਸਾਰੇ ਕੇਸਾਧਾਰੀ ਹੋਏ ਹਨ। ਗੁਰਬਾਣੀ ਵਿਚ ਫੁਰਮਾਨ ਹੈ ਕਿ ਬਹੁਤ ਉੱਚੀ ਅਵਸਥਾ ਵਾਲਾ ਇਕ ਗੁਰਮੁਖ ਆਪਣੇ ਸਰੀਰ ਦੇ ਹਰ ਰੋਮ ਨਾਲ ਉਸ ਪ੍ਰਭੂ ਨੂੰ ਧਿਆਉਂਦਾ ਹੈ:

*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥*
*ਨਾਨਕ ਗੁਰਮੁਖਿ ਸਾਚਿ ਸਮਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੪੧)*

ਕੇਸ ਸਿੱਖ ਦੀ ਰਹਿਤ ਦਾ ਕੁਦਰਤੀ ਚਿੰਨ੍ਹ ਅਤੇ ਪਛਾਣ ਹਨ। ਸਤਿਗੁਰੂ ਜੀ ਨੇ ਅਜਿਹਾ ਸਰੂਪ ਬਖਸ਼ਿਆ ਹੈ ਕਿ ਸੈਂਕੜੇ ਹਜ਼ਾਰਾਂ ਲੋਕਾਂ ਦੇ ਇਕੱਠ ਵਿਚ ਖੜ੍ਹਾ ਸਿੱਖ ਦਸਤਾਰ ਅਤੇ ਕੇਸਾਂ ਕਰਕੇ ਇੱਕਦਮ ਪਛਾਣਿਆ ਜਾ ਸਕਦਾ ਹੈ। ਭਾਈ ਨੰਦ ਲਾਲ ਜੀ 'ਰਹਿਤਨਾਮੇ' ਵਿਚ ਫੁਰਮਾਉਂਦੇ ਹਨ:

*ਨਿਸ਼ਾਨਿ ਸਿਖੀ ਈਂ ਪੰਜ ਹਰਫਿ ਕਾਫ। ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ।*
*ਕੜਾ ਕਾਰਦੋ ਕੱਛ ਕੰਘਾ ਬਿਦਾਂ। ਬਿਲਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।*

• **ਕੰਘਾ**

ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ:

ਕੰਘਾ. ਸੰ. ਕੰਕਤ. ਕੇਸ ਸਾਫ ਕਰਨ ਦਾ ਸਾਧਨ - ਰੂਪ ਯੰਤ੍ਰ.

ਕੰਘਾ ਦਸਵੇਂ ਪਾਤਸ਼ਾਹ ਜੀ ਵੱਲੋਂ ਬਖਸ਼ੇ ਹੋਏ ਪੰਜ ਕਕਾਰਾਂ ਦੇ ਖ਼ਜ਼ਾਨਿਆਂ ਵਿੱਚੋਂ ਇੱਕ ਅਨਮੋਲ ਦਾਤ ਹੈ। ਗੁਰੂ ਮਹਾਰਾਜ ਜੀ ਨੇ ਅੰਮ੍ਰਿਤਧਾਰੀ ਗੁਰਸਿੱਖ ਲਈ

ਦੋਨੋਂ ਵਕਤ ਕੰਘਾ ਕਰਨ ਦੀ ਹਿਦਾਇਤ ਕੀਤੀ ਹੈ। ਕੇਸਾਂ ਵਿਚ ਦੋ ਵਕਤ ਕੰਘਾ ਕਰਨਾ ਜ਼ਰੂਰੀ ਹੈ। ਕੰਘਾ ਕਰਨ ਨਾਲ ਸਿੱਖ ਹਰ ਦਮ ਤਾਜ਼ਾ, ਨਰੋਆ ਅਤੇ ਚੁਸਤ ਮਹਿਸੂਸ ਕਰਦਾ ਹੈ। ਕੰਘਾ ਕਰਨ ਨਾਲ ਕੇਸ ਵੀ ਸੰਵਰ ਜਾਂਦੇ ਹਨ ਅਤੇ ਥਕਾਵਟ ਵੀ ਦੂਰ ਹੋ ਜਾਂਦੀ ਹੈ। ਕੰਘਾ ਕਰਦਿਆਂ ਨਾਲ-ਨਾਲ ਮਨ ਵਿਚ ਵੀ ਕੰਘਾ ਫੇਰਨਾ ਜ਼ਰੂਰੀ ਹੈ ਅਤੇ ਇਸ ਦੇ ਨਾਲ ਮਨ ਵਿਚ ਉੱਠਦੇ ਗ਼ਲਤ ਵਲਵਲੇ ਸ਼ਾਂਤ ਹੋ ਜਾਂਦੇ ਹਨ। ਕੰਘਾ ਕੀਤੇ ਬਿਨਾਂ ਗੁਰ ਦਰਬਾਰ ਦੀ ਹਾਜ਼ਰੀ ਨਹੀਂ ਭਰਨੀ ਚਾਹੀਦੀ।

ਭਾਈ ਨੰਦ ਲਾਲ ਜੀ 'ਤਨਖਾਹਨਾਮੇ' ਵਿਚ ਬਿਆਨ ਕਰਦੇ ਹਨ:

*ਕੰਘਾ ਦੋਨਉਂ ਵਕਤ ਕਰ ਪਗ ਚੁਨਹਿ ਕਰ ਬਾਂਧਈ।*
*ਦਾਤਨ ਨੀਤ ਕਰੇਇ, ਨ ਦੁਖ ਪਾਵਹਿ ਲਾਲ ਜੀ।*

ਕੰਘਾ ਸਫਾਈ ਅਤੇ ਸਵੱਛਤਾ ਦਾ ਪ੍ਰਤੀਕ ਵੀ ਹੈ। ਗੁਰੂ ਜੀ ਵੱਲੋਂ ਸਿਰ ਦੇ ਕੇਸਾਂ ਸਮੇਤ ਦਾੜੇ ਵਿਚ ਵੀ ਕੰਘਾ ਕਰਨ ਦੀ ਹਿਦਾਇਤ ਹੈ। ਸਤਿਗੁਰੂ ਜੀ ਨੇ ਇਹ ਸਾਨੂੰ ਸੌਗਾਤ ਦਿੱਤੀ ਹੈ ਜਿਸ ਨੂੰ ਅੰਮ੍ਰਿਤਧਾਰੀ ਗੁਰਸਿੱਖ ਪ੍ਰੇਮ ਸਹਿਤ ਕਕਾਰ ਵਜੋਂ ਸਿਰ ਦੇ ਉੱਪਰ ਸਜਾ ਕੇ ਸਤਿਕਾਰ ਸਹਿਤ ਰੱਖਦਾ ਹੈ। ਕੰਘੇ ਨੂੰ ਸਾਫ ਰੱਖਣਾ ਅਤੇ ਸਮੇਂ-ਸਮੇਂ 'ਤੇ ਧੋਣਾ ਵੀ ਜ਼ਰੂਰੀ ਹੈ। ਇਹ ਹਰ ਗੁਰਸਿੱਖ ਦਾ ਨਿੱਜੀ ਹੁੰਦਾ ਹੈ। ਇਸ ਦੀ ਸਾਂਝੇ ਤੌਰ 'ਤੇ ਵਰਤੋਂ ਨਹੀਂ ਕੀਤੀ ਜਾਣੀ ਚਾਹੀਦੀ। ਕੰਘਾ ਕਰਨ ਸਮੇਂ ਸਿਮਰਨ ਕਰਦਿਆਂ ਇਸ ਨੂੰ ਕੇਸਾਂ ਵਿਚ ਪਿਆਰ ਨਾਲ ਫੇਰਨਾ ਚਾਹੀਦਾ ਹੈ ਅਤੇ ਕਾਹਲੀ ਨਹੀਂ ਕਰਨੀ ਚਾਹੀਦੀ। ਆਧੁਨਿਕ ਵਿਗਿਆਨ ਦੀਆਂ ਖੋਜਾਂ ਅਨੁਸਾਰ ਕੇਸਾਂ ਵਿਚ ਕੰਘਾ ਫੇਰਨ ਨਾਲ ਤਣਾਅ, ਉਦਾਸੀ ਅਤੇ ਮਾਨਸਿਕ ਪਰੇਸ਼ਾਨੀਆਂ ਆਦਿ ਕਾਫੀ ਹੱਦ ਤਕ ਦੂਰ ਹੋ ਜਾਂਦੀਆਂ ਹਨ।

ਕੇਸਾਂ ਨੂੰ ਲੱਕੜੀ ਦੇ ਕੰਘੇ ਨਾਲ ਵਾਹੁਣ ਨਾਲ ਸਾਡੀ ਖੋਪੜੀ ਦੀ ਮਾਲਿਸ਼ ਹੋ ਜਾਂਦੀ ਹੈ ਅਤੇ ਸਿਰ ਦੇ ਪੱਠੇ, ਨਸਾਂ ਆਦਿ ਕਾਫੀ ਆਰਾਮ ਮਹਿਸੂਸ ਕਰਦੇ ਹਨ। ਸਾਡੀ ਮਾਨਸਿਕ ਅਵਸਥਾ ਵੀ ਕਾਫੀ ਸ਼ਾਂਤ ਹੋ ਜਾਂਦੀ ਹੈ।

- **ਕੜਾ**

ਕੜੇ ਦੀ ਪਰਿਭਾਸ਼ਾ ਭਾਈ ਕਾਨ੍ਹ ਸਿੰਘ ਨਾਭਾ ਨੇ 'ਮਹਾਨ ਕੋਸ਼' ਵਿਚ ਇੰਝ ਦਿੱਤੀ ਹੈ:

ਕੜਾ; ਸੰਗਜਾ- ਕਟਕ, ਕੰਗਣ, ਕੰਕਨ। ੨. ਰੋਡ ਆਦਿਕ ਦਾ ਕਠੋਰ ਕੜ। ੩. ਕੜੇ ਦੇ ਆਕਾਰ ਦਾ ਕੁੰਡਾ। ੪. ਵਿ- ਕਰੜਾ।

ਦਸਵੇਂ ਪਾਤਸ਼ਾਹ ਜੀ ਵੱਲੋਂ ਬਖਸ਼ੀਆਂ ਹੋਈਆਂ ਦਾਤਾਂ ਵਿੱਚੋਂ ਕਕਾਰ ਦੇ ਰੂਪ ਵਿਚ ਸਰਬ ਲੋਹ ਦਾ ਕੜਾ ਵੀ ਸਾਨੂੰ ਪ੍ਰਾਪਤ ਹੋਇਆ ਹੈ। ਕੜਾ ਗੁਰੂ ਦੇ ਨਾਲ ਰਿਸ਼ਤੇ ਦੀ ਨਿਸ਼ਾਨੀ ਹੈ, ਜੋ ਸਿੱਖ ਨੂੰ ਵਿਕਾਰਾਂ ਵੱਲ ਹੱਥ ਵਧਾਉਣ ਤੋਂ ਰੋਕਦਾ ਹੈ। ਅੰਮ੍ਰਿਤ ਛਕਣ ਸਮੇਂ ਜਿਸ ਦਿਨ ਤੋਂ ਅਸੀਂ ਕੜਾ ਧਾਰਨ ਕਰ ਲੈਂਦੇ ਹਾਂ ਉਸੇ ਦਿਨ ਤੋਂ ਹੀ ਇਹ ਸਾਡੇ ਸਰੀਰ ਦਾ ਅੰਗ ਬਣ ਜਾਂਦਾ ਹੈ। 'ਸਿੱਖ ਰਹਿਤ ਮਰਯਾਦਾ' ਅਨੁਸਾਰ ਕੜਾ ਸਰਬ ਲੋਹ ਦਾ ਹੋਣਾ ਚਾਹੀਦਾ ਹੈ।

ਕੜੇ ਨੂੰ ਸੱਜੇ ਹੱਥ ਵਿਚ ਧਾਰਨ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ, ਕਿਉਂਕਿ ਜੰਗੀ ਨਜ਼ਰੀਏ ਤੋਂ ਇਹ ਸਿੱਖ ਦੀ ਸੁਰੱਖਿਆ ਵੀ ਕਰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਆਪਣੀ ਬਾਣੀ 'ਅਕਾਲ ਉਸਤਤ' ਵਿਚ ਸਰਬ ਲੋਹ ਸਬੰਧੀ ਫੁਰਮਾਉਂਦੇ ਹਨ:

*ਅਕਾਲ ਪੁਰਖ ਕੀ ਰਛਾ ਹਮਨੈ॥ ਸਰਬ ਲੋਹ ਦੀ ਰਛਿਆ ਹਮਨੈ॥*
*ਸਰਬ ਕਾਲ ਜੀ ਦੀ ਰਛਿਆ ਹਮਨੈ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮਨੈ॥*

ਗੁਰੂ ਸਾਹਿਬ ਜੀ ਦੀ ਬਾਣੀ ਦਾ ਇੱਕ ਸੰਗ੍ਰਹਿ 'ਸਰਬ ਲੋਹ ਗ੍ਰੰਥ' ਵੀ ਹੈ ਜੋ ਕਿ ਦਸਮ ਗ੍ਰੰਥ ਸਾਹਿਬ ਤੋਂ ਵੱਖਰਾ ਗ੍ਰੰਥ ਹੈ। ਸਰਬ ਲੋਹ ਦੇ ਬਰਤਨਾਂ ਵਿਚ ਭੋਜਨ ਪਕਾਉਣ ਅਤੇ ਛਕਣ ਨਾਲ ਸਾਡੇ ਸਰੀਰ ਅੰਦਰ 'ਆਇਰਨ'(Iron) ਦੀ ਕਮੀ ਦੂਰ ਹੁੰਦੀ ਹੈ। ਲੋਹਾ ਸਾਡਾ ਸਵੈ-ਮਾਣ ਤੇ ਸਵੈ-ਭਰੋਸਾ ਵੀ ਵਧਾਉਂਦਾ ਹੈ। ਜਿੱਥੇ ਲੋਹਾ ਸਾਡੇ ਸਰੀਰ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ, ਉੱਥੇ ਹੀ ਇਹ ਪਹਿਨਣ ਵਾਲੇ ਵਿਅਕਤੀ ਨੂੰ ਨਕਾਰਾਤਮਕਤਾ ਤੋਂ ਵੀ ਬਚਾਉਂਦਾ ਹੈ। ਜਿਸ ਤਰ੍ਹਾਂ ਅਕਾਲ ਪੁਰਖ ਦਾ ਕੋਈ ਅੰਤ ਨਹੀਂ, ਉਸੇ ਤਰ੍ਹਾਂ ਸਰਬ ਲੋਹ ਦੇ ਕੜੇ ਨੂੰ ਧਾਰਨ ਕਰਨ ਦੇ ਲਾਭਾਂ ਦਾ ਵੀ ਕੋਈ ਅੰਤ ਨਹੀਂ ਹੈ। ਜੇਕਰ ਤੁਹਾਡਾ ਕੜਾ ਮੋਟਾ ਹੋਵੇ ਤਾਂ ਉਹ ਵੀਣੀ ਦਾ ਹਥਿਆਰ ਬਣ ਜਾਂਦਾ ਹੈ ਜੋ ਕਿ ਜੰਗਾਂ ਵਿਚ ਵੀ ਗੁਟ ਉੱਤੇ ਤਲਵਾਰ ਦਾ ਵਾਰ ਰੋਕਦਾ ਹੈ।

- **ਕ੍ਰਿਪਾਨ (ਕਿਰਪਾਨ)**

'ਮਹਾਨ ਕੋਸ਼ ਅਨੁਸਾਰ'- ਕ੍ਰਿਪਾਣ ਅਥਵਾ ਕ੍ਰਿਪਾਨ ਜੋ ਕ੍ਰਿਪਾ ਨੂੰ ਫੈਂਕ ਦੇਵੇ, ਜਿਸ ਦੇ ਚਲਾਉਣ ਵੇਲੇ ਰਹਮ ਨਾ ਆਵੇ, ਤਲਵਾਰ, ਸ੍ਰੀ ਸਾਹਿਬ, ਸ਼ਮਸ਼ੇਰ, ਸਿੰਘਾਂ ਦਾ ਦੂਜਾ ਕਕਾਰ ਜੋ, ਅਮ੍ਰਿਤਧਾਰੀ ਨੂੰ ਪਹਿਰਣਾ ਵਿਧਾਨ ਹੈ। ਕ੍ਰਿਪਾਨ ਵੀ ਇੱਕ ਮਹੱਤਵਪੂਰਨ ਕਕਾਰ ਹੈ, ਇਸ ਨੂੰ ਸਿੰਘ ਗਾਤਰੇ ਵਿਚ ਸਜਾ ਕੇ ਸਦਾ ਅੰਗ-ਸੰਗ ਰੱਖਦੇ ਹਨ। ਇਹ ਅਕਾਲ ਪੁਰਖ ਦਾ ਸ਼ਸਤ੍ਰ ਹੈ ਅਤੇ ਇਸ ਨੂੰ ਸਦਾ ਅੰਗ-ਸੰਗ ਰੱਖਣ ਦੀ ਹਿਦਾਇਤ ਹੈ। ਰੂਹਾਨੀ ਸ਼ਕਤੀ ਦਾ ਬਾਹਰਲਾ ਪ੍ਰਗਟਾਵਾ ਕ੍ਰਿਪਾਨ ਬਾ-ਖੂਬੀ ਕਰਦੀ ਹੈ।

ਦਸਮ ਪਾਤਸ਼ਾਹ ਜੀ ਨੇ ਖਾਲਸੇ ਨੂੰ ਇਕ ਵੱਖਰਾ ਪਹਿਰਾਵਾ ਦੇ ਕੇ 'ਸੰਤ ਸਿਪਾਹੀ' ਬਣਾਇਆ ਹੈ। ਕ੍ਰਿਪਾਨ ਸਾਨੂੰ ਪ੍ਰੇਰਨਾ ਦਿੰਦੀ ਹੈ ਕਿ ਇਕ ਪੱਕੇ 'ਸੰਤ ਸਿਪਾਹੀ' ਬਣਨਾ ਹੈ।

ਕ੍ਰਿਪਾਨ ਅਕਾਲ ਪੁਰਖ ਦੀ ਆਦਿ ਸ਼ਕਤੀ ਹੈ। ਇਸ ਨੂੰ ਗ਼ਰੀਬ ਅਤੇ ਲੋੜਵੰਦ ਦੀ ਰੱਖਿਆ ਲਈ ਵਰਤਿਆ ਜਾਣਾ ਚਾਹੀਦਾ ਹੈ। ਕ੍ਰਿਪਾਨ ਧਾਰਨ ਕਰਨ ਨਾਲ ਹੀ ਕਰੋੜਾਂ ਪਾਪ ਟਲ ਜਾਂਦੇ ਹਨ। ਫੁਰਮਾਨ ਹੈ:

*ਕ੍ਰਿਪਾਣ ਪਾਣ ਧਾਰੀਐਂ॥ ਕਰੋਰ ਪਾਪ ਟਾਰੀਐਂ॥* *(ਬਚਿਤ੍ਰ ਨਾਟਕ)*

ਦਸਵੇਂ ਪਾਤਸ਼ਾਹ ਜੀ ਫੁਰਮਾਉਂਦੇ ਹਨ ਕਿ ਜਦੋਂ ਸਾਰੇ ਤਰੀਕੇ ਅਸਫਲ ਹੋ ਜਾਣ ਤਾਂ ਤਲਵਾਰ ਹੱਥ ਵਿਚ ਫੜ ਲੈਣੀ ਧਰਮ ਹੈ , ਜਾਇਜ਼ ਹੈ। ਗੁਰੂ ਜੀ ਆਪਣੀ ਬਾਣੀ 'ਜ਼ਫ਼ਰਨਾਮਾ' ਵਿਚ ਫੁਰਮਾਨ ਕਰਦੇ ਹਨ:

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥ ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ॥੨੨॥*

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਤੋਂ ਹੀ ਭਾਵੇਂ ਸਿੱਖ ਕਿਰਪਾਨ ਕੋਲ ਰੱਖਣ ਲੱਗ ਪਏ ਸਨ ਪਰੰਤੂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਇਸ ਨੂੰ ਪੰਜ ਕਕਾਰਾਂ ਵਿਚ ਸ਼ਾਮਲ ਕਰ ਕੇ ਸਿੱਖ ਲਈ ਲਾਜ਼ਮੀ ਕਰ ਦਿੱਤਾ ਸੀ।

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸ਼ਸਤਰਾਂ ਨੂੰ ਹਮੇਸ਼ਾ ਨਮਸਕਾਰ ਕੀਤੀ ਹੈ। ਸਤਿਗੁਰੂ ਜੀ ਨੇ ਸ਼ਸਤਰਾਂ ਨੂੰ ਪੀਰ ਕਿਹਾ ਅਤੇ 'ਸ਼ਸਤ੍ਰਨਾਮ ਮਾਲਾ' ਵਿਚ ਬੇਅੰਤ ਸ਼ਸਤਰਾਂ ਦਾ ਵਰਣਨ ਕੀਤਾ ਹੈ। ਗੁਰੂ ਜੀ ਦਾ ਫੁਰਮਾਨ ਹੈ:

*ਦੋਹਰਾ: ਨਮਸਕਾਰ ਸ੍ਰੀ ਖੜਗ ਕੋ ਕਰੋਂ ਸੁ ਹਿਤੁ ਚਿਤੁ ਲਾਇ॥*
*ਪੂਰਨ ਕਰੋਂ ਗਿਰੰਥ ਇਹੁ ਤੁਮ ਮੁਹਿ ਕਰਹੁ ਸਹਾਇ॥੧॥* *(ਬਚਿਤ੍ਰ ਨਾਟਕ)*

• **ਕਛਹਿਰਾ**

ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਅਮ੍ਰਿਤਧਾਰੀ ਸਿੰਘ ਦੀ ਮੁਹਰੀਦਾਰ ਕੱਛ।

ਦਸਵੇਂ ਪਾਤਸ਼ਾਹ ਜੀ ਵੱਲੋਂ ਬਖਸ਼ੇ ਹੋਏ ਪੰਜ ਕਕਾਰਾਂ ਵਿੱਚੋਂ ਪੰਜਵਾਂ ਕਕਾਰ ਕਛਹਿਰਾ ਹੈ। ਸਭ ਅੰਮ੍ਰਿਤਧਾਰੀ ਮਰਦਾਂ ਅਤੇ ਬੀਬੀਆਂ ਨੂੰ ਕਛਹਿਰਾ ਪਹਿਨਣ ਲਈ ਆਦੇਸ਼ ਹੈ। ਕਛਹਿਰਾ ਪਵਿੱਤਰਤਾ ਦੀ ਨਿਸ਼ਾਨੀ ਹੈ। ਕਛਹਿਰਾ ਸਿਰਫ ਤਨ ਨੂੰ ਢੱਕਣ ਵਾਲਾ ਵਸਤਰ ਹੀ ਨਹੀਂ ਸਗੋਂ ਇਹ ਸਿੱਖ ਦੇ ਉੱਚੇ-ਸੁੱਚੇ ਆਚਰਨ ਦੀ ਵੀ ਨਿਸ਼ਾਨੀ ਹੈ। ਕਛਹਿਰੇ ਦਾ ਕੋਈ ਨਿਸਚਿਤ ਮਾਪ ਮੁਕੱਰਰ ਨਹੀਂ ਹੈ। ਰਹਿਤਨਾਮਿਆਂ ਵਿਚ ਦਰਜ ਹੈ: *ਕਛ ਕ੍ਰਿਪਾਨ ਨ ਕਬਹੂੰ ਤਿਆਗੇ।*

ਸਿੱਖ ਨੂੰ ਕਦੇ ਵੀ ਕਛਹਿਰਾ ਤੇ ਕ੍ਰਿਪਾਨ ਸਰੀਰ ਤੋਂ ਜੁਦਾ ਨਹੀਂ ਕਰਨੇ ਚਾਹੀਦੇ ਪਵਿੱਤਰਤਾ ਕਾਇਮ ਰੱਖਣ ਲਈ ਸਿੱਖ ਕਛਹਿਰੇ ਅਤੇ ਦਸਤਾਰ ਨੂੰ ਵੱਖਰਾ-ਵੱਖਰਾ ਧੋਂਦੇ ਹਨ। ਸਤਿਗੁਰੂ ਜੀ ਨੇ ਸਿੱਖ ਨੂੰ ਕਛਹਿਰਾ ਅਤੇ ਦਸਤਾਰ ਤੋਂ ਛੁੱਟ ਹੋਰ ਪੋਸ਼ਾਕ ਦੀ ਕੋਈ ਬੰਦਿਸ਼ ਨਹੀਂ ਲਗਾਈ। ਸਿੱਖ ਆਪਣਾ ਮਨ-ਭਾਉਂਦਾ ਲਿਬਾਸ ਪਾ ਸਕਦਾ ਹੈ ਪਰ ਯਾਦ ਰਹੇ ਕਿ ਉਸ ਲਿਬਾਸ ਵਿਚ ਵੀ ਸਿੱਖੀ ਸਰੂਪ ਹੀ ਨਜ਼ਰ ਆਵੇ। ਕਛਹਿਰਾ ਜਤੀ ਹੋਣ ਦੀ ਨਿਸ਼ਾਨੀ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਖ਼ਸ਼ੀ ਹੈ। ਕਛਹਿਰਾ ਇੱਕ ਜੰਗੀ ਵਸਤਰ ਹੈ, ਜੋ ਜੰਗ ਕਰਨ ਸਮੇਂ ਅਤੇ ਘੋੜ-ਸਵਾਰੀ ਆਦਿ ਲਈ ਅਨੁਕੂਲ ਵਸਤਰ ਹੈ।

ਹਰ ਕਕਾਰ ਆਪਣੇ ਆਪ ਵਿਚ ਇੱਕ ਖਾਸ ਮਹੱਤਤਾ ਰੱਖਦਾ ਹੈ। ਸਿੱਖ ਨੂੰ ਉਮਰ ਭਰ ਪੰਜ ਕਕਾਰਾਂ ਦੀ ਰਹਿਤ ਨਿਭਾਉਣੀ ਜ਼ਰੂਰੀ ਹੈ। ਕਕਾਰਾਂ ਦੀ ਰਹਿਤ ਸਿੱਖ ਨੂੰ ਸੰਸਾਰ ਤੋਂ ਵੱਖਰਾ ਬਣਾਉਂਦੀ ਹੈ। ਇਨ੍ਹਾਂ ਪੰਜ ਕਕਾਰਾਂ ਨਾਲ ਸਿੱਖ ਪੂਰੀ ਦੁਨੀਆ ਨਾਲੋਂ ਨਿਆਰਾ ਪ੍ਰਤੀਤ ਹੁੰਦਾ ਹੈ। ਸੰਖੇਪ ਸ਼ਬਦਾਂ ਵਿਚ ਅਸੀਂ ਇਨ੍ਹਾਂ ਕਕਾਰਾਂ ਦੇ ਗੁਣਾਂ ਨੂੰ ਇਸ ਤਰ੍ਹਾਂ ਸਮਝ ਸਕਦੇ ਹਾਂ: **ਕੇਸ**- ਸੁੰਦਰਤਾ ਦਾ ਪ੍ਰਤੀਕ, **ਕੰਘਾ**- ਸਫਾਈ ਦਾ ਪ੍ਰਤੀਕ, **ਕੜਾ**- ਸੁਰੱਖਿਆ ਦਾ ਪ੍ਰਤੀਕ, **ਕਿਰਪਾਨ**- ਬਹਾਦਰੀ ਦਾ ਪ੍ਰਤੀਕ, **ਕਛਹਿਰਾ**- ਜਿਸਮਾਨੀ ਪਵਿੱਤਰਤਾ ਦਾ ਪ੍ਰਤੀਕ। ■

ਬੱਚਿਆਂ ਦਾ ਕਾਲਮ:

# ਅਮਲ ਕਰਨਾ ਜ਼ਰੂਰੀ ਹੈ

*-ਸ. ਸੁਖਦੇਵ ਸਿੰਘ ਸ਼ਾਂਤ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰ ਵਿਚ ਬਵੰਜਾ ਕਵੀ ਰਹਿੰਦੇ ਸਨ। ਸੁਥਰਾ ਜੀ ਇਨ੍ਹਾਂ ਵਿੱਚੋਂ ਇੱਕ ਸਨ। ਆਪ ਹਾਸ-ਰਸ ਭਰੇ ਸੁਭਾਅ ਵਾਲੇ ਵਿਅਕਤੀ ਸਨ। ਗੁਰੂ ਜੀ ਕਵੀਆਂ ਨਾਲ ਬੜਾ ਪਿਆਰ ਕਰਦੇ ਸਨ। ਭਾਈ ਸੁਥਰਾ ਜੀ ਦੀ ਹਾਸ-ਰਸ ਵਾਲੀ ਤਬੀਅਤ ਉਨ੍ਹਾਂ ਨੂੰ ਬਹੁਤ ਪਸੰਦ ਸੀ।

ਇਕ ਦਿਨ ਗੁਰਬਾਣੀ ਦੇ ਕਿਸੇ ਸ਼ਬਦ ਦੀ ਕਥਾ ਗ੍ਰੰਥੀ ਜੀ ਕਰ ਰਹੇ ਸਨ। ਸੰਗਤ ਚੁਪ-ਚਾਪ ਬੈਠੀ ਕਥਾ ਸੁਣਨ ਵਿਚ ਮਗਨ ਸੀ। ਭਾਈ ਸੁਥਰਾ ਜੀ ਵੀ ਸੰਗਤ ਵਿਚ ਹੀ ਬੈਠੇ ਸਨ। ਅਚਾਨਕ ਹੀ ਭਾਈ ਸੁਥਰਾ ਜੀ ਨੇ ਆਪਣਾ ਮੂੰਹ ਦੂਜੇ ਪਾਸੇ ਕਰ ਲਿਆ ਅਤੇ ਪਿੱਠ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲ ਕਰ ਲਈ।

ਕਥਾ ਦੀ ਸਮਾਪਤੀ 'ਤੇ ਕੁਝ ਸਿੱਖਾਂ ਨੇ ਗੁਰੂ ਜੀ ਪਾਸ ਜਾ ਕੇ ਭਾਈ ਸੁਥਰਾ ਜੀ ਦੀ ਸ਼ਿਕਾਇਤ ਕਰ ਦਿੱਤੀ। ਗੁਰੂ ਜੀ ਨੇ ਭਾਈ ਸੁਥਰਾ ਜੀ ਨੂੰ ਬੁਲਾਇਆ ਅਤੇ ਪਿੱਠ ਕਰਨ ਦਾ ਕਾਰਨ ਪੁੱਛਿਆ।

ਸੁਥਰਾ ਜੀ ਨੇ ਉੱਤਰ ਦਿੱਤਾ, "ਮਹਾਰਾਜ, ਜਦੋਂ ਸ਼ਬਦ ਦੀ ਕਥਾ ਹੋ ਰਹੀ ਸੀ ਤਾਂ ਮੇਰੇ ਮੂੰਹ 'ਤੇ ਚਪੇੜਾਂ ਵੱਜਣੀਆਂ ਸ਼ੁਰੂ ਹੋ ਗਈਆਂ। ਜਦੋਂ ਮੇਰੀਆਂ ਗੱਲ੍ਹਾਂ ਚਪੇੜਾਂ ਦੀ ਮਾਰ ਨੂੰ ਸਹਾਰ ਨਾ ਸਕੀਆਂ ਤਾਂ ਮੈਂ ਪਿੱਠ ਕਰ ਲਈ। ਮੈਂ ਹੈਰਾਨ ਹਾਂ ਕਿ ਜਿਹੜੇ ਰੋਜ਼ ਏਨੀਆਂ ਚਪੇੜਾਂ ਖਾਂਦੇ ਹਨ, ਉਹ ਕਿਵੇਂ ਸਹਾਰੀ ਜਾਂਦੇ ਹਨ?"

ਗੁਰੂ ਜੀ ਨੇ ਭਾਈ ਸੁਥਰਾ ਜੀ ਨੂੰ ਸ਼ਾਬਾਸ਼ ਦਿੱਤੀ ਅਤੇ ਫ਼ਰਮਾਇਆ, "ਭਾਈ ਸਿੱਖੋ! ਭਾਈ ਸੁਥਰਾ ਜੀ ਨੇ ਕਥਾ ਦੇ ਅਰਥਾਂ ਨੂੰ ਚੰਗੀ ਤਰ੍ਹਾਂ ਸਮਝਿਆ ਹੈ। ਗੁਰਬਾਣੀ ਸੱਚ-ਮੁੱਚ ਸਾਨੂੰ ਝੰਜੋੜਦੀ ਹੈ, ਸੁਚੇਤ ਕਰਦੀ ਹੈ ਅਤੇ ਸਾਡੇ ਚੰਚਲ ਮਨ ਨੂੰ ਚਪੇੜਾਂ ਮਾਰਦੀ ਹੈ।"

ਉਪਰੋਕਤ ਸਾਖੀ ਤੋਂ ਸਾਨੂੰ ਬੜੀ ਵੱਡੀ ਸਿੱਖਿਆ ਮਿਲਦੀ ਹੈ ਕਿ ਸਾਨੂੰ ਗੁਰਬਾਣੀ ਦੀ ਸਿੱਖਿਆ 'ਤੇ ਅਮਲ ਕਰਨਾ ਚਾਹੀਦਾ ਹੈ। ਅਧਿਆਪਕ ਸਾਨੂੰ ਇਹ ਦੱਸਦੇ ਹਨ ਕਿ ਸਦਾ ਸੱਚ ਬੋਲਣਾ ਚਾਹੀਦਾ ਹੈ ਅਤੇ ਮਿੱਠਾ ਬੋਲਣਾ ਚਾਹੀਦਾ ਹੈ। ਪਰ ਅਸੀਂ ਇਕ ਕੰਨੋਂ ਸੁਣ ਕੇ ਦੂਜੇ ਕੰਨੋਂ ਬਾਹਰ ਕੱਢ ਦਿੰਦੇ ਹਾਂ। ਜਦੋਂ ਅਸੀਂ ਆਪਣੇ ਜੀਵਨ ਵਿਚ ਲੋਭ, ਹੰਕਾਰ ਅਤੇ ਕ੍ਰੋਧ ਨੂੰ ਅਪਣਾਇਆ ਹੋਇਆ ਹੈ ਤਾਂ ਉਦੋਂ ਸੱਚ-ਮੁੱਚ ਹੀ ਮਹਾਂਪੁਰਸ਼ਾਂ ਦੇ ਉਪਦੇਸ਼ ਸਾਨੂੰ ਚਪੇੜਾਂ ਮਾਰਦੇ ਹਨ। ਹਮੇਸ਼ਾ ਚੰਗੀਆਂ ਗੱਲਾਂ ਸੁਣ ਕੇ ਅਤੇ ਪੜ੍ਹ ਕੇ ਉਨ੍ਹਾਂ 'ਤੇ ਸਾਨੂੰ ਅਮਲ ਕਰਨਾ ਚਾਹੀਦਾ ਹੈ। ■

**#8562, Charlotte Court, Avon- 46123, Indiana (U.S.A.) Ph. 001-317-406-0002*

*ਜੁਲਾਈ ਮਹੀਨੇ ਨਾਲ ਸੰਬੰਧਿਤ ਸ਼ਖ਼ਸੀਅਤਾਂ:*

# ਸ਼ਹੀਦ ਭਾਈ ਤਾਰੂ ਸਿੰਘ ਜੀ

## (੧੯ ਜੁਲਾਈ ਨੂੰ ਸ਼ਹੀਦੀ ਦਿਹਾੜਾ)

*-ਡਾ. ਗੁਰਪ੍ਰੀਤ ਸਿੰਘ**

ਭਾਈ ਤਾਰੂ ਸਿੰਘ ਜੀ ਮਾਝੇ ਦੇ ਪਿੰਡ ਪੂਹਲਾ ਦੇ ਵਸਨੀਕ ਸਨ। ਇਨ੍ਹਾਂ ਦੇ ਪਿਤਾ ਭਾਈ ਜੋਧ ਸਿੰਘ ਸੂਬਾ ਸਰਹੰਦ ਦੀ ਫ਼ੌਜ ਨਾਲ ਲੜਦੇ ਹੋਏ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਵਿਚ ਸ਼ਹੀਦ ਹੋਏ ਸਨ।[੧] ਇਹ ਪਿੰਡ ਵਿਚ ਹੀ ਖੇਤੀ ਕਰ ਕੇ ਨਾਮ ਜਪ ਕੇ ਸ਼ਾਂਤੀ ਨਾਲ ਜੀਵਨ ਬਿਤਾ ਰਹੇ ਸਨ। ਆਏ-ਗਏ ਖਾਲਸੇ ਦੀ ਸੇਵਾ ਕਰਦੇ, ਰਾਤ ਰਹਿਣ ਨੂੰ ਥਾਂ ਦਿੰਦੇ ਤੇ ਉਨ੍ਹਾਂ ਦੇ ਦਰਸ਼ਨ ਕਰ ਕੇ ਪ੍ਰਸੰਨਤਾ ਪ੍ਰਾਪਤ ਕਰਦੇ।[੨] ਇਨ੍ਹਾਂ ਦਿਨਾਂ ਵਿਚ ਜ਼ਕਰੀਆ ਖ਼ਾਨ ਨੇ ਸਿੱਖਾਂ 'ਤੇ ਸਖ਼ਤ ਪਾਬੰਦੀ ਲਗਾ ਦਿੱਤੀ ਤੇ ਸਿੱਖਾਂ ਨੂੰ ਸ਼ਰਨ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਦਾ ਐਲਾਨ ਕਰ ਦਿੱਤਾ। ਪਰ ਭਾਈ ਤਾਰੂ ਸਿੰਘ ਜੀ ਸੇਵਾ ਨਿਡਰ ਹੋ ਕੇ ਕਰਦੇ ਰਹੇ।

ਉਸ ਇਲਾਕੇ ਦੇ ਹਰਿਭਗਤ ਨਿਰੰਜਨੀ (ਜੰਡਿਆਲਾ) ਨੇ ਜ਼ਕਰੀਆ ਖ਼ਾਨ ਨੂੰ ਸ਼ਿਕਾਇਤ ਕੀਤੀ ਕਿ ਉਹਦੇ ਪਿੰਡ ਇਕ ਸਿੱਖ ਵਸਦਾ ਹੈ ਜੋ ਬਾਗੀ ਸਿੰਘਾਂ ਨੂੰ ਪਨਾਹ ਦਿੰਦਾ ਹੈ। ਜ਼ਕਰੀਆ ਖ਼ਾਨ ਨੇ ਭਾਈ ਤਾਰੂ ਸਿੰਘ ਜੀ ਦੀ ਗ੍ਰਿਫਤਾਰੀ ਦੇ ਤੁਰੰਤ ਹੁਕਮ ਦੇ ਦਿੱਤੇ।[੩] ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਰ ਕੇ ਲਾਹੌਰ ਲਿਜਾਇਆ ਗਿਆ ਤੇ ਪੁੱਛਿਆ ਗਿਆ ਕਿ, "ਸਿੱਖ ਤੁਹਾਡੇ ਕੋਲ ਠਹਿਰਦੇ ਹਨ?" ਤਾਂ ਭਾਈ ਤਾਰੂ ਸਿੰਘ ਜੀ ਨੇ ਦਲੇਰੀ ਨਾਲ ਕਿਹਾ ਕਿ- "ਮੈਂ ਉਨ੍ਹਾਂ ਦੀ ਸੇਵਾ ਕਰਨਾ ਆਪਣਾ ਧਰਮ ਸਮਝਦਾ ਹਾਂ।" ਭਾਈ ਸਾਹਿਬ ਦੇ ਕੇਸ ਕਤਲ ਕਰ ਦੇਣ ਦਾ ਜ਼ਕਰੀਆ ਖ਼ਾਨ ਨੇ ਹੁਕਮ ਕਰ ਦਿੱਤਾ ਅਤੇ ਕਾਜ਼ੀ ਬੁਲਾਏ। ਜਦ ਸਰਕਾਰੀ ਆਦਮੀ ਕੇਸ ਕਤਲ ਕਰਨ ਲਈ ਨੇੜ੍ਹੇ ਆਏ ਤਾਂ ਭਾਈ ਤਾਰੂ ਸਿੰਘ ਜੀ ਨੇ ਜ਼ੋਰ ਦੀ ਲੱਤ ਮਾਰੀ। ਕੁਝ ਆਦਮੀਆਂ ਨੇ ਭਾਈ ਸਾਹਿਬ ਨੂੰ ਪਕੜ ਲਿਆ। ਜਦ ਨਾਈ ਫਿਰ ਅੱਗੇ ਵਧਿਆ ਤਾਂ ਉਸ ਦੇ ਸਿਰ ਵਿਚ ਆਪਣਾ ਸਿਰ ਮਾਰ ਕੇ ਨਾਈ ਲਹੂ-ਲੁਹਾਣ ਕਰ ਦਿੱਤਾ। ਇਸ 'ਤੇ ਮੋਚੀ ਸੱਦਿਆ ਗਿਆ ਤੇ ਭਾਈ ਸਾਹਿਬ ਦੀ ਖੋਪਰੀ ਦਾ ਉਪਰਲਾ ਹਿੱਸਾ ਰੰਬੀ ਨਾਲ ਉਤਾਰ ਦਿੱਤਾ ਗਿਆ।[੪] ਦਿੱਲੀ ਗੇਟ ਦੇ ਬਾਹਰ ਲਾਹੌਰ ਵਿਚ ਭਾਈ ਤਾਰੂ ਸਿੰਘ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ। ਇਹ ਲਾਹੌਰ ਸਟੇਸ਼ਨ ਦੇ ਨੇੜ੍ਹੇ ਥਾਂ ਹੈ, ਜਿੱਥੇ ਗੁਰਦੁਆਰਾ ਸ਼ਹੀਦ ਗੰਜ ਬਣਿਆ ਹੈ।[੫]

### ਹਵਾਲੇ :

**੧.** ਸਵਰਨ ਸਿੰਘ, *ਸ਼ਹੀਦੀ ਸਾਕਾ ਭਾਈ ਤਾਰੂ ਸਿੰਘ ਜੀ,* ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੧੧, ਪੰਨਾ ੩੧.
**੨.** ਗਿਆਨੀ ਭਜਨ ਸਿੰਘ, *ਸਾਡੇ ਸ਼ਹੀਦ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੧੯੯੪, ਪੰਨਾ ੧੦੯.
**੩.** *ਉਹੀ।*
**੪.** *ਉਹੀ*, ਸਫ਼ਾ ੧੧੦,
**੫.** *ਉਹੀ*, ਸਫ਼ਾ ੧੧੧.

** ਧਾਰਮਿਕ ਅਧਿਆਪਕ, ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ. ੮੭੨੫੦-੧੫੧੬੩*

# ਸ਼ਹੀਦ ਊਧਮ ਸਿੰਘ

(੩੧ ਜੁਲਾਈ ਨੂੰ ਸ਼ਹੀਦੀ ਦਿਹਾੜਾ)

ਸ. ਊਧਮ ਸਿੰਘ ਦਾ ਜਨਮ ੨੬ ਦਸੰਬਰ, ੧੮੯੯ ਈ. ਨੂੰ ਪਟਿਆਲਾ ਰਿਆਸਤ ਦੇ ਸੁਨਾਮ ਕਸਬੇ ਵਿਚ ਇਕ ਗਰੀਬ ਕੰਬੋਜ ਪਰਵਾਰ ਵਿਚ ਹੋਇਆ।[੧] ਇਨ੍ਹਾਂ ਦੇ ਪਿਤਾ ਦਾ ਨਾਮ ਚੂਹੜ ਰਾਮ ਤੇ ਮਾਤਾ ਦਾ ਨਾਮ ਨਰਾਇਣੀ ਸੀ, ਜੋ ਸਿੱਖ ਧਰਮ ਧਾਰਨ ਕਰਨ ਪਿੱਛੋਂ ਟਹਿਲ ਸਿੰਘ ਤੇ ਹਰਨਾਮ ਕੌਰ ਬਣ ਗਏ।[੨] ਊਧਮ ਸਿੰਘ ਦੇ ਬਚਪਨ ਦਾ ਨਾਮ ਸ਼ੇਰ ਸਿੰਘ ਸੀ। ਇਨ੍ਹਾਂ ਦੇ ਮਾਤਾ ਜੀ ਛੋਟੀ ਉਮਰ ਵਿਚ ਹੀ ਚਲਾਣਾ ਕਰ ਗਏ। ਅਕਤੂਬਰ ੧੯੦੭ ਈ. ਵਿਚ ਪਿਤਾ ਜੀ ਵੀ ਚਲਾਣਾ ਕਰ ਗਏ ਤਾਂ ਊਧਮ ਸਿੰਘ ਨੂੰ ਸੈਂਟ੍ਰਲ ਖਾਲਸਾ ਯਤੀਮਖਾਨਾ ਸ੍ਰੀ ਅੰਮ੍ਰਿਤਸਰ ਵਿਚ ਦਾਖ਼ਲ ਕਰਵਾ ਦਿੱਤਾ। ੧੩ ਅਪ੍ਰੈਲ, ੧੯੧੯ ਈ. ਨੂੰ ਜਲਿਆਂਵਾਲੇ ਬਾਗ ਵਿਚ ਹੋਏ ਇਕੱਠ ਉੱਪਰ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਮਾਈਕਲ ਉਡਵਾਇਰ ਦੇ ਕਹਿਣ 'ਤੇ ਰੈਜੀਨਾਲਡ ਐਡਵਰਡ ਹੈਰੀ ਡਾਇਰ ਨੇ ਗੋਲੀ ਚਲਾ ਦਿੱਤੀ, ਜਿਸ ਵਿਚ ਹਜ਼ਾਰਾਂ ਨਿਰਦੋਸ਼ ਲੋਕ ਮਾਰੇ ਗਏ। ਲਾਸ਼ਾਂ ਨੂੰ ਚੁੱਕਣ 'ਤੇ ਜ਼ਖ਼ਮੀਆਂ ਦੀ ਦੇਖਭਾਲ ਲਈ ਯਤੀਮਖਾਨੇ ਦੇ ਬੱਚੇ ਲਾਏ ਗਏ, ਜਿਨ੍ਹਾਂ ਵਿਚ ਊਧਮ ਸਿੰਘ ਵੀ ਸ਼ਾਮਿਲ ਸੀ। ਊਧਮ ਸਿੰਘ ਇਸ ਕਤਲ-ਏ-ਆਮ ਨੂੰ ਵੇਖ ਕੇ ਅਸ਼ਾਂਤ ਹੋ ਗਿਆ ਸੀ। ੧੦ ਅਪ੍ਰੈਲ, ੧੯੨੦ ਈ. ਨੂੰ ਐਡਵਰਡ ਹੈਰੀ ਡਾਇਰ ਨੂੰ ਬਰਖ਼ਾਸਤ ਕਰ ਕੇ ਵਾਪਸ ਇੰਗਲੈਂਡ ਭੇਜ ਦਿੱਤਾ ਗਿਆ ਜਿੱਥੇ ਉਹ ੨੩ ਜੁਲਾਈ, ੧੯੨੭ ਈ. ਨੂੰ ਅਧਰੰਗ ਦੀ ਬੀਮਾਰੀ ਨਾਲ ਪੀੜਤ ਹੋ ਕੇ ਮਰਿਆ। ੩੦ ਮਈ, ੧੯੧੯ ਈ. ਨੂੰ ਉਡਵਾਇਰ ਵੀ ਇੰਗਲੈਂਡ ਜਾ ਚੁਕਾ ਸੀ। ੧੯੩੩ ਈ. ਵਿਚ ਊਧਮ ਸਿੰਘ 'ਰਾਮ ਮੁਹੰਮਦ ਸਿੰਘ ਆਜ਼ਾਦ' ਦੇ ਨਾਂ ਦਾ ਪਾਸਪੋਰਟ ਬਣਾ ਕੇ ਯੂਰਪ ਪਹੁੰਚ ਗਿਆ। ਇੱਥੇ ਇਨ੍ਹਾਂ ਨੇ ੧੩ ਮਾਰਚ, ੧੯੪੦ ਈ. ਨੂੰ ਇਕ ਨੋਟਿਸ ਵੇਖਿਆ ਜਿਸ ਵਿਚ ਕੈਕਸਟਨ ਹਾਲ ਵਿਚ ਹੋ ਰਹੀ ਮੀਟਿੰਗ ਵਿਚ ਉਡਵਾਇਰ ਵੀ ਪਹੁੰਚ ਰਿਹਾ ਸੀ। ਊਧਮ ਸਿੰਘ ਵੀ ਪਹੁੰਚ ਗਿਆ। ਜਦ ਮੀਟਿੰਗ ਖ਼ਤਮ ਹੋਈ ਤਾਂ ਸ. ਊਧਮ ਸਿੰਘ ਨੇ ਅੱਗੇ ਵਧ ਕੇ ਉਡਵਾਇਰ ਉੱਪਰ ਗੋਲੀ ਚਲਾ ਦਿੱਤੀ। ਉਡਵਾਇਰ ਛਾਤੀ ਦੇ ਸੱਜੇ ਪਾਸੇ ਦੋ ਗੋਲੀਆਂ ਲੱਗਣ ਨਾਲ ਮਰਿਆ। ਸ. ਊਧਮ ਸਿੰਘ ਨੂੰ ਫੜ ਲਿਆ ਗਿਆ। ਸ. ਊਧਮ ਸਿੰਘ ਨੂੰ ਪੈਂਟਨਵਿਲ ਜੇਲ੍ਹ ਵਿਚ ੩੧ ਜੁਲਾਈ, ੧੯੪੦ ਈ. ਨੂੰ ਫਾਂਸੀ ਦੇ ਦਿੱਤੀ ਗਈ।[੩] ਇਸ ਤਰ੍ਹਾਂ ਜਲ੍ਹਿਆਂਵਾਲੇ ਬਾਗ ਦਾ ਬਦਲਾ ਸ. ਊਧਮ ਸਿੰਘ ਨੇ ਉਡਵਾਇਰ ਦੇ ਘਰ ਇੰਗਲੈਂਡ ਜਾ ਕੇ ਲਿਆ।

**ਹਵਾਲੇ :**


**੧.** ਗੁਰਮੁਖ ਸਿੰਘ ਮੁਸਾਫਿਰ, *ਵੀਹਵੀਂ ਸਦੀ ਦੇ ਸ਼ਹੀਦ*, ਵਿਦਿਆ ਪ੍ਰਕਾਸ਼ਨ ਭਵਨ, ਨਵੀਂ ਦਿੱਲੀ, ਪੰਨਾ ੧.

**੨.** ਕੁਲਬੀਰ ਸਿੰਘ, *ਸਰਦਾਰ*, ਪੰਜਾਬ ਕਿਤਾਬ ਘਰ, ਜਲੰਧਰ, ੧੯੬੭, ਪੰਨਾ ੨੭੫.

**੩.** ਜ. ਸ. ਗਰੇਵਾਲ ਅਤੇ ਹ.ਕ. ਪੁਰੀ (ਸੰਪਾ.), *ਊਧਮ ਸਿੰਘ ਦੀਆਂ ਚਿੱਠੀਆਂ*, ਗੁਰੂ ਨਾਨਕ , ਪੰਨਾ ੨੨.

# ਭਾਈ ਮਨੀ ਸਿੰਘ ਜੀ ਸ਼ਹੀਦ

(੯ ਜੁਲਾਈ ਨੂੰ ਸ਼ਹੀਦੀ ਦਿਹਾੜਾ)

ਭਾਈ ਮਨੀ ਸਿੰਘ ਦਾ ਵੱਡ-ਵਡੇਰਾ ਭਾਈ ਰਾਉ ਸੀ, ਜਿਨ੍ਹਾਂ ਦਾ ਜਨਮ ਰਿਆਸਤ ਨਾਹਨ ਵਿਚ ੨੦ ਦਸੰਬਰ, ੧੫੨੫ ਈ. ਨੂੰ ਹੋਇਆ। ਇਨ੍ਹਾਂ ਦੇ ਘਰ ਭਾਈ ਮੂਲੇ ਦਾ ਜਨਮ ਪਿੰਡ ਅਲੀਪੁਰ (ਮੁਜ਼ੱਫਰਗੜ੍ਹ) ੧੭ ਜੁਲਾਈ, ੧੫੪੩ ਈ. ਨੂੰ ਹੋਇਆ। ਭਾਈ ਮੂਲਾ ਦੇ ਘਰ ੨ ਅਪ੍ਰੈਲ, ੧੫੯੦ ਈ. ਨੂੰ ਭਾਈ ਬੱਲੂ ਦਾ ਜਨਮ ਹੋਇਆ। ਭਾਈ ਬੱਲੂ ਦਾ ਪੁੱਤਰ ਮਾਈ ਦਾਸ ਸੀ। ਮਾਈ ਦਾਸ ਜੀ ਦੇ ਘਰ ਮਾਤਾ ਮੱਧਰੀ ਬਾਈ ਜੀ ਦੀ ਕੁੱਖੋਂ ੧੦ ਮਾਰਚ, ੧੬੪੪ ਈ. ਭਾਈ ਮਨੀਆ ਜੀ (ਮਨੀ ਸਿੰਘ ਜੀ) ਦਾ ਜਨਮ ਹੋਇਆ।[੧] ਭਾਈ ਮਨੀਆ ਜੀ ਜਦ ਥੋੜੇ ਵੱਡੇ ਹੋਏ ਤਾਂ ਆਪ ਦੇ ਪਿਤਾ ਜੀ ਭਾਈ ਮਨੀਆ ਜੀ ਨੂੰ ਕੀਰਤਪੁਰ ਸਾਹਿਬ ਲੈ ਕੇ ਆਏ ਤੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਅਰਪਣ ਕਰ ਦਿੱਤਾ। ਤਕਰੀਬਨ ਢੇਡ-ਦੋ ਸਾਲ ਕੀਰਤਪੁਰ ਸਾਹਿਬ ਸੇਵਾ ਕਰ ਕੇ ਫਿਰ ਆਪਣੇ ਪਿੰਡ ਚਲੇ ਗਏ। ਭਾਈ ਮਨੀਆ ਜੀ ਦਾ ਵਿਆਹ ੧੫ ਸਾਲ ਦੀ ਉਮਰ ਵਿਚ ੧੫ ਮਾਰਚ, ੧੬੫੯ ਈ. ਨੂੰ ਭਾਈ ਲੱਖੀ ਸ਼ਾਹ ਵਣਜਾਰਾ, ਵਾਸੀ ਪਿੰਡ ਖ਼ੈਰਪੁਰ ਦੀ ਸਪੁੱਤਰੀ ਬੀਬੀ ਸੀਤੋ ਨਾਲ ਹੋਇਆ।[੨] (ਇਸ ਭਾਈ ਲੱਖੀ ਸ਼ਾਹ ਨੇ ਹੀ ਨੌਵੇਂ ਪਾਤਸ਼ਾਹ ਦੇ ਧੜ ਦਾ ਸਸਕਾਰ ਆਪਣੇ ਘਰ ਵਿਚ ਕੀਤਾ ਸੀ ਜਿੱਥੇ ਅੱਜ ਗੁਰਦੁਆਰਾ ਰਕਾਬ ਗੰਜ ਸਾਹਿਬ ਹੈ) ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਤੋਂ ਬਾਅਦ, ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਤੇ ਫਿਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸੇਵਾ ਵਿਚ ਭਾਈ ਮਨੀਆ ਜੀ ਰਹੇ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਵੇਲੇ ਆਪ ਭਰ ਨੌਜਵਾਨ ਸਨ ਅਤੇ ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਚੱਕ ਨਾਨਕੀ ਆ ਗਏ।

ਭਾਈ ਮਨੀਆ ਜੀ ਨੇ ਨਦੌਣ ਦੀ ਜੰਗ ਵਿਚ ਵੀ ਹਿੱਸਾ ਲਿਆ। ਭਾਈ ਮਨੀਆ ਜੀ ਨੂੰ ਗੁਰੂ-ਘਰ ਵਿਚ 'ਦਰਬਾਰੀ ਦੀਵਾਨ' ਵੀ ਲਗਾ ਦਿੱਤਾ ਗਿਆ। ਜਦ ਖਾਲਸਾ ਪ੍ਰਗਟ ਕੀਤਾ ਗਿਆ ਤਾਂ ਭਾਈ ਮਨੀਆ ਜੀ ਖੰਡੇ ਦੀ ਪਾਹੁਲ ਲੈ ਕੇ ਭਾਈ ਮਨੀ ਸਿੰਘ ਬਣ ਗਏ। ਇਸੇ ਦਿਨ ਹੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਸੰਗਤ ਦੀ ਬੇਨਤੀ 'ਤੇ ਗੁਰੂ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਦਰਬਾਰ ਸਾਹਿਬ ਦੀ ਸੇਵਾ ਲਈ ਭੇਜ ਦਿੱਤਾ। ਇੱਥੇ ਭਾਈ ਮਨੀ ਸਿੰਘ ਜੀ ਰੋਜ਼ਾਨਾ ਕਥਾ ਕਰਦੇ ਸਨ। ੧੭੦੫ ਈ. ਨੂੰ ਗੁਰੂ ਜੀ ਨੇ ਜਦ ਅਨੰਦਪੁਰ ਸਾਹਿਬ ਛੱਡਿਆ ਸੀ ਤਾਂ ਉਸ ਸਮੇਂ ਭਾਈ ਮਨੀ ਸਿੰਘ ਜੀ ਸ੍ਰੀ ਅੰਮ੍ਰਿਤਸਰ ਹੀ ਸਨ। ਅਕਤੂਬਰ ੧੭੦੬ ਈ. ਵਿਚ ਭਾਈ ਮਨੀ ਸਿੰਘ ਜੀ ਤਲਵੰਡੀ ਸਾਬੋ ਵਿਖੇ ਗੁਰੂ ਜੀ ਨੂੰ ਮਿਲੇ ਸੀ। ਦਸਮ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਵੇਲੇ ਭਾਈ ਮਨੀ ਸਿੰਘ ਜੀ

ਝੰਗ ਦੇ ਇਲਾਕੇ ਵਿਚ ਪ੍ਰਚਾਰ ਕਰਨ ਲਈ ਚਲੇ ਗਏ।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਭਾਈ ਮਨੀ ਸਿੰਘ ਜੀ ਫਿਰ ਸ੍ਰੀ ਅੰਮ੍ਰਿਤਸਰ ਆ ਗਏ। ੧੭੩੩ ਈ. ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਰਦਾਰ ਕਪੂਰ ਸਿੰਘ ਜੀ ਨੂੰ ਨਵਾਬੀ ਦਿੱਤੀ ਗਈ। ਪਰ ਕੁਝ ਸਮੇਂ ਬਾਅਦ ਸਿੱਖਾਂ ਨੇ ਨਵਾਬੀ ਠੁਕਰਾ ਦਿੱਤੀ ਤਾਂ ਫਿਰ ਸਖ਼ਤੀ ਦਾ ਦੌਰ ਸ਼ੁਰੂ ਹੋ ਗਿਆ। ਸਿੱਖਾਂ ਦਾ ਇਕ ਇਕੱਠ ਭਾਈ ਮਨੀ ਸਿੰਘ ਜੀ ਨੇ ੧੭੩੩ ਈ. ਨੂੰ ੧੦ ਹਜ਼ਾਰ ਰੁਪਏ ਅਦਾਇਗੀ ਦੀ ਸ਼ਰਤ ’ਤੇ ਮੁਗ਼ਲ ਹਕੂਮਤ ਤੋਂ ਇਜਾਜ਼ਤ ਲੈ ਕੇ ਬੁਲਾਇਆ। ਪਰ ਹਕੂਮਤ ਦੀ ਨੀਅਤ ਸਾਫ਼ ਨਾ ਹੋਣ ਕਾਰਨ ਸਿੱਖ ਇਸ ਇਕੱਠ ’ਤੇ ਨਾ ਪਹੁੰਚੇ। ਇਹ ਪੈਸਾ ਇਕੱਠਾ ਨਾ ਹੋ ਸਕਿਆ। ੧੭੩੪ ਈ. ਨੂੰ ਵੈਸਾਖੀ ’ਤੇ ਫਿਰ ਇਕੱਠ ਬੁਲਾਇਆ। ਪਰ ਸਿੱਖ ਸਮਝ ਗਏ ਕਿ ਜੇਕਰ ਸ੍ਰੀ ਅੰਮ੍ਰਿਤਸਰ ਸਿੱਖ ਇਕੱਠੇ ਹੋਏ ਤਾਂ ਜ਼ਕਰੀਆ ਖ਼ਾਨ ਇੱਥੇ ਸਿੱਖਾਂ ਦੀ ਕਤਲ-ਏ-ਆਮ ਕਰੇਗਾ। ਇਸ ਕਾਰਨ ਇਕੱਠ ਨਾ ਹੋ ਸਕਿਆ। ਭਾਈ ਮਨੀ ਸਿੰਘ ਜੀ ਇਹ ਪੈਸਾ ਇਕੱਠਾ ਨਾ ਕਰ ਸਕੇ। ਇਸ ’ਤੇ ਜ਼ਕਰੀਆ ਖ਼ਾਨ ਨੇ ਭਾਈ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਰਹਿ ਰਹੇ ਬਾਕੀ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਨੂੰ ਲਾਹੌਰ ਦੇ ਕੈਦਖਾਨੇ ਵਿਚ ਤਸੀਹੇ ਦਿੱਤੇ ਗਏ। ਭਾਈ ਮਨੀ ਸਿੰਘ ਜੀ ਨੂੰ ਬੰਦ-ਬੰਦ ਕੱਟ ਕੇ ੧੭੩੪ ਈ. ਨੂੰ ਸ਼ਹੀਦ ਕਰ ਦਿੱਤਾ ਗਿਆ। ਭਾਈ ਮਨੀ ਸਿੰਘ ਹੋਰੀਂ ੧੨ ਭਰਾ ਸਨ, ਜਿਸ ਵਿੱਚੋਂ ੧੧ ਭਰਾਵਾਂ ਨੇ ਸ਼ਹਾਦਤ ਦਾ ਜਾਮ ਪੀਤਾ। ਭਾਈ ਮਨੀ ਸਿੰਘ ਜੀ ਦੇ ੧੦ ਪੁੱਤਰ ਸਨ ਤੇ ਸਾਰੇ ਹੀ ਸ਼ਹੀਦ ਹੋਏ। ਭਾਈ ਮਨੀ ਸਿੰਘ ਜੀ ਦੇ ਪਰਵਾਰ ਵਿੱਚੋਂ ਤਕਰੀਬਨ ੫੬ ਸ਼ਖ਼ਸੀਅਤਾਂ ਨੇ ਸ਼ਹਾਦਤ ਪਾਈ ਹੈ। ਇਸ ਤਰ੍ਹਾਂ ਸਿੱਖ ਕੌਮ ਦੇ ਲਾਸਾਨੀ, ਯੋਧੇ, ਵਿਦਵਾਨ ਤੇ ਮਹਾਨ ਲਿਖਾਰੀ ਸਨ, ਭਾਈ ਮਨੀ ਸਿੰਘ ਜੀ ਸ਼ਹੀਦ।

**ਹਵਾਲੇ :**

**੧.** ਰਣਧੀਰ ਸਿੰਘ ਸੰਭਲ, *ਭਾਈ ਮਨੀ ਸਿੰਘ ਸ਼ਹੀਦ,* ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ, ੨੦੧੫, ੨੫.
**੨.** ਰਣਧੀਰ ਸਿੰਘ ਸੰਭਲ, *ਉਪਰੋਕਤ,* ਪੰਨਾ ੩੩.

■

ਨਾਮ ਜਪੋ, ਕਿਰਤ ਕਰੋ, ਵੰਡ ਛਕੋ

# ਬਿਨੁ ਹਰਿ ਭਜਨ ਨਾਹੀ ਛੁਟਕਾਰਾ

*-ਸ. ਤੀਰਥ ਸਿੰਘ ਢਿੱਲਵਾਂ**

ਅਮੋਲਕ ਮਨੁੱਖਾ ਜੀਵਨ ਦੀ ਪ੍ਰਾਪਤੀ ਚੁਰਾਸੀ ਲੱਖ ਜੂਨਾਂ ਦੇ ਆਵਾਗਮਨ ਤੋਂ ਬਾਅਦ ਹੋਈ ਹੈ। ਮਨੁੱਖ ਦੇ ਇਸ ਵਡਮੁੱਲੇ ਜੀਵਨ ਦਾ ਮਕਸਦ ਜੀਵ ਆਤਮਾ ਦਾ ਓੜਕ ਪਰਮਾਤਮਾ ਨਾਲ ਅਭੇਦ ਹੋਣਾ ਹੈ। ਇਸ ਨੂੰ ਹੀ ਗੁਰਬਾਣੀ ਚਿੰਤਨ ਵਿਚ ਨਿਜਘਰ ਵਿਚ ਨਿਵਾਸ ਕਰਨਾ, ਮੁਕਤ ਹੋਣਾ ਜਾਂ ਪਰਮਪਦ ਦੀ ਪ੍ਰਾਪਤੀ ਆਖਿਆ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਇਸ ਸਾਰੀ ਸਥਿਤੀ ਦਾ ਚਿਤਰਨ ਇਸ ਪ੍ਰਕਾਰ ਕਰਦੇ ਹਨ:

*ਕਈ ਜਨਮ ਭਏ ਕੀਟ ਪਤੰਗਾ॥ ਕਈ ਜਨਮ ਗਜ ਮੀਨ ਕੁਰੰਗਾ॥*
*ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥*
*ਮਿਲੁ ਜਗਦੀਸ ਮਿਲਨ ਕੀ ਬਰੀਆ॥ ਚਿਰੰਕਾਲ ਇਹ ਦੇਹ ਸੰਜਰੀਆ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੭੬)*

ਗੁਰਬਾਣੀ ਵਿਚ ਇਸੇ ਜੀਵਨ ਮਨੋਰਥ ਬਾਰੇ ਇੱਕ ਹੋਰ ਥਾਈਂ ਇਉਂ ਮਨੁੱਖ ਦਾ ਪੱਥ-ਪ੍ਰਦਰਸ਼ਨ ਕੀਤਾ ਗਿਆ ਹੈ:

*ਆਇਓ ਸੁਨਨ ਪੜਨ ਕਉ ਬਾਣੀ॥*
*ਨਾਮੁ ਵਿਸਾਰਿ ਲਗਹਿ ਅਨ ਲਾਲਚਿ*
*ਬਿਰਥਾ ਜਨਮੁ ਪਰਾਣੀ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੧੯)*

ਪਰ ਸੰਸਾਰ ਵਿਚ ਆ ਕੇ ਮਨੁੱਖ ਅਨੇਕ ਦੁਨਿਆਵੀ ਬੰਧਨਾਂ ਵਿਚ ਬੱਝ ਜਾਂਦਾ ਹੈ। ਕਾਮ, ਕਰੋਧ, ਲੋਭ, ਮੋਹ ਤੇ ਹੰਕਾਰ ਉਸ ਦੀ ਜੀਵ ਆਤਮਾ ਦੁਆਲੇ ਘੇਰਾ ਘੱਤ ਲੈਂਦੇ ਹਨ। ਸੰਕਲਪ ਅਤੇ ਵਿਕਲਪ ਜੀਵਨ ਪਦ ਦੀ ਪ੍ਰਾਪਤੀ ਵਿਚ ਅੜਿੱਕਾ ਬਣ ਖਲੋਂਦੇ ਹਨ, ਜਦੋਂ ਤਕ ਮਨੁੱਖ ਗੁਰੂ ਦੀ ਓਟ ਅਤੇ ਭਜਨ ਸਿਮਰਨ ਵਿਚ ਚਿੱਤ ਨਹੀਂ ਜੋੜਦਾ ਨਿਰੰਤਰ ਭਟਕਣਾ ਤੋਂ ਉਸ ਦੀ ਬੰਦ-ਖਲਾਸੀ ਸੰਭਵ ਨਹੀਂ ਹੈ। ਸਾਧੂ ਦੀ ਸੰਗਤ ਵਿਚ ਨਾਮ ਦੀ ਕਮਾਈ ਅਤੇ ਭਜਨ-ਬੰਦਗੀ ਹੀ ਛੁਟਕਾਰੇ ਦਾ ਕੇਵਲ ਮਾਤਰ ਉਪਾਅ ਹੈ। ਭਗਤ ਕਬੀਰ ਜੀ ਇਸ ਬਾਰੇ ਆਪਣੀ ਬਾਣੀ ਵਿਚ ਮਨੁੱਖ ਨੂੰ ਸੁਚੇਤ ਕਰਦੇ ਹਨ:

*ਸਿਮਰਨੁ ਭਜਨੁ ਦਇਆ ਨਹੀ ਕੀਨੀ*
*ਤਉ ਮੁਖਿ ਚੋਟਾ ਖਾਹਿਗਾ॥੨॥...*
*ਕਹਤੁ ਕਬੀਰੁ ਸੁਨਹੁ ਰੇ ਸੰਤਹੁ*

*ਪਿੰਡ ਢਿੱਲਵਾਂ, ਡਾਕ: ਦਕੋਹਾ, ਜ਼ਿਲ੍ਹਾ ਜਲੰਧਰ- ੧੪੦੦੨੩; ਮੋ. +੯੧੯੯੧੫੪-੬੧੭੧੦

*ਸਾਧਸੰਗਤਿ ਤਰਿ ਜਾਂਹਿਗਾ॥੩॥੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)*

ਸ੍ਰੀ ਗੁਰੂ ਅਰਜਨ ਦੇਵ ਜੀ ਗਉੜੀ ਪੂਰਬੀ ਰਾਗ ਦੇ ਇੱਕ ਸ਼ਬਦ ਵਿਚ ਬਚਨ ਕਰਦੇ ਹਨ ਕਿ ਮਨੁੱਖਾ ਜਨਮ ਨੂੰ ਸਫਲਾ ਕਰ ਕੇ ਲਾਹਾ ਖੱਟਣ ਦਾ ਇਹੋ ਸੁਨਹਿਰੀ ਮੌਕਾ ਹੈ, ਕਿਉਂਕਿ ਹਰ ਵਿਅਕਤੀ ਦੀ ਉਮਰ, ਆਰਜ਼ਾ ਦਿਨੋ-ਦਿਨ ਘੱਟ ਰਹੀ ਹੈ, ਵਿਅਕਤੀ ਮੌਤ ਵੱਲ ਵੱਧ ਰਿਹਾ ਹੈ। ਗੁਰੂ ਜੀ ਮਨੁੱਖ ਨੂੰ ਜਾਗਰੂਕ ਕਰਦਿਆਂ ਫੁਰਮਾਉਂਦੇ ਹਨ:

*ਕਰਉ ਬੇਨੰਤੀ ਸੁਣਹੁ ਮੇਰੇ ਮੀਤਾ ਸੰਤ ਟਹਲ ਕੀ ਬੇਲਾ॥*
*ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ॥੧॥*
*ਅਉਧ ਘਟੈ ਦਿਨਸੁ ਰੈਣਾਰੇ॥ ਮਨ ਗੁਰ ਮਿਲਿ ਕਾਜ ਸਵਾਰੇ॥੧॥ ਰਹਾਉ॥*
*ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥*
*ਜਿਸਹਿ ਜਗਾਇ ਪੀਆਵੈ ਇਹੁ ਰਸੁ ਅਕਥ ਕਥਾ ਤਿਨਿ ਜਾਨੀ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩)*

ਭਗਤ ਕਬੀਰ ਜੀ ਇਲਾਹੀ ਬਚਨ ਕਰਦੇ ਹਨ ਕਿ, ਹੇ ਪ੍ਰਾਣੀ! ਭੁੱਲ ਨਾ, ਇੱਧਰ-ਉਧਰ ਨਾ ਭਟਕ ਅਤੇ ਗੋਵਿੰਦ ਦੇ ਭਜਨ ਵਿਚ ਆਪਣਾ ਚਿੱਤ ਜੋੜ। ਮਨੁੱਖਾ ਜਨਮ ਤੋਂ ਇਸ ਪ੍ਰਕਾਰ ਹੀ ਲਾਹਾ ਹਾਸਲ ਕੀਤਾ ਜਾ ਸਕਦਾ ਹੈ:

*ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥*
*ਇਸ ਦੇਹੀ ਕਉ ਸਿਮਰਹਿ ਦੇਵ॥ ਸੋ ਦੇਹੀ ਭਜੁ ਹਰਿ ਕੀ ਸੇਵ॥੧॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ॥ ਮਾਨਸ ਜਨਮ ਕਾ ਏਹੀ ਲਾਹੁ॥੧॥ਰਹਾਉ॥*
*ਜਬ ਲਗੁ ਜਰਾ ਰੋਗੁ ਨਹੀ ਆਇਆ॥ ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥*
*ਜਬ ਲਗੁ ਬਿਕਲ ਭਈ ਨਹੀ ਬਾਨੀ॥ ਭਜਿ ਲੇਹੁ ਰੇ ਮਨ ਸਾਰਿਗਪਾਨੀ॥੨॥*
*ਅਬ ਨ ਭਜਸਿ ਭਜਸਿ ਕਬ ਭਾਈ॥ ਆਵੈ ਅੰਤੁ ਨ ਭਜਿਆ ਜਾਈ॥*
*ਜੋ ਕਿਛੁ ਕਰਹਿ ਸੋਈ ਅਬ ਸਾਰੁ॥ ਫਿਰ ਪਛੁਤਾਹੁ ਨ ਪਾਵਹੁ ਪਾਰੁ॥੩॥*
*ਸੋ ਸੇਵਕੁ ਜੋ ਲਾਇਆ ਸੇਵ॥ ਤਿਨ ਹੀ ਪਾਏ ਨਿਰੰਜਨ ਦੇਵ॥*
*ਗੁਰ ਮਿਲਿ ਤਾ ਕੇ ਖੁਲ੍ਹੇ ਕਪਾਟ॥ ਬਹੁਰਿ ਨ ਆਵੈ ਜੋਨੀ ਬਾਟ॥੪॥*
*ਇਹੀ ਤੇਰਾ ਅਉਸਰੁ ਇਹ ਤੇਰੀ ਬਾਰ॥ ਘਟ ਭੀਤਰਿ ਤੂ ਦੇਖੁ ਬੀਚਾਰਿ॥*
*ਕਹਤ ਕਬੀਰੁ ਜੀਤਿ ਕੈ ਹਾਰਿ॥ ਬਹੁ ਬਿਧਿ ਕਹਿਓ ਪੁਕਾਰਿ ਪੁਕਾਰਿ॥੫॥੧॥੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੫੯)*

ਗੁਰਬਾਣੀ ਸਾਨੂੰ ਕੇਵਲ ਤੇ ਕੇਵਲ ਪ੍ਰਭੂ ਦਾ ਨਾਮ ਜਪਣ ਦਾ ਉਪਦੇਸ਼ ਦ੍ਰਿੜ੍ਹ ਕਰਵਾਉਂਦੀ ਹੈ। ਐਸਾ ਨਾਮ ਜਿਹੜਾ ਹਰ ਜਪਣ ਵਾਲੇ ਦੇ ਬੰਧਨ ਕੱਟੇਗਾ। ਗੁਰਬਾਣੀ ਦਾ ਉਪਦੇਸ਼ ਹੈ:

*ਭਜੁ ਮਨ ਮੇਰੇ ਏਕੋ ਨਾਮ॥ ਜੀਅ ਤੇਰੇ ਕੈ ਆਵੈ ਕਾਮ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੯੩)*

ਗਉੜੀ ਸੁਖਮਨੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਨ ਕਰਦੇ ਹਨ ਕਿ ਗੋਬਿੰਦ ਦੇ ਭਜਨ ਬਿਨਾਂ ਹੋਰ ਸਾਰੇ ਦੁਨਿਆਵੀ ਕਾਰ-ਵਿਹਾਰ ਕਿਸੇ ਲੇਖੇ ਨਹੀਂ ਹਨ:

*ਗੋਬਿੰਦ ਭਜਨ ਬਿਨੁ ਬ੍ਰਿਥੇ ਸਭ ਕਾਮ॥ ਜਿਉ ਕਿਰਪਨ ਕੇ ਨਿਰਾਰਥ ਦਾਮ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੯)*

ਰਾਗ ਆਸਾ ਦੇ ਇੱਕ ਪਾਵਨ ਸ਼ਬਦ ਰਾਹੀਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਸੇ ਵਿਚਾਰ ਨੂੰ ਇਸ ਤਰ੍ਹਾਂ ਸਮਝਾਇਆ ਹੈ:

*ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨ ਕਾਮ॥ ਮਿਲੁ ਸਾਧਸੰਗਤਿ ਭਜੁ ਕੇਵਲ ਨਾਮ॥੧॥*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ॥੧॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨)*

ਇਸੇ ਲਈ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਕਬਿਯੋ ਬਾਚ ਬੇਨਤੀ॥ ਚੌਪਈ॥ ਵਿਚ ਪ੍ਰਭੂ ਦੀ ਭਗਤੀ ਦਾ ਦਾਨ ਹੀ ਮੰਗਦੇ ਹਨ। ਆਪ ਜੀ ਦਾ ਫਰਮਾਨ ਹੈ:

*ਪੂਰਨ ਹੋਇ ਹਮਾਰੀ ਆਸਾ॥ ਤੋਰ ਭਜਨ ਕੀ ਰਹੈ ਪਿਆਸਾ॥੩॥*
*ਤੁਮਹਿ ਛਾਡਿ ਕੋਈ ਅਵਰ ਨ ਧਿਯਾਊਂ॥ ਜੋ ਬਰ ਚਹੋਂ ਸੁ ਤੁਮ ਤੇ ਪਾਊਂ॥*

ਸੋ ਇਸ ਸਾਰੀ ਵਿਚਾਰ ਦਾ ਤੱਤਸਾਰ ਇਹ ਹੈ ਕਿ ਪ੍ਰਭੂ ਦਾ ਨਾਮ, ਉਸ ਦੀ ਬੰਦਗੀ, ਉਸ ਦੀ ਅਰਾਧਨਾ ਅਤੇ ਸਵਾਸ-ਸਵਾਸ ਸਿਮਰਨ ਸਾਰੇ ਦੁੱਖਾਂ, ਕਸ਼ਟਾਂ ਅਤੇ ਸੰਸਿਆਂ ਦਾ ਕੇਵਲ ਮਾਤਰ ਇਲਾਜ ਹੈ, ਤਾਂ ਹੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪਣੀ ਬਾਣੀ ਵਿਚ ਸਮਝਾਉਂਦੇ ਹਨ ਕਿ ਭਜਨ ਬਿਨਾਂ ਮਨੁੱਖ ਦਾ ਜੀਵਨ ਅਜਾਈਂ ਹੀ ਜਾ ਰਿਹਾ ਹੈ ਅਤੇ ਛੁਟਕਾਰਾ ਕੇਵਲ ਪ੍ਰਭੂ ਦੀ ਬੰਦਗੀ ਨੇ ਹੀ ਕਰਨਾ ਹੈ। ਆਪ ਮਨ ਨੂੰ ਪ੍ਰਤੀਕ ਵਰਤ ਕੇ ਕੁੱਲ ਆਲਮ ਨੂੰ ਇਹ ਸੰਦੇਸ਼ ਬਖ਼ਸ਼ਦੇ ਹਨ:

*ਮਨ ਰੇ ਗਹਿਓ ਨ ਗੁਰ ਉਪਦੇਸੁ॥*
*ਕਹਾ ਭਇਓ ਜਉ ਮੂਡੁ ਮੁਡਾਇਓ ਭਗਵਉ ਕੀਨੋ ਭੇਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

■

## ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ।

# ਰਾਗੁ ਬਿਹਾਗੜਾ

*-ਮਾ. ਬਲਬੀਰ ਸਿੰਘ ਹੰਸਪਾਲ**

ਰਾਗੁ ਬਿਹਾਗੜਾ ਗੁਰਬਾਣੀ ਸੰਗੀਤ ਦਾ ਮਹੱਤਵਪੂਰਨ ਰਾਗੁ ਹੈ। ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗ ਵਿਧਾਨ ਦੀ ਤਰਤੀਬ ਅਨੁਸਾਰ ਰਾਗੁ ਬਿਹਾਗੜਾ ਨੂੰ ਸੱਤਵਾਂ ਸਥਾਨ ਦਿੱਤਾ ਹੈ। ਇਸ ਰਾਗੁ ਵਿਚ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਰਾਮਦਾਸ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਭਗਤ ਸਾਹਿਬਾਨ ਵਿਚ ਭਗਤ ਕਬੀਰ ਜੀ ਦੀ ਬਾਣੀ ਦਰਜ ਹੈ।

ਰਾਗੁ ਬਿਹਾਗੜਾ ਬਹੁਤ ਪੁਰਾਤਨ ਅਤੇ ਪ੍ਰਸਿੱਧ ਰਾਗ ਹੈ। ਭਾਰਤੀ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਅਤੇ ਗ੍ਰੰਥਕਾਰਾਂ ਨੇ ਇਸ ਰਾਗ ਦਾ ਵਰਣਨ ਕੀਤਾ ਹੈ। ਸ਼ਾਸਤਰੀ ਸੰਗੀਤ ਦੇ ਵਿਦਵਾਨਾਂ ਅਨੁਸਾਰ ਰਾਗੁ ਬਿਹਾਗੜਾ ਜੋ ਕਿ ਸ਼ਿੰਗਾਰ ਰਸ ਪ੍ਰਧਾਨ ਰਾਗ ਹੈ ਇਸ ਦੀ ਉਤਪਤੀ ਰਾਗ ਬਿਹਾਗ ਤੋਂ ਮੰਨੀ ਗਈ ਹੈ। ਇਸ ਦੇ ਤਿੰਨ ਵੱਖ-ਵੱਖ ਸਰੂਪ ਪ੍ਰਚਾਰ ਵਿਚ ਰਹੇ ਹਨ। ਇਸ ਦਾ ਪਹਿਲਾ ਸਰੂਪ ਹੈ ਕਿ ਜਦੋਂ ਰਾਗ ਬਿਹਾਗ ਵਿਚ ਮਾ (ਮਧਿਅਮ) ਸਵਰ ਤੀਬਰ ਲਗਾ ਕੇ ਗਾਇਨ, ਵਾਦਨ ਕਰਦੇ ਹਾਂ ਤਾਂ ਰਾਗੁ ਬਿਹਾਗੜਾ ਬਣਦਾ ਹੈ। ਦੂਜੇ ਪ੍ਰਕਾਰ ਵਿਚ ਦੋਨੋਂ ਮਾ (ਮਧਿਅਮ) ਸ਼ੁੱਧ ਅਤੇ ਤੀਬਰ ਸਵਰ, ਦੋਨੋਂ ਨੀ (ਨਿਸ਼ਾਦ) ਸ਼ੁੱਧ ਅਤੇ ਕੋਮਲ ਸਵਰ ਲਗਾ ਕੇ ਗਾਇਨ, ਵਾਦਨ ਕਰਨ ਨਾਲ ਰਾਗੁ ਬਿਹਾਗੜਾ ਦਾ ਸਰੂਪ ਮੰਨਿਆ ਹੈ। ਇਸ ਦਾ ਤੀਜਾ ਪ੍ਰਕਾਰ ਜੋ ਕਿ ਬਿਲਾਵਲ ਥਾਟ 'ਤੇ ਆਧਾਰਿਤ ਹੈ ਜਿਸ ਵਿੱਚ ਦੋਨੋਂ ਨੀ (ਨਿਸ਼ਾਦ) ਸ਼ੁੱਧ ਅਤੇ ਕੋਮਲ ਸਵਰ ਲਗਾ ਕੇ ਗਾਇਨ, ਵਾਦਨ ਕਰਨ ਨਾਲ ਰਾਗੁ ਬਿਹਾਗੜਾ ਦਾ ਸਰੂਪ ਮੰਨਿਆ ਹੈ।

ਰਾਗੁ ਬਿਹਾਗੜਾ 'ਭਗਤੀ ਭਾਵ' ਅਤੇ 'ਸ਼ਾਂਤ ਰਸ' ਪ੍ਰਧਾਨ ਰਾਗੁ ਹੈ। ਗੁਰਬਾਣੀ ਸੰਗੀਤ ਦੇ ਵੱਖ-ਵੱਖ ਵਿਦਵਾਨਾਂ ਅਤੇ ਗ੍ਰੰਥਕਾਰਾਂ ਅਨੁਸਾਰ ਪੁਰਾਤਨ ਸਮੇਂ ਵਿਚ ਰਾਗੁ ਬਿਹਾਗੜਾ ਦੇ ਦੋ ਸਰੂਪ ਪ੍ਰਚਾਰ ਵਿਚ ਰਹੇ ਹਨ। ਪਹਿਲੇ ਵਿਚ ਰਾਗੁ ਬਿਹਾਗ ਵਿਚ ਨੀ (ਨਿਸ਼ਾਦ) ਸਵਰ ਕੋਮਲ ਦੀ ਵਰਤੋਂ ਕਰਦੇ ਹੋਏ ਗਾਇਨ, ਵਾਦਨ ਕਰਨ ਤੇ ਰਾਗੁ ਬਿਹਾਗੜਾ ਦਾ ਸਰੂਪ ਮੰਨਿਆ ਹੈ ਦੂਜੇ ਵਿਚ ਦੋਨੋਂ ਮਾ (ਮਧਿਅਮ) ਸ਼ੁੱਧ ਅਤੇ ਤੀਬਰ ਸਵਰ ਅਤੇ ਦੋਨੋਂ ਨੀ (ਨਿਸ਼ਾਦ) ਸ਼ੁੱਧ ਅਤੇ ਕੋਮਲ ਸਵਰ ਦੀ ਵਰਤੋਂ ਕਰਦੇ ਹੋਏ ਗਾਇਨ, ਵਾਦਨ ਕਰਨ ਤੇ ਰਾਗੁ ਬਿਹਾਗੜਾ ਦਾ ਸਰੂਪ ਮੰਨਿਆ

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਰਾਮਸਰ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯-੪੯੪੪੮*

ਹੈ, ਪਰ ਵਰਤਮਾਨ ਸਮੇਂ ਵਿਚ ਰਾਗੁ ਬਿਹਾਗੜਾ ਨੂੰ ਬਿਲਾਵਲ ਥਾਟ ਦੇ ਅੰਤਰਗਤ ਬਣਦੇ ਸਰੂਪ ਵਿਚ ਹੀ ਪ੍ਰਵਾਨਿਤ ਮੰਨਿਆ ਗਿਆ ਹੈ।

ਰਾਗੁ ਬਿਹਾਗੜਾ ਜੋ ਕਿ ਰਾਗ ਬਿਹਾਗ ਅਤੇ ਰਾਗ ਖਮਾਜ ਦੇ ਸਵਰਾਂ ਦਾ ਸੁੰਦਰ ਅਤੇ ਮਧੁਰ ਮਿਸ਼ਰਨ ਹੈ। ਪਰ ਇਸ ਰਾਗ ਦੇ ਗਾ (ਗੰਧਾਰ) ਸਵਰ, ਪਾ (ਪੰਚਮ) ਸਵਰ ਅਤੇ ਅਰੋਹ-ਅਵਰੋਹ ਵਿਚ ਨੀ (ਨਿਸ਼ਾਦ) ਸ਼ੁੱਧ ਸਵਰ ਨਿਆਸ ਦੇ ਸਵਰ ਮੰਨੇ ਜਾਂਦੇ ਹਨ ਭਾਵ, ਰਾਗ ਨੂੰ ਗਾਇਨ-ਵਾਦਨ ਕਰਦੇ ਸਮੇਂ ਇਨ੍ਹਾਂ ਸਵਰਾਂ ਉੱਪਰ ਰਾਗ ਵਿਚ ਲੱਗਣ ਵਾਲੇ ਬਾਕੀ ਨਿਸ਼ਚਿਤ ਸਵਰਾਂ ਨਾਲੋਂ ਜ਼ਿਆਦਾ ਇਕ ਖਾਸ ਠਹਿਰਾਵ ਦਿੱਤਾ ਜਾਂਦਾ ਹੈ ਜਿਸ ਨਾਲ ਰਾਗੁ ਬਿਹਾਗੜਾ ਦਾ ਆਪਣਾ ਵੱਖਰਾ ਸੁਤੰਤਰ ਸਰੂਪ ਨਿਖਰ ਕੇ ਬਣਦਾ ਹੈ। ਰਾਗੁ ਬਿਹਾਗੜਾ ਵਿਚ ਨੀ (ਨਿਸ਼ਾਦ) ਸਵਰ ਦੇ ਦੋਨੋਂ ਸ਼ੁੱਧ ਅਤੇ ਕੋਮਲ ਰੂਪ ਲਗਦੇ ਹਨ। ਇਸ ਰਾਗ ਦੇ ਅਰੋਹ ਵਿਚ ਰੇ (ਰਿਸ਼ਭ) ਸਵਰ ਅਤੇ ਧਾ (ਧੈਵਤ) ਸਵਰ ਨਹੀਂ ਲਗਾਏ ਜਾਂਦੇ, ਕਹਿਣ ਤੋਂ ਭਾਵ ਇਹ ਦੋਵੇਂ ਸਵਰ, ਵਰਜਿਤ ਸਵਰ ਹਨ। ਇਸ ਰਾਗ ਦੀਆਂ ਕੁਝ ਵਿਸ਼ੇਸ਼ ਸਵਰ ਸੰਗਤੀਆਂ (ਸਵਰ ਚਲਨ) ਜੋ ਕਿ ਇਸ ਰਾਗ ਨਾਲ ਰਲਦੇ ਮਿਲਦੇ ਸਮਪ੍ਰਕ੍ਰਿਤਕ ਰਾਗਾਂ ਤੋਂ ਇਸ ਨੂੰ ਵੱਖ ਕਰ ਕੇ ਆਪਣਾ ਮੂਲ ਸਰੂਪ ਨਿਖਾਰ ਕੇ ਪੇਸ਼ ਕਰਨ ਵਿਚ ਲਾਹੇਵੰਦ ਸਾਬਤ ਹੁੰਦੀਆਂ ਹਨ ਅੱਗੇ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਸੰਗੀਤ ਦੇ ਸਿਖਿਆਰਥੀ ਇਨ੍ਹਾਂ ਸਵਰ ਸੰਗਤੀਆਂ ਨੂੰ ਧਿਆਨ ਵਿਚ ਰੱਖ ਕੇ ਰਾਗੁ ਬਿਹਾਗੜਾ ਦੇ ਮੂਲ ਸਰੂਪ ਨੂੰ ਯਾਦ ਕਰਦੇ ਹੋਏ ਗਾਇਨ ਅਤੇ ਵਾਦਨ ਕਰਨ ਵਿਚ ਸਫਲਤਾ ਹਾਸਲ ਕਰ ਸਕਣ।

ਸਾ, ਨ਼ੀ ਸਾ, ਪ਼ਾ ਨ਼ੀ ਸਾ, ਨ਼ੀ ਸਾ ਗਾ, ਗਾ ਮਾ ਗਾ, ਗਾ ਮਾ ਪਾ ਮਾ, ਗਾ ਮਾ ਪਾ, ਪਾ ਧਾ ਗਾ ਮਾ ਗਾ, ਗਾ ਮਾ ਪਾ ਨੁੀ ਧਾ ਪਾ, ਧਾ ਗਾ ਮਾ ਗਾ, ਗਾ ਮਾ ਪਾ ਨੀ, ਪਾ ਨੀ ਸਾਂ ਨੀ, ਗਾ ਮਾ ਪਾ ਨੀ ਸਾਂ, ਪਾ ਨੀ ਸਾਂ ਰੇਂ ਸਾਂ, ਨੀ ਸਾਂ ਗਾਂ, ਮਾਂ ਗਾਂ, ਰੇਂ ਸਾਂ, ਸਾਂ ਰੇਂ ਸਾਂ ਨੀ, ਸਾਂ ਨੀ ਧਾ ਪਾ, ਪਾ ਧਾ ਨੁੀ ਧਾ ਪਾ, ਧਾ ਗਾ ਮਾ ਗਾ, ਗਾ ਮਾ ਪਾ ਮਾ, ਗਾ ਮਾ ਗਾ, ਰੇ ਸਾ।

**ਰਾਗੁ ਦਾ ਸਧਾਰਨ ਪਰਿਚਯ**

**ਰਾਗੁ-** ਬਿਹਾਗੜਾ

**ਥਾਟ–** ਬਿਲਾਵਲ

**ਵਾਦੀ ਸਵਰ–** ਗਾ (ਗੰਧਾਰ)

**ਸੰਵਾਦੀ ਸਵਰ–** ਨੀ (ਨਿਸ਼ਾਦ)

**ਗਾਇਨ ਸਮਾਂ–** ਰਾਤ ਦਾ ਦੂਜਾ ਪਹਿਰ

**ਸਵਰ–** ਨੀ (ਨਿਸ਼ਾਦ) ਸਵਰ ਦੇ ਸ਼ੁੱਧ ਅਤੇ ਕੋਮਲ ਦੋਨੋਂ ਰੂਪ ਅਤੇ ਬਾਕੀ ਸਾਰੇ ਸਵਰ ਸ਼ੁੱਧ।

**ਵਰਜਿਤ ਸਵਰ–** ਅਰੋਹ ਵਿਚ ਰੇ (ਰਿਸ਼ਭ) ਸਵਰ ਅਤੇ ਧਾ (ਧੈਵਤ) ਸਵਰ।

**ਜਾਤੀ–** ਔੜਵ-ਸੰਪੂਰਨ

**ਅਰੋਹ–** ਨ਼ੀ ਸਾ ਗਾ, ਮਾ ਪਾ, ਨੀ ਸਾਂ।

**ਅਵਰੋਹ–** ਸਾਂ ਨੀ ਧਾ ਪਾ, ਨੁੀ ਧਾ ਪਾ, ਧਾ ਗਾ ਮਾ ਗਾ, ਰੇ ਸਾ।

**ਪਕੜ–** ਗਾ ਮਾ ਪਾ, ਨੁੀ ਧਾ ਪਾ, ਧਾ ਗਾ ਮਾ ਗਾ, ਰੇ ਸਾ।

**ਲਿਟਰੇਚਰ ਵਿਭਾਗ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਿਟਰੇਚਰ ਵਿਭਾਗ ਬਣਾਇਆ ਹੋਇਆ ਹੈ। ਜਿਸ ਵਿਚ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਖੋਜ ਭਰਪੂਰ ਪੁਸਤਕਾਂ ਅਤੇ ਭੇਟਾ ਰਹਿਤ ਕਿਤਾਬਚੇ ਸੰਗਤ ਲਈ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਤ ਪੁਸਤਕ ਪ੍ਰਦਰਸ਼ਨੀਆਂ ਲਗਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸੰਗਤ ਦੀ ਮੰਗ 'ਤੇ ਇਸ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਵਾਲੀਆਂ ਗੱਡੀਆਂ ਵੀ ਥਾਂ ਪੁਰ ਥਾਂ ਭੇਜੀਆਂ ਜਾਦੀਆਂ ਹਨ। ਹਰ ਸਾਲ ਦਾ ਨਾਨਕਸ਼ਾਹੀ ਕੈਲੰਡਰ ਅਤੇ ਡਾਇਰੀ ਵੀ ਇਸ ਵਿਭਾਗ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਮਿਤੀ ੧੩-੦੫-੨੦੨੫ (੩੧ ਵੈਸਾਖ ਸੰਮਤ ਨਾਨਕਸ਼ਾਹੀ ੫੫੭) ਦੇ ਮਤੇ :-

### ਮਤਾ ਨੰ. ੪੫੧

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ, ਸਾਬਕਾ ਹੈਡ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਅਕਾਲ ਚਲਾਣਾ ਕਰ ਜਾਣ ਪੁਰ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਨੇ ਲੰਮਾ ਸਮਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੇਵਾ ਨਿਭਾਉਂਦਿਆਂ ਸੰਗਤਾਂ ਨੂੰ ਬਾਣੀ-ਬਾਣੇ ਨਾਲ ਜੋੜਿਆ ਅਤੇ ਗੁਰੂ ਦਰਸਾਏ ਮਾਰਗ ਵਿਚ ਚੱਲਣ ਦੀ ਪ੍ਰੇਰਨਾ ਕੀਤੀ। ਉਹ ਸਿਧਾਂਤਵਾਦੀ ਪੁਰਸ਼ ਸਨ, ਜੋ ਹਮੇਸ਼ਾ ਗੁਰੂ-ਘਰ ਨੂੰ ਸਮਰਪਿਤ ਰਹੇ। ਉਨ੍ਹਾਂ ਨੇ ਆਪਣੀ ਨਿੱਜੀ ਜਾਇਦਾਦ ਵੀ ਸ੍ਰੀ ਦਰਬਾਰ ਸਾਹਿਬ ਦੇ ਨਾਮ ਕਰ ਦਿੱਤੀ ਸੀ। ਉਹ ਚੰਗੇ ਸੁਭਾਅ, ਨੇਕ ਦਿਲ ਅਤੇ ਮਿਲਣਸਾਰ ਸ਼ਖ਼ਸੀਅਤ ਦੇ ਮਾਲਕ ਸਨ। ਇਨ੍ਹਾਂ ਨੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਅਤੇ ਗੁਰਦੁਆਰਾ ਪ੍ਰਬੰਧ ਖੇਤਰ ਵਿਚ ਅਹਿਮ ਯੋਗਦਾਨ ਪਾਇਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਇਕੱਤਰਤਾ ਸਿੰਘ ਸਾਹਿਬ ਗਿਆਨੀ ਮੋਹਣ ਸਿੰਘ ਜੀ ਵੱਲੋਂ ਕੀਤੇ ਪੰਥਕ ਕਾਰਜਾਂ ਦੀ ਸ਼ਲਾਘਾ ਕਰਦੀ ਹੋਈ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ, ਸਾਕ-ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

### ਮਤਾ ਨੰ. ੪੫੫

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਅੱਜ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਪਿਛਲੇ ਦਿਨੀਂ ਪੁੰਛ (ਜੰਮੂ-ਕਸ਼ਮੀਰ) ਅਤੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਭਾਰਤ ਅਤੇ ਪਾਕਿਸਤਾਨ ਦਰਮਿਆਨ ਹੋਈ ਗੋਲੀਬਾਰੀ ਦੌਰਾਨ ਆਮ ਨਾਗਰਿਕਾਂ ਦੇ ਸ਼ਹੀਦ ਹੋਣ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦੀ ਹੈ। ਇਕੱਤਰਤਾ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਵਿੱਛੜੀਆਂ ਆਤਮਾਵਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਿੱਛੇ ਪਰਿਵਾਰਕ ਮੈਂਬਰ, ਰਿਸ਼ਤੇਦਾਰਾਂ ਅਤੇ ਸਾਕ-ਸੰਬੰਧੀਆਂ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ।

ਇਹ ਵੀ ਪ੍ਰਵਾਨ ਹੋਇਆ ਕਿ ਹੇਠ ਲਿਖੇ ਅਨੁਸਾਰ ਸ਼ਹੀਦ ਹੋਏ ਨਾਗਰਿਕਾਂ ਦੇ ਵਾਰਿਸਾਂ ਨੂੰ ਸ਼੍ਰੋਮਣੀ ਗੁ:ਪ੍ਰ:ਕਮੇਟੀ ਦੇ ਸ਼ਹੀਦੀ ਫੰਡ ਵਿੱਚੋਂ ਪੰਜ-ਪੰਜ ਲੱਖ ਰੁਪਏ

ਕੇਵਲ ਸਹਾਇਤਾ ਵਜੋਂ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

| ਸੀ:ਨੰ: | ਸ਼ਹੀਦ | ਮ੍ਰਿਤਕ ਨਾਲ ਰਿਸ਼ਤਾ | ਵਾਰਿਸ |
|---|---|---|---|
| ੧. | ਸਵ: ਅਮਰੀਕ ਸਿੰਘ | ਸੁਪਤਨੀ | ਬੀਬੀ ਜਸਮੀਤ ਕੌਰ |
| ੨. | ਸਵ: ਬਲਵਿੰਦਰ ਕੌਰ | ਪਤੀ | ਸ੍ਰ. ਕਾਲਾ ਸਿੰਘ, ਸਪੁੱਤਰ ਸ੍ਰ. ਮੋਹਨ ਸਿੰਘ |
| ੩. | ਸਵ: ਅਮਰਜੀਤ ਸਿੰਘ | ਸੁਪਤਨੀ | ਬੀਬੀ ਹਰਪ੍ਰੀਤ ਕੌਰ |
| ੪. | ਸਵ: ਰਣਜੀਤ ਸਿੰਘ | ਪਿਤਾ | ਸ੍ਰ. ਜੋਗਾ ਸਿੰਘ (ਸਪੁੱਤਰ ਸ੍ਰ. ਉਜਾਗਰ ਸਿੰਘ) |
| ੫. | ਸਵ: ਬੀਬੀ ਸੁਖਵਿੰਦਰ ਕੌਰ | ਸਪੁੱਤਰ | ਸ੍ਰ. ਜਸਵੰਤ ਸਿੰਘ (ਸਪੁੱਤਰ ਸ੍ਰ. ਲਖਵਿੰਦਰ ਸਿੰਘ) |

## ਮਤਾ ਨੰ. ੪੫੮

ਬੀਬੀ ਸਰਬਜੀਤ ਕੌਰ, ਪ੍ਰਧਾਨ, ਬੀਬੀ ਭਾਨੀ ਸੇਵਾ ਅਤੇ ਸਿਖਲਾਈ ਸਮਿਤੀ (ਰਜਿ.) ਗਲੀ ਫੌਜਾ ਸਿੰਘ ਵਾਲੀ, ਬੀ.ਐਸ. ਸਿਵਲ ਹਸਪਤਾਲ, ਮੁਹੱਲਾ ਨਾਨਕਸਰ ਤਰਨ ਤਾਰਨ ਵੱਲੋਂ ਸੰਸਥਾ ਵਿਖੇ ਗਰੀਬ ਸਿੱਖ ਬੱਚੇ-ਬੱਚੀਆਂ ਨੂੰ ਕੰਪਿਊਟਰ ਸਿਖਲਾਈ ਦਿੱਤੇ ਜਾਣ ਦਾ ਹਵਾਲਾ ਦਿੰਦਿਆਂ ਬੱਚਿਆਂ ਲਈ ਸਹਾਇਤਾ ਵਜੋਂ ਵੀਹ ਡੈਕਸਟੋਪ ਕੰਪਿਊਟਰ ਸੈਟ ਅਤੇ ਦੋ ਪ੍ਰਿੰਟਰ ਲੈਣ ਦੀ ਪੁੱਜੀ ਮੰਗ ਦਾ ਮਾਮਲਾ, ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਬੀਬੀ ਸਰਬਜੀਤ ਕੌਰ ਪ੍ਰਧਾਨ, ਬੀਬੀ, ਭਾਨੀ ਸੇਵਾ ਅਤੇ ਸਿਖਲਾਈ ਸਮਿਤੀ (ਰਜਿ.) ਗਲੀ ਫੌਜਾ ਸਿੰਘ ਵਾਲੀ, ਬੀ.ਐਸ. ਸਿਵਲ ਹਸਪਤਾਲ, ਮੁਹੱਲਾ ਨਾਨਕਸਰ, ਤਰਨ ਤਾਰਨ ਨੂੰ ਧਰਮ ਅਰਥ ਫੰਡ ਵਿੱਚੋਂ ੨,੦੦,੦੦੦/-ਅੱਖਰੀਂ ਦੋ ਲੱਖ ਰੁਪਏ ਕੇਵਲ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

## ਮਤਾ ਨੰ. ੪੭੬

ਸ੍ਰ. ਮਨਿੰਦਰ ਸਿੰਘ (ਸਪੁੱਤਰ ਸ੍ਰ. ਹਰਬੰਸ ਸਿੰਘ) ਪਿੰਡ ਭਗੜਾਣਾ, ਤਹਿਸੀਲ ਤੇ ਜ਼ਿਲ੍ਹਾ ਸ੍ਰੀ ਫਤਹਿਗੜ੍ਹ ਸਾਹਿਬ ਵੱਲੋਂ ਮਹਿੰਦਰਪਾਲ ਬਿੱਟੂ (ਸਰਸੇ ਵਾਲੇ ਸਾਧ ਦਾ ਚੇਲਾ) ਜਿਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੇ ਦੋਸ਼ ਵਿਚ ਕਤਲ ਕਰਨ ਮਗਰੋਂ ਹੁਣ ਨਾਭੇ ਜੇਲ੍ਹ ਵਿਚ ਕੈਦ ਕੱਟਣ 'ਤੇ ਪੱਕੀ ਜਮਾਨਤ 'ਤੇ ਬਾਹਰ ਆਉਣ ਮਗਰੋਂ ਆਪਣੀ ਆਰਥਿਕ ਹਾਲਤ ਕਮਜ਼ੋਰ ਹੋਣ ਦਾ ਹਵਾਲਾ ਦਿੰਦਿਆਂ ਸਹਾਇਤਾ ਲੈਣ ਦੀ ਮੰਗ ਪੁੱਜੀ ਹੈ, ਦਾ ਮਾਮਲਾ, ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ੍ਰ. ਮਨਿੰਦਰ ਸਿੰਘ (ਸਪੁੱਤਰ ਸ੍ਰ. ਹਰਬੰਸ ਸਿੰਘ) ਪਿੰਡ ਭਗੜਾਣਾ ਤਹਿਸੀਲ ਤੇ ਜ਼ਿਲ੍ਹਾ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਧਰਮ ਅਰਥ ਫੰਡ ਵਿੱਚੋਂ ਇੱਕ ਲੱਖ ਰੁਪਏ ਕੇਵਲ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

## ਮਤਾ ਨੰ. ੪੯੨

ਬੀਬੀ ਜਸਵਿੰਦਰ ਕੌਰ (ਸੁਪਤਨੀ ਸ੍ਰ. ਗੁਰਮੀਤ ਸਿੰਘ) ਮਕਾਨ ਨੰਬਰ ੭੨/੯, ਗਲੀ ਨੰਬਰ ੦੨, ਕ੍ਰਿਸ਼ਨਾ ਨਗਰ, ਸਫਦਰਗੰਜ ਇਨਕਲੇਵ, ਸਊਥ ਵੈਸਟ

ਦਿੱਲੀ ਵੱਲੋਂ ਆਪਣੇ ਪਤੀ ਦੇ ਲੰਮੇ ਸਮੇਂ ਜੇਲ੍ਹ ਕੱਟੀ ਹੋਣ ਅਤੇ ਦਿਲ ਦੀ ਬਿਮਾਰੀ ਤੋਂ ਪੀੜਤ ਹੋਣ ਕਾਰਨ ਘਰੇਲੂ ਆਰਥਿਕ ਹਾਲਤ ਠੀਕ ਨਾ ਹੋਣ ਦਾ ਹਵਾਲਾ ਦਿੰਦਿਆਂ ਸਹਾਇਤਾ ਲੈਣ ਅਤੇ ਸਹਾਇਤਾ ਦੀ ਰਕਮ ਆਪਣੇ ਬੇਟੇ ਅਵਜੀਤ ਸਿੰਘ ਦੇ ਨਾਮਪੁਰ ਜਾਰੀ ਕਰਨ ਦੀ ਮੰਗ ਪੁੱਜੀ ਹੈ। ਸ੍ਰ. ਰਜਿੰਦਰ ਸਿੰਘ ਮਹਿਤਾ ਅਤੇ ਸ੍ਰ. ਅਮਰਜੀਤ ਸਿੰਘ ਚਾਵਲਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹੈ, ਦਾ ਮਾਮਲਾ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ੍ਰ. ਅਵਜੀਤ ਸਿੰਘ (ਸਪੁੱਤਰ ਸ੍ਰ. ਗੁਰਮੀਤ ਸਿੰਘ) ਨੂੰ ਧਰਮ ਅਰਥ ਫੰਡ ਵਿੱਚੋਂ ਇੱਕ ਲੱਖ ਰੁਪਏ ਕੇਵਲ ਸਹਾਇਤਾ ਅਦਾ ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

## ਮਤਾ ਨੰ. ੫੦੫

ਸ੍ਰ. ਭੋਲਾ ਸਿੰਘ ਖਾਲਸਾ, ਮੁੱਖ ਸੇਵਾਦਾਰ, ਸ੍ਰੀ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ, ਮਾਡਰਨ ਜੇਲ੍ਹ, ਫਰੀਦਕੋਟ ਵੱਲੋਂ ਫਰੀਦਕੋਟ ਦੀ ਜੇਲ੍ਹ ਲਈ ਠੰਡੇ ਪਾਣੀ ਵਾਲੀਆਂ ਦੋ ਮਸ਼ੀਨਾਂ ਲੈਣ ਦੀ ਮੰਗ ਪੁੱਜੀ ਹੈ। ਸ੍ਰ. ਸ਼ੇਰ ਸਿੰਘ ਮੰਡਵਾਲਾ, ਜਨਰਲ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਫਾਰਸ਼ ਕੀਤੀ ਗਈ ਹੈ, ਦਾ ਮਾਮਲਾ, ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ 'ਤੇ ਪ੍ਰਵਾਨ ਹੋਇਆ ਕਿ ਸ੍ਰੀ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ, ਮਾਡਰਨ ਜੇਲ੍ਹ, ਫਰੀਦਕੋਟ ਲਈ ਸਟੇਸ਼ਨਰੀ ਮਹਿਕਮਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਧਰਮ ਅਰਥ ਫੰਡ ਵਿੱਚੋਂ ਖ੍ਰੀਦ ਵਿਭਾਗ ਦੇ ਨੁਮਾਇੰਦੇ ਦੀ ਹਾਜ਼ਰੀ ਵਿਚ ਦੋ ਠੰਡੇ ਪਾਣੀ ਵਾਲੀਆਂ ਮਸ਼ੀਨਾਂ ਖ੍ਰੀਦ ਕਰਕੇ ਜੇਲ੍ਹ ਵਿਖੇ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

## ਮਤਾ ਨੰ. ੫੩੪

ਭਾਈ ਸੁਖਵਿੰਦਰ ਸਿੰਘ ਅਗਵਾਨ, ਗੁਰਦੁਆਰਾ ਯਾਦਗਾਰ-ਏ-ਸ਼ਹੀਦਾਂ, ਪਿੰਡ ਅਗਵਾਨ, ਤਹਿ: ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਵੱਲੋਂ ਸ਼ਹੀਦ ਭਾਈ ਸਤਵੰਤ ਸਿੰਘ, ਸ਼ਹੀਦ ਭਾਈ ਬੇਅੰਤ ਸਿੰਘ ਅਤੇ ਸ਼ਹੀਦ ਭਾਈ ਕੇਹਰ ਸਿੰਘ ਦੀ ਯਾਦ ਵਿਚ ਗੁ: ਸਾਹਿਬ ਦੀ ਇਮਾਰਤ ਦੀ ਚੱਲ ਰਹੀ ਸੇਵਾ ਦਾ ਹਵਾਲਾ ਦਿੰਦਿਆਂ ਸਹਾਇਤਾ ਲੈਣ ਦੀ ਪੁੱਜੀ ਮੰਗ ਦਾ ਮਾਮਲਾ, ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਪ੍ਰਧਾਨ ਸਾਹਿਬ ਦੀ ਆਗਿਆ ਅਤੇ ਹਾਜ਼ਰ ਮੈਂਬਰ ਸਾਹਿਬਾਨ ਦੀ ਸੰਮਤੀ ਨਾਲ ਪੇਸ਼ ਹੋਣ ਤੇ ਪ੍ਰਵਾਨ ਹੋਇਆ ਕਿ ਗੁਰਦੁਆਰਾ ਯਾਦਗਾਰ-ਏ-ਸ਼ਹੀਦਾਂ, ਪਿੰਡ ਅਗਵਾਨ ਤਹਿ: ਡੇਰਾ ਬਾਬਾ ਨਾਨਕ, ਜ਼ਿਲ੍ਹਾ ਗੁਰਦਾਸਪੁਰ ਦੀ ਇਮਾਰਤ ਲਈ ਧਰਮ ਪ੍ਰਚਾਰ ਕਮੇਟੀ ਦੇ ਫੰਡਾਂ ਵਿੱਚੋਂ ਨਿਯਮਾਂ ਅਨੁਸਾਰ ੫,੦੦,੦੦੦/-ਅੱਖਰੀਂ ਪੰਜ ਲੱਖ ਰੁਪਏ ਕੇਵਲ ਦਾ ਮਟੀਰੀਅਲ ਖ੍ਰੀਦ ਕੇ ਦੇਣ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ। ■

*ਕਵਿਤਾ:*

# ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ

*-ਭਾਈ ਅੰਮ੍ਰਿਤਪਾਲ ਸਿੰਘ ਸਰਲੀ**

*ਭਾਗ ਮਾਲਵੇ ਨੂੰ ਜਦੋਂ ਗੁਰਾਂ ਲਾਏ ਸੰਗਤੇ,*
*ਗੁਰੂ ਦਸਵੇਂ ਸੀ ਆਪ ਏਥੇ ਆਏ ਸੰਗਤੇ।*
*ਲਾ ਕੇ ਤਖਤ ਉਨ੍ਹਾਂ ਕੀਤੀ ਕਰਨੀ ਮਹਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਪਹਿਲਾਂ ਚਰਨ ਭਾਈ ਡੱਲੇ ਘਰ ਜਾ ਕੇ ਪਾਏ ਜੀ,*
*ਦੇ ਕੇ ਵਰ ਗੁਰਾਂ ਖੇਤ ਏਥੋਂ ਦੇ ਵਸਾਏ ਜੀ।*
*ਝੋਨਾ ਕਣਕ ਨਹਿਰਾਂ ਫਲਾਂ ਵਾਲੇ ਦਿੱਤੇ ਦਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਜਦ ਜੰਡ ਬੰਨਿਆ ਹੈ ਘੋੜਾ ਗੁਰਾਂ ਨੇ*
*ਫੇਰ ਦਿੱਤੀਆਂ ਬਰਾੜਾਂ ਨੂੰ ਸੀ ਮੋਹਰਾਂ ਗੁਰਾਂ ਨੇ।*
*ਭਾਈ ਦਾਨ ਸਿੰਘ ਮਾਲਵੇ ਦੀ ਰੱਖੀ ਸ਼ਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਬੀਰ ਸਿੰਘ, ਧੀਰ ਸਿੰਘ ਜਿਹੇ ਏਥੇ ਸੂਰੇ ਨੇ,*
*ਬਚਨ ਗੁਰੂ ਜੀ ਦੇ ਜਿਨ੍ਹਾਂ ਸੁਣ ਮੰਨੇ ਪੂਰੇ ਨੇ।*
*ਉਨ੍ਹਾਂ ਪਰਖੇ ਨਿਸ਼ਾਨੇ ਲਾ ਕੇ ਜਿੰਦ ਜਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਫੇਰ ਗੁਰਾਂ ਬਾਣੀ ਵਾਲਾ ਕਾਰਜ ਚਲਾਇਆ ਜੀ,*
*ਭਾਈ ਮਨੀ ਸਿੰਘ ਨੂੰ ਲਿਖਾਰੀ ਲਾਇਆ ਜੀ।*
*ਬਾਬੇ ਦੀਪ ਸਿੰਘ ਦੀ ਵੀ ਕਰਨੀ ਮਹਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਲਿਖਣਸਰ ਵਿਖੇ ਬੀੜ ਗੁਰਾਂ ਲਿਖਵਾਈ ਜੀ,*
*ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਾਈ ਜੀ।*
*੧੪੩੦ ਪੰਨਿਆਂ ਦਾ ਗ੍ਰੰਥ ਮਹਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਸਿਆਹੀ ਕਲਮਾਂ ਨੂੰ ਜਲ ਵਿਚ ਪਾਇਆ ਗੁਰਾਂ ਨੇ,*
*ਗੁਰੂ ਕਾਸ਼ੀ ਦਾ ਵਰ ਹੈ ਸੁਣਾਇਆ ਗੁਰਾਂ ਨੇ।*
*ਬਣੂ ਅਲਪ ਬੁਧੀ ਜੀਵ ਏਥੋਂ ਵਿਦਵਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਏਥੇ ਦੂਸਰੀ ਵੈਸਾਖੀ ਹੈ ਮਨਾਈ ਗੁਰਾਂ ਨੇ,*
*ਸ਼ਾਨ ਮਾਲਵੇ ਦੀ ਵੱਖਰੀ ਬਣਾਈ ਗੁਰਾਂ ਨੇ।*
*ਤਖਤ ਦਮਦਮਾ ਜੀ ਦੀ ਸਿਫਤ ਮਹਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਮਸਤੂਆਣਾ ਬੁੰਗਾ, ਗੁਰੂ ਕਾਸ਼ੀ ਵਿਦਿਆਲਾ ਜੀ,*
*ਜਿੱਥੋਂ ਮਿਲਦਾ ਗਿਆਨ ਗੁਰਸਿੱਖੀ ਵਾਲਾ ਜੀ।*
*ਮਾਤਾ ਸਾਹਿਬ ਕੌਰ ਕਾਲਜ ਦੀ ਅਨੋਖੀ ਸ਼ਾਨ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

*ਇੱਥੇ ਅਲਪ ਬੁੱਧ ਪੜ੍ਹ ਵਿਦਵਾਨ ਬਣ ਗਏ,*
*ਪ੍ਰਚਾਰਕ ਉਹ ਕੌਮ ਦੇ ਮਹਾਨ ਬਣ ਗਏ।*
*ਅੰਮ੍ਰਿਤਪਾਲ ਸਿੰਘਾ, ਮੈਨੂੰ ਗੁਰੂ ਉੱਤੇ ਮਾਣ ਹੈ,*
*ਗੁਰੂ ਕਾਸ਼ੀ ਦੀ ਧਰਤੀ ਬੜੀ ਮਹਾਨ ਹੈ।*

■

** ਵਿਦਿਆਰਥੀ, ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ, ਤਲਵੰਡੀ ਸਾਬੋ, ਬਠਿੰਡਾ; ਮੋ. ੯੮੭੨੩-੮੯੭੦੨*

ਖ਼ਬਰਨਾਮਾ

# ਪੰਜਾਬ ਸਰਕਾਰ ਵੱਲੋਂ ਸ਼ਤਾਬਦੀਆਂ ਸਬੰਧੀ ਇਸ਼ਤਿਹਾਰ ’ਚ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਨਾਲ ਛੇੜਛਾੜ ਸਿੱਖ ਭਾਵਨਾਵਾਂ ਨਾਲ ਖਿਲਵਾੜ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੪ ਮਈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜਾਬ ਸਰਕਾਰ ਵੱਲੋਂ ਸ਼ਤਾਬਦੀਆਂ ਬਾਰੇ ਸੁਝਾਅ ਲੈਣ ਲਈ ਜਾਰੀ ਕੀਤੇ ਗਏ ਇਸ਼ਤਿਹਾਰ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਵਰਤੀ ਗਈ ਤਸਵੀਰ ਨੂੰ ਕੰਪਿਊਟਰ ਤਕਨੀਕ ਨਾਲ ਵਿਗਾੜਨ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਦੀ ਇਹ ਹਰਕਤ ਸਿੱਖ ਭਾਵਨਾਵਾਂ ਨਾਲ ਵੱਡਾ ਖਿਲਵਾੜ ਹੈ। ਉਨ੍ਹਾਂ ਕਿਹਾ ਕਿ ਸਿੱਖ ਧਰਮ ਨਾਲ ਸੰਬੰਧਿਤ ਕੋਈ ਵੀ ਤਸਵੀਰ ਛਾਪਣ ਤੋਂ ਪਹਿਲਾਂ ਸਰਕਾਰ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਜ਼ਰੂਰ ਕਰਨਾ ਚਾਹੀਦਾ ਸੀ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ੍ਰੀ ਦਰਬਾਰ ਸਾਹਿਬ ਸਿੱਖਾਂ ਦੀ ਆਸਥਾ ਦਾ ਕੇਂਦਰ ਹੈ ਅਤੇ ਵਿਸ਼ਵ ਭਰ ਦੇ ਸਿੱਖ ਆਪਣੇ ਮਨਾਂ ਅੰਦਰ ਇਸ ਪਾਵਨ ਅਸਥਾਨ ਦੇ ਸਰੂਪ ਨੂੰ ਵਸਾ ਕੇ ਰੱਖਦੇ ਹਨ। ਇਸ ਦੀ ਏ. ਆਈ. ਤਕਨੀਕ ਨਾਲ ਬਣਾਈ ਗਈ ਗ਼ਲਤ ਤਸਵੀਰ ਵਿਚ ਨਾ ਸਿਰਫ਼ ਸਿੱਖਾਂ ਦੀ ਸ਼ਰਧਾ ਅਤੇ ਆਸਥਾ ਨਾਲ ਹੀ ਖਿਲਵਾੜ ਕੀਤਾ ਗਿਆ ਹੈ, ਬਲਕਿ ਸਿੱਖਾਂ ਦੀ ਆਤਮਾ ਵਿਚ ਵੱਸੇ ਸ੍ਰੀ ਦਰਬਾਰ ਸਾਹਿਬ ਦੀ ਰੂਹਾਨੀ ਆਭਾ ਨੂੰ ਵੀ ਖੰਡਤ ਕਰਨ ਦੀ ਵੀ ਕੋਝੀ ਹਰਕਤ ਕੀਤੀ ਗਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਦੇ ਇਸ ਜੀਵਨ ਦੇਣ ਵਾਲੇ ਪਾਵਨ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਇੰਟਰਨੈੱਟ ਉੱਤੇ ਸੈਂਕੜੇ ਤਸਵੀਰਾਂ ਮਿਲਣ ਦੇ ਬਾਵਜੂਦ ਵੀ ਕੰਪਿਊਟਰ ਦੁਆਰਾ ਛੇੜਛਾੜ ਕਰ ਕੇ ਇਸ ਨੂੰ ਵਿਗਾੜਨ ਦੀ ਹਰਕਤ ਬੇਹੱਦ ਦੁਖਦਾਈ ਹੈ, ਜਿਸ ਬਾਰੇ ਸਰਕਾਰ ਸਪੱਸ਼ਟ ਕਰੇ ਅਤੇ ਤੁਰੰਤ ਮੁਆਫ਼ੀ ਮੰਗੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਸ਼ਤਾਬਦੀਆਂ ਦੇ ਸਮਾਗਮ ਮਨਾਉਣੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹੀ ਜ਼ਿੰਮੇਵਾਰੀ ਹੈ, ਜਦਕਿ ਸਰਕਾਰ ਦਾ ਫ਼ਰਜ਼ ਗੁਰੂ ਸਾਹਿਬ ਨਾਲ ਸੰਬੰਧਿਤ ਸ਼ਹਿਰਾਂ ਦੇ ਵਿਕਾਸ ਕਾਰਜ ਕਰਨੇ, ਸੜਕੀ ਢਾਂਚਾ ਵਿਕਸਿਤ ਕਰਨਾ ਅਤੇ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਾਲ ਵਿਚਾਰ-ਵਟਾਂਦਰਾ ਕਰ ਕੇ ਢੁੱਕਵੀਆਂ ਯਾਦਗਾਰਾਂ ਸਥਾਪਿਤ ਕਰਨਾ ਹੈ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ, ਚੌਥਾ ਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਐਲਾਨਿਆ

ਸ੍ਰੀ ਅੰਮ੍ਰਿਤਸਰ, ੨੫ ਮਈ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਈ ਜਾਂਦੀ ਸਾਲਾਨਾ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ, ਚੌਥਾ ਅਤੇ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦਾ ਨਤੀਜਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਤੇ ਸਕੱਤਰ ਸ. ਪ੍ਰਤਾਪ ਸਿੰਘ ਵੱਲੋਂ ਜਾਰੀ ਕੀਤਾ ਗਿਆ। ਇਸ ਤੋਂ ਪਹਿਲਾਂ ਧਾਰਮਿਕ ਪ੍ਰੀਖਿਆ ਦੇ ਪਹਿਲੇ ਅਤੇ ਦੂਜੇ ਦਰਜੇ ਦਾ ਨਤੀਜਾ ਜਾਰੀ ਕੀਤਾ ਜਾ ਚੁੱਕਾ ਹੈ।

ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਫਰਵਰੀ ੨੦੨੫ ਵਿਚ ਤੀਜੇ ਅਤੇ ਚੌਥੇ ਦਰਜੇ ਦੀ ਲਈ ਗਈ ਧਾਰਮਿਕ ਪ੍ਰੀਖਿਆ ਵਿਚ ੫੬੯੬ ਵਿਦਿਆਰਥੀਆਂ ਨੇ ਭਾਗ ਲਿਆ ਸੀ, ਜਿਨ੍ਹਾਂ ਵਿੱਚੋਂ ੧੩੦ ਵਿਦਿਆਰਥੀਆਂ ਨੇ ਵਜ਼ੀਫ਼ਾ ਪ੍ਰਾਪਤ ਕੀਤਾ ਹੈ। ਮੈਰਿਟ ਵਿਚ ਆਏ ਇਨ੍ਹਾਂ ਪ੍ਰੀਖਿਆਰਥੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ੪ ਲੱਖ ੧੫ ਹਜ਼ਾਰ ਰੁਪਏ ਦੀ ਵਜੀਫਾ ਰਾਸ਼ੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਪਹਿਲੇ ਤਿੰਨ ਸਥਾਨਾਂ 'ਤੇ ਰਹਿਣ ਵਾਲੇ ਪ੍ਰੀਖਿਆਰਥੀਆਂ ਨੂੰ ਕ੍ਰਮਵਾਰ ੫੧੦੦, ੪੧੦੦ ਅਤੇ ੩੧੦੦ ਰੁਪਏ ਦੀ ਵਿਸ਼ੇਸ਼ ਇਨਾਮੀ ਰਾਸ਼ੀ ਦਿੱਤੀ ਜਾਵੇਗੀ ਅਤੇ ਪਾਸ ਹੋਣ ਵਾਲਿਆਂ ਨੂੰ ਮੈਡਲ ਤੇ ਪ੍ਰਮਾਣ-ਪੱਤਰ ਦੇ ਕੇ ਸਨਮਾਨਿਤ ਕੀਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਇਸ ਦੇ ਨਾਲ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਸੈਸ਼ਨ ੨੦੨੩-੨੫ ਦੇ ਦੂਜੇ ਸਾਲ ਅਤੇ ਸੈਸ਼ਨ ੨੦੨੪-੨੬ ਦੇ ਪਹਿਲੇ ਸਾਲ ਦਾ ਨਤੀਜਾ ਵੀ ਜਾਰੀ ਕੀਤਾ ਗਿਆ ਹੈ, ਜਿਸ ਵਿਚ ਮੈਰਿਟ 'ਚ ਆਏ ੩੦ ਵਿਦਿਆਰਥੀਆਂ ਨੂੰ ਵਜੀਫਾ ਰਾਸ਼ੀ ਦਿੱਤੀ ਜਾਵੇਗੀ।

ਸ. ਮੰਨਣ ਨੇ ਕਿਹਾ ਕਿ ਸਕੂਲਾਂ ਕਾਲਜਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਸਿੱਖ ਧਰਮ ਦੇ ਸਿਧਾਂਤਾਂ, ਗੁਰਬਾਣੀ, ਰਹਿਤ ਮਰਯਾਦਾ ਅਤੇ ਇਤਿਹਾਸ ਨਾਲ ਜੋੜਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਗਾਤਾਰ ਕਾਰਜਸ਼ੀਲ ਹੈ। ਇਸੇ ਤਹਿਤ ਹੀ ਧਾਰਮਿਕ ਪ੍ਰੀਖਿਆ ਕਰਵਾ ਕੇ ਲੱਖਾਂ ਰੁਪਏ ਦੀ ਵਜੀਫਾ ਰਾਸ਼ੀ ਹਰ ਸਾਲ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਪੱਤਰ-ਵਿਹਾਰ ਕੋਰਸ ਰਾਹੀਂ ਆਮ ਸ਼ਰਧਾਲੂਆਂ ਨੂੰ ਸਿੱਖ ਧਰਮ ਬਾਰੇ ਕੋਰਸ ਕਰਵਾਇਆ ਜਾਂਦਾ ਹੈ। ਉਨ੍ਹਾਂ ਸੰਗਤ ਅਤੇ ਸਿੱਖ ਨੌਜੁਆਨੀ ਨੂੰ ਅਪੀਲ ਕੀਤੀ ਕਿ ਇਨ੍ਹਾਂ ਧਾਰਮਿਕ ਪ੍ਰੀਖਿਆਵਾਂ ਵਿਚ ਵੱਧ ਤੋਂ ਵੱਧ ਦਾਖ਼ਲਾ ਲੈ ਕੇ ਸਿੱਖੀ ਬਾਰੇ ਜਾਣਕਾਰੀ ਹਾਸਲ ਕਰਨ, ਤਾਂ ਜੋ ਆਪਣੇ

ਇਤਿਹਾਸ ਅਤੇ ਕਦਰਾਂ-ਕੀਮਤਾਂ ਨਾਲ ਜੁੜਿਆ ਜਾ ਸਕੇ।

ਜ਼ਿਕਰਯੋਗ ਹੈ ਕਿ ਧਾਰਮਿਕ ਪ੍ਰੀਖਿਆ ਦੇ ਦਰਜਾ ਤੀਜਾ ਵਿਚ ਪਹਿਲਾ ਸਥਾਨ ਜਗਮੀਤ ਸਿੰਘ ਤੇ ਮਨਜੀਤ ਕੌਰ ਨੇ ਹਾਸਿਲ ਕੀਤਾ ਜਦਕਿ ਦੂਜਾ ਸਥਾਨ ਫਿਲਪਸ ਤੇ ਤੀਜਾ ਸਥਾਨ ਹਰਪਾਲ ਸਿੰਘ ਨੇ ਪ੍ਰਾਪਤ ਕੀਤਾ। ਇਸੇ ਤਰ੍ਹਾਂ ਦਰਜਾ ਚੌਥਾ ਦੀ ਪ੍ਰੀਖਿਆ ਵਿਚ ਪਹਿਲੇ ਸਥਾਨ 'ਤੇ ਸਰਬਜੀਤ ਕੌਰ ਦੂਜੇ 'ਤੇ ਮਨਦੀਪ ਕੌਰ ਤੇ ਅਮਨਦੀਪ ਕੌਰ ਅਤੇ ਤੀਜੇ ਸਥਾਨ 'ਤੇ ਸੁਭਪ੍ਰੀਤ ਕੌਰ ਤੇ ਰਮਨਦੀਪ ਕੌਰ ਰਹੇ। ਇਸ ਦੇ ਨਾਲ ਹੀ ਸਿੱਖ ਧਰਮ ਅਧਿਐਨ ਪੱਤਰ ਵਿਹਾਰ ਕੋਰਸ ਦੇ ਨਤੀਜਿਆਂ ਵਿਚ ਪਹਿਲਾ ਸਥਾਨ ਬਲਜਿੰਦਰ ਸਿੰਘ ਨੇ ਪ੍ਰਾਪਤ ਕੀਤਾ ਜਦਕਿ ਦੂਜੇ ਸਥਾਨ 'ਤੇ ਹਿੰਮਤ ਸਿੰਘ ਅਤੇ ਤੀਜੇ ਸਥਾਨ 'ਤੇ ਸ਼ਰਧਾ ਕੌਰ ਰਹੇ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਬਿਜੈ ਸਿੰਘ, ਇੰਚਾਰਜ ਡਾ. ਰਣਜੀਤ ਕੌਰ ਪੰਨਵਾਂ, ਸੁਪਰਵਾਈਜਰ ਸ. ਜਸਬੀਰ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਦਰਬਾਰ ਸਾਹਿਬ ਨਜ਼ਦੀਕ ਵਾਪਰੀ ਬੇਅਦਬੀ ਦੀ ਘਟਨਾ ਦਾ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਲਿਆ ਸਖ਼ਤ ਨੋਟਿਸ

ਸ੍ਰੀ ਅੰਮ੍ਰਿਤਸਰ, ੩ ਜੂਨ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਦਰਬਾਰ ਸਾਹਿਬ ਦੇ ਨਜ਼ਦੀਕ ਗੁਟਕਾ ਸਾਹਿਬ ਦੀ ਬੇਅਦਬੀ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਇਸ ਘਟਨਾ ਨੂੰ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਅਤੇ ਅਤਿ ਨਿੰਦਣਯੋਗ ਕਰਾਰ ਦਿੰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੋਸ਼ੀ ਵਿਅਕਤੀ ਵਿਰੁੱਧ ਸਖ਼ਤ ਤੋਂ ਸਖ਼ਤ ਕਾਰਵਾਈ ਅਤੇ ਮਿਸਾਲੀ ਸਜ਼ਾ ਦੀ ਮੰਗ ਕੀਤੀ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਬਾਣੀ ਸਿੱਖ ਕੌਮ ਦੀ ਅਧਿਆਤਮਿਕ ਸ਼ਕਤੀ ਦਾ ਸੋਮਾ ਹੈ। ਗੁਰਬਾਣੀ ਦੀ ਬੇਅਬਦੀ ਦੀਆਂ ਅਜਿਹੀਆਂ ਘਟਨਾਵਾਂ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਗਹਿਰੀ ਚੋਟ ਪਹੁੰਚਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਚਾਹੀਦਾ ਤਾਂ ਇਹ ਹੈ ਕਿ ਘਟਨਾ ਦੇ ਪਿੱਛੇ ਜੋ ਮੁੱਖ ਦੋਸ਼ੀ ਜਾਂ ਸਾਜ਼ਿਸ਼ਕਰਤਾ ਹਨ, ਉਨ੍ਹਾਂ ਨੂੰ ਵੀ ਸਾਹਮਣੇ ਲਿਆਂਦਾ ਜਾਵੇ, ਪ੍ਰੰਤੂ ਵਾਰ-ਵਾਰ ਬੇਅਦਬੀ ਦੀਆਂ ਘਟਨਾਵਾਂ ਤੋਂ ਬਾਅਦ ਸਰਕਾਰ ਵੱਲੋਂ ਦੋਸ਼ੀਆਂ ਨੂੰ ਮਾਨਸਿਕ ਰੋਗੀ ਕਹਿ ਦੇਣਾ ਵੀ ਇੱਕ ਵੱਡੀ ਸਾਜ਼ਿਸ਼ ਹੈ। ਉਨ੍ਹਾਂ ਪੁਲਿਸ ਪ੍ਰਸ਼ਾਸਨ ਨੂੰ ਜ਼ੋਰ ਦੇ ਕੇ ਕਿਹਾ ਕਿ ਇਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਸਾਰੇ ਸੰਭਾਵੀ ਪਹਿਲੂਆਂ ਨੂੰ ਧਿਆਨ ਵਿੱਚ ਰੱਖਦਿਆਂ ਸੱਚਾਈ ਸਾਹਮਣੇ ਲਿਆਂਦੀ ਜਾਵੇ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੂਨ ਮਹੀਨੇ ਦਾ ਪਹਿਲਾ ਹਫ਼ਤਾ ਸਿੱਖ ਕੌਮ ਲਈ ਇਤਿਹਾਸਿਕ ਅਤੇ ਭਾਵਨਾਤਮਕ ਤੌਰ 'ਤੇ ਅਤਿ ਸੰਵੇਦਨਸ਼ੀਲ ਹੁੰਦਾ ਹੈ, ਕਿਉਂਕਿ ਇਹ ਸਮਾਂ ਸ੍ਰੀ ਦਰਬਾਰ ਸਾਹਿਬ 'ਤੇ ੧੯੮੪ ਵਿਚ ਹੋਏ ਫੌਜੀ ਹਮਲੇ

ਦੀ ਯਾਦ ਨੂੰ ਤਾਜ਼ਾ ਕਰਦਾ ਹੈ। ਅਜਿਹੇ ਸਮੇਂ ਵਿਚ ਗੁਟਕਾ ਸਾਹਿਬ ਦੀ ਬੇਅਦਬੀ ਵਰਗੀ ਘਟਨਾ ਵਾਪਰਨਾ ਸਿੱਖ ਕੌਮ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰਦਾ ਹੈ ਅਤੇ ਸੰਗਤ ਵਿਚ ਰੋਹ ਅਤੇ ਰੋਸ ਦੀ ਭਾਵਨਾ ਨੂੰ ਵਧਾਉਂਦਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਇਹ ਵੀ ਕਿਹਾ ਕਿ ਸਰਕਾਰ ਦੋਸ਼ੀਆਂ ਲਈ ਮੌਤ ਦੀ ਸਜ਼ਾ ਦਾ ਪ੍ਰਬੰਧ ਕਰੇ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਭਵਿੱਖ ਵਿੱਚ ਰੋਕਿਆ ਜਾ ਸਕੇ।

## ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜੂਨ ੧੯੮੪ ਈ. ਦੇ ਸ਼ਹੀਦਾਂ ਦੀ ਯਾਦ ਵਿਚ ਸ਼ਹੀਦੀ ਸਮਾਗਮ ਆਯੋਜਿਤ

ਸ੍ਰੀ ਅੰਮ੍ਰਿਤਸਰ, ੬ ਜੂਨ- ਜੂਨ ੧੯੮੪ 'ਚ ਭਾਰਤ ਦੀ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਗਏ ਫ਼ੌਜੀ ਹਮਲੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਬਾਬਾ ਠਾਰਾ ਸਿੰਘ ਤੇ ਜਨਰਲ ਸ਼ੁਬੇਗ ਸਿੰਘ ਸਮੇਤ ਹੋਰ ਸ਼ਹੀਦਾਂ ਦੀ ਯਾਦ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ ਸ਼ਹੀਦੀ ਸਮਾਗਮ ਕਰਵਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਏ ਇਸ ਸਮਾਗਮ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ ੯੬ਵੇਂ ਕਰੋੜੀ, ਬਾਬਾ ਨਿਹਾਲ ਸਿੰਘ ਤਰਨਾ ਦਲ ਹਰੀਆਂ ਵੇਲਾਂ, ਦਲ ਬਾਬਾ ਬਿਧੀ ਚੰਦ ਸੰਪ੍ਰਦਾ ਦੇ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ, ਬਾਬਾ ਜੋਗਾ ਸਿੰਘ ਤਰਨਾ ਦਲ ਬਾਬਾ ਬਕਾਲਾ, ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਖਾਲਸਾ ਸਮੇਤ ਕਈ ਪੰਥਕ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੀਤੀ ਗਈ। ਸੰਗਤ ਨੂੰ ਪਾਵਨ ਹੁਕਮਨਾਮਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਸਰਵਣ ਕਰਵਾਇਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ, ਸ਼ਹੀਦ

ਭਾਈ ਅਮਰੀਕ ਸਿੰਘ ਦੀ ਸਪੁੱਤਰੀ ਬੀਬੀ ਸਤਵੰਤ ਕੌਰ, ਭਰਾ ਭਾਈ ਮਨਜੀਤ ਸਿੰਘ ਭੂਰਾਕੋਹਨਾ, ਸ਼ਹੀਦ ਭਾਈ ਨਛੱਤਰ ਸਿੰਘ ਭਲਵਾਨ ਦੇ ਸਪੁੱਤਰ ਭਾਈ ਭੁਪਿੰਦਰ ਸਿੰਘ ਭਲਵਾਨ, ਜਰਨਲ ਸ਼ੁਬੇਗ ਸਿੰਘ ਦੇ ਭਰਾ ਸ. ਬੇਅੰਤ ਸਿੰਘ ਸਮੇਤ ਸ਼ਹੀਦਾਂ ਦੇ ਕਈ ਪਰਵਾਰਕ ਮੈਂਬਰਾਂ ਨੂੰ ਗੁਰੂ ਬਖ਼ਸ਼ਿਸ਼ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ।

**ਜੂਨ ੧੯੮੪ ਦਾ ਘੱਲੂਆਰਾ ਭੁੱਲ ਨਹੀਂ ਸਕਦੀ ਸਿੱਖ ਕੌਮ - ਐਡਵੋਕੇਟ ਹਰਜਿੰਦਰ ਸਿੰਘ ਧਾਮੀ**

ਜੂਨ ੧੯੮੪ ਦੇ ਘੱਲੂਘਾਰੇ ਦੇ ਸਾਲਾਨਾ ਸਮਾਗਮ ਮੌਕੇ ਪੁੱਜੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕਾਂਗਰਸ ਹਕੂਮਤ ਵੱਲੋਂ ਸਿੱਖ ਕੌਮ 'ਤੇ ੧੯੮੪ ਦੇ ਜੂਨ ਮਹੀਨੇ ਵਿਚ ਕੀਤਾ ਗਿਆ ਜ਼ੁਲਮ ਕਦੇ ਨਹੀਂ ਭੁਲਾਇਆ ਜਾ ਸਕਦਾ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਦੋਂ ਤਕ ਦੁਨੀਆ ਰਹੇਗੀ ਕਾਂਗਰਸ ਵੱਲੋਂ ਸਿੱਖਾਂ 'ਤੇ ਵਰਤਾਇਆ ਕਹਿਰ ਯਾਦ ਕੀਤਾ ਜਾਂਦਾ ਰਹੇਗਾ। ਹਰ ਸਾਲ ਜੂਨ ਮਹੀਨੇ ਅੰਦਰ ਸਿੱਖ ਕੌਮ ਦੀਆਂ ਭਾਵਨਾਵਾਂ ਗਹਿਰੀ ਪੀੜਾ 'ਚੋਂ ਲੰਘਦੀਆਂ ਹਨ ਅਤੇ ਹਰ ਸੰਜੀਦਾ ਮਨੁੱਖ ਸਰਕਾਰ ਦੀ ਇਸ ਘਟੀਆ ਹਰਕਤ ਨੂੰ ਨਿੰਦਦਾ ਹੈ। ਉਨ੍ਹਾਂ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਕੌਮ ਦੇ ਜੁਝਾਰੂ ਨਾਇਕ ਕਰਾਰ ਦਿੰਦਿਆਂ ਕੌਮ ਦੀ ਚੜ੍ਹਦੀ ਕਲਾ ਵਾਸਤੇ ਕਾਮਨਾ ਕੀਤੀ।

ਉਨ੍ਹਾਂ ਕਿਹਾ ਕਿ ਜੂਨ ਦਾ ਇਹ ਹਫ਼ਤਾ ਸਰਕਾਰਾਂ ਵੱਲੋਂ ਸਿੱਖਾਂ ਨਾਲ ਕੀਤੀ ਬੇਗਾਨਗੀ ਦਾ ਅਹਿਸਾਸ ਕਰਵਾਉਂਦਾ ਹੈ। ਅੱਜ ਵੀ ਬਹੁਤ ਸਾਰੇ ਮਾਮਲੇ ਸਰਕਾਰਾਂ ਪਾਸ ਲੰਬਤ ਹਨ, ਜਿਨ੍ਹਾਂ ਪ੍ਰਤੀ ਸਰਕਾਰਾਂ ਦਾ ਰਵੱਈਆ ਨਾਕਾਰਾਤਮਿਕ ਹੀ ਰਿਹਾ ਹੈ। ਉਨ੍ਹਾਂ ਕਿਹਾ ਕਿ ੨੦੧੯ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਗੁਰਪੁਰਬ ਮੌਕੇ ਭਾਰਤ ਸਰਕਾਰ ਨੇ ਬੰਦੀ ਸਿੰਘਾਂ ਦੀ ਰਿਹਾਈ ਅਤੇ ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਐਲਾਨ ਕੀਤਾ ਸੀ, ਜਿਸ 'ਤੇ ਸਰਕਾਰ ਪੂਰਾ ਨਹੀਂ ਉਤਰੀ। ਉਨ੍ਹਾਂ ਕਿਹਾ ਕਿ ਅੱਜ ਵੀ ਸਿੱਖਾਂ ਦੀ ਤਾਕਤ ਨੂੰ ਖੇਰੂੰ-ਖੇਰੂੰ ਕਰਨ ਦੇ ਯਤਨ ਹੋ ਰਹੇ ਹਨ, ਇਸੇ ਤਹਿਤ ਸਿੱਖ ਸੰਸਥਾ ਤੋਂ ਹਰਿਆਣਾ ਗੁਰਦੁਆਰਾ ਕਮੇਟੀ ਨੂੰ ਅਲੱਗ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹਰਿਆਣਾ ਗੁਰਦੁਆਰਾ ਕਮੇਟੀ ਦੀ ਚੋਣ ਸਮੇਂ ਜਿਸ ਤਰ੍ਹਾਂ ਦਖ਼ਲਅੰਦਾਜ਼ੀ ਕੀਤੀ ਗਈ, ਉਹ ਸਭ ਦੇ ਸਾਹਮਣੇ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਸਿੱਖ ਮਸਲਿਆਂ ਦੇ ਹੱਲ ਲਈ ਕੌਮ ਨੂੰ ਇੱਕਜੁਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਸ਼ਹੀਦੀ ਸਮਾਗਮ ਵਿਚ ਪਹੁੰਚੇ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਨਿਹੰਗ ਸਿੰਘ ਦਲਾਂ, ਸਿੱਖ ਸੰਪ੍ਰਦਾਵਾਂ, ਸਿੱਖ ਜਥੇਬੰਦੀਆਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ।

# ਦਾਖ਼ਲਾ ਸੂਚਨਾ

## ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਆਫ਼ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ

ਬਹਾਦਰਗੜ੍ਹ (ਪਟਿਆਲਾ)

**ਗੁਰਮੁਖੀ ਟੀਚਿੰਗ ਟਰੇਨਿੰਗ ਲਈ 3 ਸਾਲਾ ਡਿਗਰੀ ਕੋਰਸ**

## ਬੈਚੁਲਰ ਆਫ਼ ਆਰਟਸ ਇਨ ਗੁਰਮੁਖੀ ਐਜੂਕੇਸ਼ਨ

## BACHELOR OF ARTS IN GURMUKHI EDUCATION

(ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ)

ਲੜਕੇ ਅਤੇ ਲੜਕੀਆਂ ਲਈ

### ਯੋਗਤਾਵਾਂ


- ਵਿੱਦਿਅਕ ਯੋਗਤਾ +2 (ਕੋਈ ਵੀ ਗਰੁੱਪ) ਹੋਵੇ ਅਤੇ ਗੁਰਸਿੱਖ ਹੋਣਾ ਚਾਹੀਦਾ ਹੈ।
- ਬਾਰ੍ਹਵੀਂ ਦੇ ਨਤੀਜੇ ਲਈ ਉਡੀਕਵਾਨ ਉਮੀਦਵਾਰ ਵੀ ਅਪਲਾਈ ਕਰ ਸਕਦੇ ਹਨ।
- ਉਮੀਦਵਾਰ ਦੀ ਉਮਰ ਦੀ ਹੱਦ ਵੱਧ ਤੋਂ ਵੱਧ 22 ਸਾਲ।
- ਕਿਸੇ ਵੀ ਵਿਸ਼ਾ-ਸਮੂਹ (Any stream) ਵਿਚ ਘੱਟੋ-ਘੱਟ 45% ਅੰਕਾਂ ਨਾਲ 10+2 ਪਾਸ ਹੋਵੇ।

### ਭਵਿੱਖ

- ਕੋਰਸ ਉਪਰੰਤ ਵਿਦਿਆਰਥੀ ਯੂਨੀਵਰਸਿਟੀ ਨਿਯਮਾਂ ਅਨੁਸਾਰ ਈ.ਟੀ.ਟੀ., ਬੀ.ਐੱਡ. ਅਤੇ ਧਰਮ, ਇਤਿਹਾਸ, ਪੰਜਾਬੀ, ਐਜੂਕੇਸ਼ਨ ਆਦਿ ਵਿਸ਼ਿਆਂ ਵਿਚ ਐਮ.ਏ. ਕਰ ਸਕਦੇ ਹਨ।
- ਸਰਕਾਰੀ ਅਤੇ ਗੈਰ-ਸਰਕਾਰੀ ਅਦਾਰਿਆਂ ਵਿਚ ਗਰੈਜੂਏਸ਼ਨ ਪੱਧਰ ਦੀਆਂ ਅਸਾਮੀਆਂ ਲਈ ਯੋਗ।
- ਸਿਖਿਆਰਥੀ, ਸਿੱਖ/ਪੰਜਾਬੀ ਵਿੱਦਿਅਕ ਅਦਾਰਿਆਂ, ਗੁਰਦੁਆਰਾ ਸਾਹਿਬਾਨ ਅਤੇ ਧਾਰਮਿਕ/ ਸਮਾਜ-ਸੇਵੀ ਸੰਸਥਾਵਾਂ ਵਿਚ ਗੁਰਮੁਖੀ ਅਧਿਆਪਕ ਵਜੋਂ ਸੇਵਾਵਾਂ ਨਿਭਾਉਣ ਦੇ ਯੋਗ ਹੋਣਗੇ।

### ਸਹੂਲਤਾਂ

- ਰਿਹਾਇਸ਼ ਲਈ ਫ਼ਰੀ ਹੋਸਟਲ ਤੋਂ ਇਲਾਵਾ ਹਰਿਆ-ਭਰਿਆ ਚੌਗਿਰਦਾ, ਸੁੰਦਰ ਪਾਰਕ, ਖੇਡਾਂ ਅਤੇ ਲਾਇਬ੍ਰੇਰੀ ਦੀ ਸਹੂਲਤ।
- ਉੱਚ ਯੋਗਤਾ ਵਾਲਾ ਸਟਾਫ਼, ਸਮਾਰਟ ਕਲਾਸ-ਰੂਮ ਅਤੇ ਕੰਪਿਊਟਰ ਲੈਬ ਦੀ ਸਹੂਲਤ।
- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਦਾਰਿਆਂ ਵਿਚ ਨੌਕਰੀ ਵਕਤ ਪਹਿਲ।
- ਧਰਮ ਪ੍ਰਚਾਰ ਕਮੇਟੀ ਵੱਲੋਂ ਖਾਣੇ (ਲੰਗਰ) ਆਦਿ ਦੇ ਖਰਚ ਲਈ 1500/- ਰੁਪਏ ਪ੍ਰਤੀ ਮਹੀਨਾ ਵਜ਼ੀਫਾ।



ਦਾਖਲੇ ਅਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :

**97810-10888, 90416-20861, 75270-56756**

E-mail: tohrainstitute@gmail.com

Visit us: www.sggswu.edu.in

1500/- ਰੁਪਏ ਪ੍ਰਤੀ ਮਹੀਨਾ ਵਜ਼ੀਫੇ ਦੀ ਸਹੂਲਤ



ਸਕੱਤਰ, ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ ।

ਹਰਜਿੰਦਰ ਸਿੰਘ ਐਡਵੋਕੇਟ
ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਸ੍ਰੀ ਅੰਮ੍ਰਿਤਸਰ।


Registered with Registrar of Newspaper at No. 354/57

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH July 2025

Dharam Parchar Committee, Shiromani Gurdwara Parbandhak Committee, Sri Amritsar Sahib

ਭਾਈ ਤਾਰੂ ਸਿੰਘ ਜੀ ਨੂੰ ਸ਼ਹੀਦ ਕੀਤੇ ਜਾਣ ਦਾ ਦ੍ਰਿਸ਼



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh
Date: 2-7-2025